ਜੇਠ
ਸੰਮਤ ਨਾਨਕਸ਼ਾਹੀ 550

ਮਈ 2018

2/- ਰੁਪਏ

ਮਾਸਿਕ

# ਗੁਰਦੁਆਰਾ ਗਜ਼ਟ



ਜੱਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਦੀ
ਤੀਜੀ ਜਨਮ ਸ਼ਤਾਬਦੀ ਨੂੰ ਸਮਰਪਤ
ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ (ਦਿੱਲੀ)
ਤਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।




ਸ਼੍ਰੋਮਣੀ ਕਮੇਟੀ ਵੱਲੋਂ ਸਰਹੱਦੀ ਖੇਤਰਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਮੈਡੀਕਲ ਵੈਨਾਂ ਰਵਾਨਾ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ,
ਅੰਤ੍ਰਿੰਗ ਮੈਂਬਰ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ, ਮੈਂਬਰ ਸ. ਰਜਿੰਦਰ ਸਿੰਘ ਮਹਿਤਾ, ਸ. ਗੁਰਪ੍ਰੀਤ ਸਿੰਘ ਝੱਬਰ,
ਸ. ਸੁਰਜੀਤ ਸਿੰਘ ਭਿੱਟੇਵਡ, ਸ. ਮੰਗਵਿੰਦਰ ਸਿੰਘ ਖਾਪੜਖੇੜੀ ਤੇ ਸ. ਅਜਾਇਬ ਸਿੰਘ ਅਭਿਆਸੀ,
ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ ਅਤੇ ਹੋਰ।

ੴ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ

ਮਾਸਿਕ ਪੱਤਰ

# ਗੁਰਦੁਆਰਾ ਗਜ਼ਟ

ਜੇਠ ਨਾਨਕਸ਼ਾਹੀ ਸੰਮਤ ੫੫੦
ਅੰਕ ੫ ਜਿਲਦ ੯੫
ਮਈ ੨੦੧੮

ਸੰਪਾਦਕ ਦਿਲਜੀਤ ਸਿੰਘ 'ਬੇਦੀ'

**ਸਹਾਇਤਾ**

| ਦੇਸ਼ | ਵਿਦੇਸ਼ |
|---|---|
| ਸਾਲਾਨਾ ੨੦/- | ਸਾਲਾਨਾ ੫੦੦/- |
| ਲਾਈਫ਼ ੨੦੦/- | (ਹਵਾਈ ਡਾਕ) |

***Website : www.sgpc.net***
***E-mail : gurdwaragazette@gmail.com***
***info@sgpc.net***

***Phone: 0183-255 3956-60, Ext. 254***

## ਜ਼ਰੂਰੀ ਬੇਨਤੀ

ਸੰਗਤਾਂ ਦੀ ਸਹੂਲਤ ਨੂੰ ਮੁੱਖ-ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪਾਂ ਦੀ ਸਾਂਭ-ਸੰਭਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ', ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ') ਵਿਖੇ ਕਰਨ ਦਾ ਫ਼ੈਸਲਾ ਕੀਤਾ ਹੈ। ਪਾਵਨ ਬਿਰਧ ਸਰੂਪ ਲੈ ਕੇ ਆਈਆਂ ਸੰਗਤਾਂ ਇਥੋਂ ਹੀ ਪਾਵਨ ਸਰੂਪ ਵੀ ਪ੍ਰਾਪਤ ਕਰ ਸਕਦੀਆਂ ਹਨ। ਸੋ ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਆਉਣ ਦੀ ਕ੍ਰਿਪਾਲਤਾ ਕਰਨ।

ਗੁਰੂ-ਪੰਥ ਦਾ ਦਾਸ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

---

ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਸੰਚਾਲਕ ਲੋਕ ਸੰਪਰਕ ਵਿਭਾਗ ਚੰਡੀਗੜ੍ਹ ਦੀ ਚਿੱਠੀ ਨੰ: ਲ. ਸ. ਵ. (ਲਾਇਬ)-੬੮/੧੦੨੫੮ ਮਿਤੀ ੨੦-੬-੬੭ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ **ਦਿਲਜੀਤ ਸਿੰਘ** ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

***ਪ੍ਰਤੀ ਕਾਪੀ 2/-ਰੁਪਏ***

## ਲੇਖ ਸੂਚੀ

| *ਲੇਖ* | *ਪੰਨਾ* |
|---|---|
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ | ੪ |
| ਇਤਿਹਾਸਕ ਦਿਹਾੜੇ | ੫ |
| ਗੁਰਬਾਣੀ ਵਿਚਾਰ | ੮ |
| ਸੰਪਾਦਕੀ | ੯ |
| ਗਹਿਰੀ ਸਾਜ਼ਿਸ਼ ਹੈ..... *-ਡਾ. ਬਰਜਿੰਦਰ ਸਿੰਘ ਹਮਦਰਦ* | ੧੧ |
| ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ *-ਡਾ. ਧਰਮ ਸਿੰਘ* | ੧੩ |
| ਸੁਲਤਾਨ-ਉੱਲ-ਕੌਮ *-ਪ੍ਰਿੰ. ਸਤਿਬੀਰ ਸਿੰਘ* | ੧੭ |
| ਛੋਟਾ ਘੱਲੂਘਾਰਾ *-ਡਾ. ਜਸਬੀਰ ਸਿੰਘ ਸਰਨਾ* | ੩੫ |
| ਕਾਰਵਾਈ ਬਜਟ ਇਜਲਾਸ | ੩੭ |
| ਸ਼੍ਰੋਮਣੀ ਕਮੇਟੀ ਖ਼ਬਰਨਾਮਾ | ੮੩ |
| ਧਰਮ ਪ੍ਰਚਾਰ ਸਰਗਰਮੀਆਂ | ੧੦੬ |

### English Section

| | |
|---|---|
| Historical Events | 110 |
| Sri Guru Gobind Singh Ji *- S. Surjit Singh 'Gandhi'* | 113 |

ੴ ਸਤਿਗੁਰ ਪ੍ਰਸਾਦਿ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਮਰਯਾਦਾ

## (ਮਹੀਨਾ ਜੇਠ)

| | |
|---|---|
| * ਕਿਵਾੜ ਖੁੱਲ੍ਹਣ ਦਾ ਸਮਾਂ | ੨-੦੦ ਵਜੇ ਅੰਮ੍ਰਿਤ ਵੇਲੇ |
| * ਕੀਰਤਨ ਆਰੰਭ | ੨-੦੦ ਵਜੇ ਅੰਮ੍ਰਿਤ ਵੇਲੇ |
| * ਆਸਾ ਦੀ ਵਾਰ ਦਾ ਕੀਰਤਨ ਆਰੰਭ | ੩-੦੦ ਵਜੇ ਸਵੇਰੇ |
| * ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ | ੪-੦੦ ਵਜੇ ਸਵੇਰੇ |
| * ਪਹਿਲਾ ਹੁਕਮਨਾਮਾ | ੪-੩੦ ਵਜੇ ਸਵੇਰੇ |
| * ਪਹਿਲੀ ਅਰਦਾਸ | ੫-੦੦ ਵਜੇ ਸਵੇਰੇ |
| * ਆਸਾ ਦੀ ਵਾਰ ਦੀ ਸਮਾਪਤੀ | ੬-੦੦ ਵਜੇ ਸਵੇਰੇ |
| * ਦੂਸਰੀ ਅਰਦਾਸ ਤੇ ਹੁਕਮਨਾਮਾ | ੬-੧੫ ਵਜੇ ਸਵੇਰੇ |
| * ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ। | |
| * ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ | ੧੦-੩੦ ਵਜੇ ਰਾਤ |
| * ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | ੧੦-੪੫ ਵਜੇ ਰਾਤ |
| * ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ | ੧੧-੦੦ ਵਜੇ ਰਾਤ |

* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।
* ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।
* ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।
* ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।

*ਪਾਠਕ/ਲੇਖਕ 'ਗੁਰਦੁਆਰਾ ਗਜ਼ਟ' ਲਈ ਰਚਨਾਵਾਂ, ਸਹਾਇਤਾ ਅਤੇ ਸੁਝਾਅ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :*

*ਸਕੱਤਰ,*
*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬*
*ਫੋਨ : ੦੦੯੧-੧੮੩-੨੫੫੩੯੫੭,੫੮,੫੯*

# ੧੬ ਮਈ ਤੋਂ ੧੫ ਜੂਨ ਵਿਚਲੇ ਇਤਿਹਾਸਕ ਦਿਹਾੜੇ

| | | |
|---|---|---|
| ੧੬ ਮਈ | (ੳ) | ਸਿੱਖਾਂ ਨੇ ਲਾਹੌਰ 'ਤੇ ਹਮਲਾ ਕੀਤਾ, ਅਹਿਮਦ ਸ਼ਾਹ ਦੁਰਾਨੀ ਦੇ ਸ਼ਾਹੀ ਅਹਿਲਕਾਰਾਂ ਨੇ ਸਿੱਖਾਂ ਨੂੰ ਮੁਲਤਾਨ ਵਾਲੇ ਪਾਸਿਓਂ ਆਉਣ ਵਾਲੇ ਸਾਮਾਨ ਤੇ ਮਾਲੀਆ ਇਕੱਠਾ ਕਰ ਲੈਣ ਦੀ ਪੇਸ਼ਕਸ਼ ਕੀਤੀ। ਸਿੱਖਾਂ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ। (੧੬-੫-੧੭੬੪) |
| | (ਅ) | ਅਕਾਲੀ ਦਲ ਨੇ ਮਤਾ ਪਾਸ ਕੀਤਾ ਕਿ ਸਿਰਫ ਅੰਮ੍ਰਿਤਧਾਰੀ ਸਿੱਖਾਂ ਨੂੰ ਗੁਰਦੁਆਰੇ ਵਿਚ ਸਰਵਿਸ ਦਿੱਤੀ ਜਾਏਗੀ। (੧੬-੫-੧੯੩੯) |
| | (ੲ) | ਬਰਤਾਨੀਆ ਦੇ ਕੈਬਨਿਟ ਮਿਸ਼ਨ ਨੇ ਆਪਣੀ ਰਿਪੋਰਟ ਜਾਰੀ ਕੀਤੀ ਅਤੇ ਪਾਕਿਸਤਾਨ ਦੀ ਮੰਗ ਮੰਨ ਲਈ। (੧੬-੫-੧੯੪੬) |
| ੧੭ ਮਈ | | ਸੰਤ ਹਰਚੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। (੧੭-੫-੧੯੮੧) |
| ੨੨ ਮਈ | | ਕਾਮਾਗਾਟਾ ਮਾਰੂ ਜਹਾਜ਼ ਦੇ ਯਾਤਰੀ ਵੈਨਕੂਵਰ (ਕੈਨੇਡਾ) ਪੁੱਜੇ। (੨੨-੫-੧੯੧੪) |
| ੨੩ ਮਈ | | ਸਾਹਿਬਜ਼ਾਦਾ ਅਜੀਤ ਸਿੰਘ ਨੇ ਨੂਹ ਦੇ ਰੰਘੜਾਂ ਨੂੰ ਸਬਕ ਸਿਖਾਉਣ ਲਈ ਸਿੱਖ ਫ਼ੌਜ ਦੀ ਅਗਵਾਈ ਕੀਤੀ। (੨੩-੫-੧੬੯੯) |
| ੨੫ ਮਈ | | ਭਾਈ ਕ੍ਰਿਪਾ ਰਾਮ ਦੱਤ ਦੀ ਅਗਵਾਈ ਵਿਚ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਵਫ਼ਦ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਇਆ ਤੇ ਬੇਨਤੀ ਕੀਤੀ ਕਿ ਮੁਗ਼ਲ ਬਾਦਸ਼ਾਹ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾ ਰਹੇ ਹਨ, ਸਾਡੀ ਮਦਦ ਕੀਤੀ ਜਾਵੇ। (੨੫-੫-੧੬੭੫) |
| ੨੬ ਮਈ | (ੳ) | ਸ੍ਰੀ ਗੁਰੂ ਅਰਜਨ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਕੈਦ ਕਰ ਦਿੱਤਾ ਗਿਆ ਅਤੇ ਤਿੰਨ ਦਿਨ ਅਸਹਿ ਤਸੀਹੇ ਦਿੱਤੇ ਗਏ। (੨੬-੫-੧੬੦੬) |
| | (ਅ) | ਸਿੱਖ ਅਖ਼ਬਾਰ 'ਅਕਾਲੀ' ਤੇ 'ਪ੍ਰਭਾਤ' ਸਰਕਾਰ ਵੱਲੋਂ ਬੰਦ ਕਰ ਦਿੱਤੇ ਗਏ ਅਤੇ ਇਸ ਦੇ ਸਾਰੇ ਮੁਲਾਜ਼ਮ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤੇ ਗਏ । (੨੬-੫-੧੯੬੦) |
| ੨੭ ਮਈ | | ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਪੁਲੀਸ ਨੇ ਬੇਵਜ੍ਹਾ ਅੰਨ੍ਹੇਵਾਹ ਫਾਇਰਿੰਗ ਕੀਤੀ। (੨੭-੫-੧੯੮੪) |
| ੨੯ ਮਈ | | ਮੁਗ਼ਲ ਬਾਦਸ਼ਾਹ ਨੇ ਸਿੱਖਾਂ ਤੋਂ ਦੂਣਾਂ ਜਜ਼ੀਆ ਵਸੂਲ ਕਰਨ ਦਾ ਹੁਕਮ ਦਿੱਤਾ। (੨੯-੫-੧੭੧੧) |

੧ ਜੂਨ (ੳ) ਮਹਾਰਾਜਾ ਰਣਜੀਤ ਸਿੰਘ ਨੂੰ 'ਕੋਹਿਨੂਰ ਹੀਰਾ' ਪ੍ਰਾਪਤ ਹੋਇਆ। (੧-੬-੧੮੧੩)

(ਅ) ਸਿੰਘਾਂ ਦਾ ਸਤਵਾਂ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਵੱਲ ਰਵਾਨਾ ਹੋਇਆ। (੧-੬-੧੯੨੪)

(ੲ) ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਤੇ ਹਿੰਦੀ ਵਿੱਦਿਆ ਦਾ ਮਾਧਿਅਮ ਬਣੀਆਂ। (੧-੬-੧੯੪੮)

(ਸ) ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਫਾਇਰਿੰਗ ਕੀਤੀ ਜਿਸ ਨਾਲ ੧੧ ਸਿੱਖ ਸ਼ਹੀਦ ਹੋ ਗਏ। (੧-੬-੧੯੮੪)

੨ ਜੂਨ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ 'ਤੇ ਕਬਜ਼ਾ ਕਰ ਲਿਆ। (੨-੬-੧੮੧੮)

੩ ਜੂਨ ਭਾਰਤੀ ਫੌਜ ਨੇ ਸਿੱਖਾਂ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਅਤੇ ਅਣ-ਐਲਾਨਿਆ ਕਰਫਿਊ ਲਾਗੂ ਕਰ ਦਿੱਤਾ। (੩-੬-੧੯੮੪)

੪ ਜੂਨ (ੳ) ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਤੇ ੧੨੦ ਹੋਰ ਗੁਰਦੁਆਰਿਆਂ 'ਤੇ ਹਮਲਾ ਕਰ ਦਿੱਤਾ ਜਿਸ ਕਾਰਨ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਅਕਾਲੀ ਲੀਡਰਸ਼ਿਪ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। (੪-੬-੧੯੮੪)

(ਅ) ਸੰਯੁਕਤ ਰਾਜ ਅਮਰੀਕਾ ਨੇ ਸਿੱਖਾਂ 'ਤੇ ਹੋ ਰਹੀਆਂ ਵਧੀਕੀਆਂ ਦੀ ਨਿੰਦਾ ਕੀਤੀ। (੪-੬-੧੯੮੭)

੫ ਜੂਨ ਭਾਰਤੀ ਫੌਜ ਨੇ ਸਿੱਖਾਂ ਨੂੰ ਸ਼ਹੀਦ ਕਰਨ ਲਈ ਹਮਲੇ ਜਾਰੀ ਰੱਖੇ। ਕਈ ਸਿੱਖਾਂ ਨੂੰ ਪਿੱਠ ਪਿੱਛੇ ਬਾਹਵਾਂ ਬੰਨ੍ਹ ਕੇ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਕਈਆਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਕਤਲ ਕਰ ਦਿੱਤਾ। (੫-੬-੧੯੮੪)

੬ ਜੂਨ (ੳ) ਭਾਰਤੀ ਫ਼ੌਜ ਨੇ ਸਿੱਖਾਂ ਦੇ ਗੁਰਦੁਆਰਿਆਂ, ਲਾਇਬ੍ਰੇਰੀਆਂ, ਅਜਾਇਬ ਘਰਾਂ 'ਤੇ ਕਬਜ਼ਾ ਕਰ ਲਿਆ ਤੇ ਪਿੱਛੋਂ ਕਈਆਂ ਨੂੰ ਅੱਗ ਲਗਾ ਦਿੱਤੀ। (੬-੬-੧੯੮੪)

(ਅ) ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਵੱਲੋਂ ਕੀਤੇ ਹਮਲੇ ਦੇ ਰੋਸ ਵਜੋਂ ਹਜ਼ਾਰਾਂ ਹੀ ਸਿੱਖਾਂ ਨੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਵੱਲ ਵਹੀਰਾਂ ਘੱਤ ਦਿੱਤੀਆਂ। ਇਨ੍ਹਾਂ ਵਿੱਚੋਂ ਭਾਰਤੀ ਫ਼ੌਜ ਨੇ ਭਾਰੀ ਗਿਣਤੀ 'ਚ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਵੱਡੀ ਗਿਣਤੀ ਵਿਚ ਬੱਚੇ ਤੇ ਇਸਤਰੀਆਂ ਗ੍ਰਿਫਤਾਰ ਕਰ ਲਏ ਗਏ। (੬-੬-੧੯੮੪)

੭ ਜੂਨ ਭਾਰਤੀ ਫ਼ੌਜ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੇ ਰੋਸ ਵਜੋਂ ਸਿੱਖ ਫ਼ੌਜੀਆਂ ਨੇ ਬਗ਼ਾਵਤ ਕਰ ਦਿੱਤੀ ਤੇ ਅੰਮ੍ਰਿਤਸਰ ਵੱਲ ਚਾਲੇ ਪਾ ਦਿੱਤੇ। ਰਸਤੇ ਵਿਚ ਕਈ ਸ਼ਹੀਦ ਹੋ ਗਏ ਅਤੇ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ। (੭-੬-੧੯੮੪)

੯ ਜੂਨ (ੳ) ਬਾਬਾ ਬੰਦਾ ਸਿੰਘ ਬਹਾਦਰ ਦੇ ਸਪੁੱਤਰ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਕੀਤਾ ਅਤੇ ਉਸ ਦਾ ਦਿਲ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾਇਆ ਗਿਆ। ਇਸੇ ਹੀ ਦਿਨ ਹੋਰ ਕਈ ਸਿੱਖਾਂ ਨੂੰ ਵੀ ਸ਼ਹੀਦ ਕੀਤਾ ਗਿਆ। (੯-੬-੧੭੧੬)

| | | |
|---|---|---|
| | (ਅ) | ਪਿੰਡ ਵਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਭਾਈ ਤਾਰਾ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। (੯-੬-੧੭੨੬) |
| ੧੦ ਜੂਨ | (ੳ) | ਸਿੰਘਾਂ ਦਾ ਅਠਵਾਂ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਵੱਲ ਰਵਾਨਾ ਹੋਇਆ। (੧੦-੬-੧੯੨੪) |
| | (ਅ) | ਸਿੱਖਾਂ ਨੇ ਲੰਡਨ, ਨਿਊਯਾਰਕ ਤੇ ਦੁਨੀਆਂ ਦੇ ਵੱਡੇ ਦੇਸ਼ਾਂ ਦੀਆਂ ਰਾਜਧਾਨੀਆਂ ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੇ ਰੋਸ ਵਜੋਂ ਵੱਡੇ-ਵੱਡੇ ਜਲੂਸ ਕੱਢੇ। (੧੦-੬-੧੯੮੪) |
| ੧੧ ਜੂਨ | | ਭਾਰਤੀ ਫ਼ੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਪਰ ਕੀਤੇ ਹਮਲੇ ਦੇ ਰੋਸ ਵਜੋਂ ਰਾਮਗੜ੍ਹ ਫ਼ੌਜੀ ਛਾਉਣੀ ਵਿਚ ਸਿੱਖ ਫ਼ੌਜੀਆਂ ਨੇ ਬੈਰਕਾਂ ਛੱਡ ਦਿੱਤੀਆਂ ਤੇ ਅੰਮ੍ਰਿਤਸਰ ਨੂੰ ਮਾਰਚ ਕਰ ਦਿੱਤਾ। (੧੧-੬-੧੯੮੪) |
| ੧੨ ਜੂਨ | (ੳ) | ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਝੰਡਾ ਸਿੰਘ ਨੇ 'ਖਾਲਸਾ' ਅਖ਼ਬਾਰ ਸ਼ੁਰੂ ਕੀਤਾ। (੧੨-੬-੧੮੮੦) |
| | (ਅ) | ਦਿੱਲੀ ਵਿਚ ਸਿੱਖਾਂ ਦੇ ਪੁਰ-ਅਮਨ ਜਲੂਸ 'ਤੇ ਦਿੱਲੀ ਪੁਲਿਸ ਨੇ ਫਾਇਰਿੰਗ ਕੀਤੀ, ਜਿਸ ਨਾਲ ਸ. ਹਰਬੰਸ ਸਿੰਘ ਤੇ ਤਿੰਨ ਹੋਰ ਸਿੰਘ ਮਾਰੇ ਗਏ ਅਤੇ ਕਈ ਸਿੰਘ ਜ਼ਖ਼ਮੀ ਹੋ ਗਏ। (੧੨-੬-੧੯੬੦) |
| ੧੩ ਜੂਨ | | ਮਾਸਟਰ ਤਾਰਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ। (੧੩-੬-੧੯੩੬) |
| ੧੪ ਜੂਨ | | ਡਾਕਟਰ ਗੰਡਾ ਸਿੰਘ ਨੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੇ ਰੋਸ ਵਜੋਂ 'ਪਦਮ ਸ੍ਰੀ' ਵਾਪਸ ਕਰ ਦਿੱਤਾ। (੧੪-੬-੧੯੮੪) |

## ਪਾਠਕਾਂ ਦੇ ਧਿਆਨ ਯੋਗ

**ਆਪ ਜੀ ਦਾ ਹਰਮਨ ਪਿਆਰਾ ਮਾਸਿਕ ਪਰਚਾ 'ਗੁਰਦੁਆਰਾ ਗਜ਼ਟ' ਨਿਰੰਤਰ ਆਪ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਵਧੀਆ ਕਾਗਜ਼ ਤੇ ਰੰਗਦਾਰ ਛਪਾਈ ਕਾਰਨ ਇਸ 'ਤੇ ਕਾਫ਼ੀ ਖ਼ਰਚ ਆਉਂਦਾ ਹੈ। ਇਹ ਸਭ ਆਪ ਜੀ ਵੱਲੋਂ ਭੇਜੀ ਜਾਣ ਵਾਲੀ ਯਥਾ-ਸ਼ਕਤਿ ਮਾਇਆ ਨਾਲ ਹੀ ਸੰਭਵ ਹੈ। ਜਿਨ੍ਹਾਂ ਪਾਠਕਾਂ ਦੀ ਸਾਲਾਨਾ ਸਹਾਇਤਾ (ਮਾਇਆ) ਸਮਾਪਤ ਹੋ ਚੁੱਕੀ ਹੈ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਹਾਇਤਾ ਭੇਜਣ/ਜਮ੍ਹਾਂ ਕਰਾਉਣ ਦੀ ਖੇਚਲ ਕਰਨ।**

***ਸਹਾਇਤਾ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਤੇ 'ਪੁਰ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਫ਼ਤਰ ਵਿਖੇ ਖਜ਼ਾਨਚੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗੁਰਮਤਿ ਲਿਟਰੇਚਰ ਹਾਊਸ 'ਤੇ ਨਕਦ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ।**

**-ਸੰਪਾਦਕ**

<u>ਗੁਰਬਾਣੀ ਵਿਚਾਰ</u>:

# ਹਰਿ ਜੇਠਿ ਜੁੜੰਦਾ ਲੋੜੀਐ...

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥

*(ਪੰਨਾ ੧੩੩)*

ਜਿਸ ਹਰੀ ਦੇ ਅੱਗੇ ਸਾਰੇ ਜੀਵ ਸਿਰ ਨਿਵਾਉਂਦੇ ਹਨ, ਜੇਠ ਦੇ ਮਹੀਨੇ ਵਿਚ ਉਸ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ। ਜੇ ਹਰੀ ਸੱਜਣ ਦੇ ਲੜ ਲੱਗੇ ਰਹੀਏ ਤਾਂ ਉਹ ਕਿਸੇ (ਜਮ ਆਦਿਕ) ਨੂੰ ਆਗਿਆ ਨਹੀਂ ਦਿੰਦਾ ਕਿ ਬੰਨ੍ਹ ਕੇ ਅੱਗੇ ਲਾ ਲਏ (ਭਾਵ, ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਨਹੀਂ ਰਹਿ ਜਾਂਦਾ)। ਲੋਕ ਹੀਰੇ, ਮੋਤੀ ਤੇ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ-ਭੱਜ ਕਰਦੇ ਹਨ, ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਤੌਖ਼ਲਾ ਰਹਿੰਦਾ ਹੈ। ਪਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਵਾਂਗ ਐਸਾ ਕੀਮਤੀ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ। ਪਰਮਾਤਮਾ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, (ਨਾਮ-ਧਨ ਦੀ ਬਰਕਤਿ ਨਾਲ) ਉਹ ਸਾਰੇ ਮਨ ਵਿਚ ਪਿਆਰੇ ਲੱਗਦੇ ਹਨ। (ਇਹ ਭੀ ਸਮਝ ਆ ਜਾਂਦੀ ਹੈ ਕਿ) ਪ੍ਰਭੂ ਆਪ ਤੇ ਉਸ ਦੇ ਪੈਦਾ ਕੀਤੇ ਜੀਵ ਉਹੀ ਕੁਝ ਕਰਦੇ ਹਨ, ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ।

ਜਿਨ੍ਹਾਂ ਬੰਦਿਆਂ ਨੂੰ ਪਰਮਾਤਮਾ ਨੇ (ਆਪਣੀ ਸਿਫ਼ਤਿ-ਸਾਲਾਹ ਦੀ ਦਾਤਿ ਦੇ ਕੇ) ਆਪਣਾ ਬਣਾ ਲਿਆ ਹੈ, ਉਨ੍ਹਾਂ ਨੂੰ ਹੀ (ਜਗਤ ਵਿਚ) ਸ਼ਾਬਾਸ਼ ਮਿਲਦੀ ਹੈ। (ਪਰ ਪਰਮਾਤਮਾ ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ) ਜੇ ਜੀਵਾਂ ਦੇ ਆਪਣੇ ਉੱਦਮ ਨਾਲ ਮਿਲ ਸਕਦਾ ਹੋਵੇ, ਤਾਂ ਜੀਵ ਉਸ ਤੋਂ ਵਿਛੁੜ ਕੇ ਦੁਖੀ ਕਿਉਂ ਹੋਣ? ਹੇ ਨਾਨਕ! (ਪ੍ਰਭੂ ਦੇ ਮਿਲਾਪ ਦੇ) ਆਨੰਦ (ਉਹੀ ਬੰਦੇ) ਮਾਣਦੇ ਹਨ, ਜਿਨ੍ਹਾਂ ਨੂੰ ਗੁਰੂ ਦਾ ਸਾਥ ਮਿਲ ਜਾਏ । ਜਿਸ ਮਨੁੱਖ ਦੇ ਮੱਥੇ ਉੱਤੇ ਭਾਗ ਜਾਗੇ, ਉਸ ਨੂੰ ਜੇਠ ਮਹੀਨਾ ਸੁਹਾਵਣਾ ਲੱਗਦਾ ਹੈ, ਉਸੇ ਨੂੰ ਪ੍ਰਭੂ-ਮਾਲਕ ਮਿਲਦਾ ਹੈ॥੪॥

*ਸੰਪਾਦਕੀ...*

# ਸਮੁੱਚੇ ਦੇਸ਼ ਲਈ ਘਾਤਕ ਹੈ ਸਿੱਖ ਇਤਿਹਾਸ ਨੂੰ ਖ਼ਤਮ ਕਰਨ ਦੀ ਸਾਜ਼ਿਸ਼

ਇਤਿਹਾਸ ਕਿਸੇ ਵੀ ਕੌਮ ਦਾ ਲਾਸਾਨੀ ਖਜਾਨਾ ਹੁੰਦਾ ਹੈ। ਇਹ ਕੌਮਾਂ ਵਾਸਤੇ ਇਸ ਲਈ ਵੀ ਮਹੱਤਵਪੂਰਨ ਹੁੰਦਾ ਹੈ ਕਿ ਇਸ ਤੋਂ ਕੌਮ, ਨਸਲ, ਦੇਸ਼ ਅਤੇ ਭੂਗੋਲਿਕ ਖਿੱਤੇ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣਕਾਰੀ ਮਿਲਦੀ ਹੈ। ਕੌਮਾਂ ਦੇ ਗੌਰਵਮਈ ਇਤਿਹਾਸ ਦੀ ਰੌਸ਼ਨੀ ਵਿਚ ਹੀ ਭਵਿੱਖ ਮੁਖੀ ਰਾਹਾਂ ਦੀ ਤਲਾਸ਼ ਕੀਤੀ ਜਾਂਦੀ ਹੈ। ਜੋ ਕੌਮਾਂ ਆਪਣੇ ਇਤਿਹਾਸ ਨੂੰ ਵਿਸਾਰ ਦਿੰਦੀਆਂ ਹਨ ਉਨ੍ਹਾਂ ਦਾ ਵਜੂਦ ਕਾਇਮ ਰਹਿਣਾ ਮੁਸ਼ਕਲ ਹੋ ਜਾਂਦਾ ਹੈ।

ਸਿੱਖ ਗੁਰੂ ਸਾਹਿਬਾਨ ਅਤੇ ਖ਼ਾਲਸਾ ਪੰਥ ਦਾ ਇਤਿਹਾਸ ਭਾਰਤੀ ਇਤਿਹਾਸ ਦਾ ਅਜਿਹਾ ਸੁਨਹਿਰੀ ਅਧਿਆਇ ਹੈ ਜਿਸ ਤੋਂ ਬਿਨਾਂ ਭਾਰਤੀ ਇਤਿਹਾਸ ਮੁਕੰਮਲ ਨਹੀਂ ਮੰਨਿਆ ਜਾ ਸਕਦਾ। ਗੁਰੂ ਸਾਹਿਬਾਨ ਤੇ ਉਸ ਤੋਂ ਪਿੱਛੋਂ ਦੇ ਇਤਿਹਾਸ 'ਤੇ ਝਾਤੀ ਮਾਰਦਿਆਂ ਭਾਰਤੀ ਇਤਿਹਾਸ ਅੰਦਰ ਗੁਰੂ ਸਾਹਿਬਾਨ ਵੱਲੋਂ ਸਿਰਜੇ ਰਾਹਾਂ ਦੀ ਝਲਕ ਸਾਫ ਦਿਖਾਈ ਦਿੰਦੀ ਹੈ। ਸਿੱਖ ਇਤਿਹਾਸ ਦੇ ਸੂਰਬੀਰ ਬਾਹਰੀ ਹਮਲਾਵਰਾਂ ਦਾ ਰਾਹ ਹੀ ਨਹੀਂ ਰੋਕਦੇ ਸਗੋਂ ਅਜਿਹਾ ਰਾਜ ਵੀ ਪੈਦਾ ਕਰਦੇ ਹਨ ਜਿਸ ਦੀ ਧਾਕ ਸੰਸਾਰ ਅੰਦਰ ਸੁਣਾਈ ਦਿੰਦੀ ਹੈ। ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹ ਭਾਰਤੀ ਲੋਕਾਂ ਨੂੰ ਅਜ਼ਾਦ ਫਿਜ਼ਾ ਵਿਚ ਸਾਹ ਲੈਣ ਜੋਗਾ ਕਰਨ ਵਾਲੇ ਵੀ ਇਸ ਇਤਿਹਾਸ ਦੀ ਪੈਦਾਵਾਰ ਨੇ। ਪਰ ਅੱਜ ਵੱਡੇ ਅਫਸੋਸ ਦੀ ਗੱਲ ਹੈ ਕਿ ਭਾਰਤੀਆਂ ਨੂੰ ਤਾਂ ਕੀ ਸਗੋਂ ਪੰਜਾਬ ਦੇ ਜਾਇਆਂ ਨੂੰ ਉਨ੍ਹਾਂ ਦੇ ਮੂਲ ਤੋਂ ਤੋੜਣ ਲਈ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ।

ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਬੋਰਡਾਂ ਦੀਆਂ ਪਾਠ ਪੁਸਤਕਾਂ ਵਿਚ ਦਰਜ ਸਿੱਖ ਇਤਿਹਾਸ ਨੂੰ ਗਲਤ ਢੰਗ ਨਾਲ ਪੇਸ਼ ਕਰਨ ਜਾਂ ਪਹਿਲਾਂ ਦੇ ਮੁਕਾਬਲੇ ਘਟ ਕਰਨ ਸਬੰਧੀ ਵਿਵਾਦ ਸਾਹਮਣੇ ਆ ਰਹੇ ਹਨ। ਤਾਜਾ ਘਟਨਾਕ੍ਰਮ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਿਆਰ ਕੀਤੀ ਗਈ, ਬਾਰਵੀਂ ਕਲਾਸ ਦੇ 'ਇਤਿਹਾਸ' ਵਿਸ਼ੇ ਦੀ ਪੁਸਤਕ ਦੇ ਪਾਠਕ੍ਰਮ ਸੰਬੰਧੀ ਪੈਦਾ ਹੋਏ ਵਿਵਾਦ ਦਾ ਹੈ।

ਕਿਸੇ ਵੀ ਖਿੱਤੇ ਜਾਂ ਸੂਬੇ ਦਾ ਇਤਿਹਾਸ ਸੰਬੰਧਿਤ ਲੋਕਾਂ ਲਈ ਸਿਰਫ ਜਾਣਕਾਰੀ ਹੀ ਨਹੀਂ ਹੁੰਦਾ ਸਗੋਂ ਪ੍ਰੇਰਨਾਤਮਕ ਸਰੋਤ ਵੀ ਹੁੰਦਾ ਹੈ। ਸਿੱਖ ਇਤਿਹਾਸ ਦੇ ਸੰਬੰਧ ਵਿਚ ਤਾਂ ਇਸ ਸੰਬੰਧੀ ਕੋਈ ਸ਼ਕ ਰਹਿ ਹੀ ਨਹੀਂ ਜਾਂਦਾ, ਕਿਉਂਕਿ ਸਿੱਖ ਇਤਿਹਾਸ ਦੀਆਂ ਪ੍ਰੇਰਨਾਮਈ ਰੂਹਾਨੀ ਸ਼ਖਸੀਅਤਾਂ ਦੀ ਕਮਾਈ ਤੇ ਸ਼ਹਾਦਤਾਂ ਨੂੰ ਯਾਦ ਕਰਦਿਆਂ ਰੋਜ਼ਾਨਾ ਗੁਰਦੁਆਰਿਆਂ ਵਿਚ 'ਅਰਦਾਸ' ਵਿਚ ਸਵੇਰੇ-ਸ਼ਾਮ ਧਿਆਨ ਧਰ ਕੇ ਵਾਹਿਗੁਰੂ ਨੂੰ ਸਿਮਰਿਆ ਜਾਂਦਾ ਹੈ। ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਨਵੀਂ ਪੇਸ਼ ਕੀਤੀ ਗਈ ਬਾਰਵੀਂ ਕਲਾਸ ਦੀ ਕਿਤਾਬ ਸੰਬੰਧੀ ਜੋ ਇਤਰਾਜ਼ ਲਗਾਏ ਜਾ ਰਹੇ ਹਨ ਉਨ੍ਹਾਂ ਵਿਚ ਪਹਿਲਾਂ ਸਿੱਖ

ਇਤਿਹਾਸ ਦਾ ਵੱਡਾ ਹਿੱਸਾ ਕਿਤਾਬ ਵਿਚੋਂ ਕੱਢ ਦੇਣਾ ਅਤੇ ਦੂਜਾ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨਾ ਹੈ। ਪੁਸਤਕ ਦੇ ਪਾਠ-ਵਿਸ਼ਲੇਸ਼ਣ ਤੋਂ ਉਕਤ ਦੋਵੇਂ ਇਤਰਾਜ਼ ਸਹੀ ਸਿੱਧ ਹੁੰਦੇ ਹਨ। ਬਾਰਵੀਂ ਜਮਾਤ ਦੇ ਬੱਚਿਆਂ ਨੂੰ ਗੁਰ-ਇਤਿਹਾਸ ਪੜ੍ਹਾਇਆ ਜਾਣਾ ਇਸ ਲਈ ਵੀ ਜਰੂਰੀ ਹੈ ਕਿ ਉਮਰ ਦੇ ਇਸ ਪੜਾਉ 'ਤੇ ਬੱਚੇ ਬਚਪਨ ਦੀਆਂ ਕ੍ਰਿਸ਼ਮਈ ਸੋਚਾਂ ਵਿਚੋਂ ਨਿਕਲ ਕੇ ਯਥਾਰਥ ਦੇ ਧਾਰਨੀ ਹੋਣ ਲਗਦੇ ਹਨ। ਇਸ ਮੌਕੇ ਉਨ੍ਹਾਂ ਨੂੰ ਆਪਣੇ ਵਿਰਸੇ ਦੀ ਜਾਣਕਾਰੀ ਦੇਣੀ ਅਤੀ ਜਰੂਰੀ ਹੈ।

ਪਰ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਬਾਰਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਵਿਚੋਂ ਸਿੱਖ ਇਤਿਹਾਸ ਦਾ ਵੱਡਾ ਹਿੱਸਾ ਕੱਢ ਕੇ ਇਸ ਨੂੰ ਘਟਾਉਣ ਦਾ ਜਤਨ ਅਤੀ ਨਿੰਦਣਯੋਗ ਹੈ। ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸਮੁੱਚੀਆਂ ਪੰਥਕ ਧਿਰਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਇਸ ਫੈਸਲੇ ਖਿਲਾਫ ਸਖ਼ਤ ਰੁਖ ਅਪਣਾਉਂਦਿਆਂ ਪੰਥਕ ਲਾਮਬੰਦੀ ਦੀ ਸ਼ੁਰੂਆਤ ਕੀਤੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰ, ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੈਂਬਰ ਸਾਹਿਬਾਨ ਦੀ ਇਕੱਤਰਤਾ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਬੁਲਾਈ ਗਈ ਜਿਸ ਵਿਚ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ ਗਈ ਕਿ ਜੇਕਰ ਉਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਦੇ ਇਤਿਹਾਸ ਦੇ ਸਿਲੇਬਸ ਲਈ ਤਿਆਰ ਕੀਤੀ ਪੁਸਤਕ ਨੂੰ ੧੦ ਦਿਨਾਂ ਦੇ ਅੰਦਰ-ਅੰਦਰ ਵਾਪਸ ਨਾ ਲਿਆ ਤਾਂ ਸ਼੍ਰੋਮਣੀ ਕਮੇਟੀ ੧੯ ਮਈ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਸਮੂਹ ਪੰਥਕ ਜਥੇਬੰਦੀਆਂ ਦਾ ਵਿਸ਼ਾਲ ਇਕੱਠ ਬੁਲਾ ਕੇ ਸਖ਼ਤ ਫੈਸਲਾ ਲਵੇਗੀ। ਇਸ ਮੌਕੇ ਇਕ ਮਤਾ ਪਾਸ ਕਰਕੇ ਕਾਂਗਰਸ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਸਖ਼ਤ ਅਲੋਚਣਾ ਕਰਦਿਆਂ ਸਮੂਹ ਸੰਸਾਰ ਦੇ ਸਿੱਖਾਂ, ਬੁੱਧੀਜੀਵੀਆਂ, ਲੇਖਕਾਂ, ਪੰਥ ਹਿਤੈਸ਼ੀਆਂ, ਧਾਰਮਿਕ ਸਮਾਜਿਕ ਆਗੂਆਂ, ਕੌਮੀ ਦਰਦੀਆਂ ਨੂੰ ਅਪੀਲ ਕੀਤੀ ਗਈ ਕਿ ਆਪਸੀ ਦੂਸ਼ਣਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ ਅਤੇ ਸਿੱਖ ਸਿਧਾਂਤਾਂ, ਪ੍ਰੰਪਰਾਵਾਂ ਤੇ ਸਿੱਖ ਮਰਯਾਦਾ ਦੀ ਪ੍ਰਮਾਣਿਕਤਾ ਨੂੰ ਚਨੌਤੀ ਦੇਣ ਵਾਲੇ ਵਿਅਕਤੀ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਕੌਮ ਦੀ ਚੜ੍ਹਦੀ ਕਲਾ ਲਈ ਉਸਾਰੂ ਪਹੁੰਚ ਅਪਨਾਉਣ।

ਸਿੱਖ ਪੰਥ ਦੇ ਰੋਹ ਦਾ ਅਸਰ ਹੋਇਆ। ਪੰਜਾਬ ਸਰਕਾਰ ਆਪਣੇ ਫੈਸਲੇ ਤੋਂ ਪਿੱਛੇ ਹਟੀ ਅਤੇ ਇਤਿਹਾਸ ਦੀ ਇਸ ਵਿਵਾਦਤ ਪੁਸਤਕ ਨੂੰ ਸਿਲੇਬਸ ਵਿਚੋਂ ਹਟਾਉਣ ਦਾ ਫੈਸਲਾ ਕੀਤਾ। ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਹੈ। ਪਰ ਇਸ ਦੇ ਨਾਲ ਅਜਿਹੀ ਨੀਤੀ ਬਨਾਉਣ ਦੀ ਲੋੜ ਹੈ ਜਿਸ ਨਾਲ ਅਜਿਹੇ ਵਿਵਾਦ ਪੈਦਾ ਨਾ ਹੋਣ। ਪੰਜਾਬ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਿੱਖ ਇਤਿਹਾਸ ਨੂੰ ਪੰਜਾਬ ਦੇ ਨਕਸ਼ੇ ਤੋਂ ਮਨਫੀ ਹੋਣ ਨਾਲ ਸਿੱਖ ਕੌਮ ਹੀ ਨਹੀਂ ਸਗੋਂ ਸਮੁੱਚੀ ਪੰਜਾਬੀਅਤ ਨੂੰ ਵੀ ਖ਼ਤਰਾ ਪੈਦਾ ਹੋ ਜਾਵੇਗਾ। ਜਿਸ ਦਾ ਨੁਕਸਾਨ ਆਉਣ ਵਾਲੀਆਂ ਪੀੜ੍ਹੀਆਂ ਭੁਗਤਣਗੀਆਂ।

*-ਦਿਲਜੀਤ ਸਿੰਘ 'ਬੇਦੀ'*

# ਗਹਿਰੀ ਸਾਜ਼ਿਸ਼ ਹੈ ਗੌਰਵਮਈ ਇਤਿਹਾਸ 'ਤੇ ਲੀਕ ਫੇਰਨਾ

*-ਡਾ. ਬਰਜਿੰਦਰ ਸਿੰਘ ਹਮਦਰਦ*

ਪੰਜਾਬ ਦਾ ਇਤਿਹਾਸ ਗੌਰਵਮਈ, ਸ਼ਾਨਾਮੱਤਾ, ਸੰਘਰਸ਼ਸ਼ੀਲ ਅਤੇ ਸ਼ਹੀਦੀਆਂ ਨਾਲ ਭਰਪੂਰ ਰਿਹਾ ਹੈ। ੩੨੫ ਈਸਾ ਪੂਰਬ ਜਦੋਂ ਯੂਨਾਨ ਦੀ ਮਕਦੂਨੀਆਂ ਰਿਆਸਤ ਦਾ ਬਾਦਸ਼ਾਹ ਸਿਕੰਦਰ ਦੁਨੀਆਂ ਜਿੱਤਣ ਲਈ ਆਪਣੇ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੌਰਾਨ ਪੰਜਾਬ ਵਿਚ ਦਾਖ਼ਲ ਹੋਇਆ ਤਾਂ ਰਾਜਾ ਪੋਰਸ ਨਾਲ ਉਸ ਦੀ ਸਖ਼ਤ ਟੱਕਰ ਹੋਈ। ਪਰ ਇਸ ਜੰਗ ਵਿਚ ਇਸ ਖਿੱਤੇ ਦੇ ਲੋਕਾਂ ਵੱਲੋਂ ਵਿਖਾਈ ਗਈ ਬਹਾਦਰੀ ਕਾਰਨ ਸਿਕੰਦਰ ਦੀ ਫ਼ੌਜ ਦਾ ਭਾਰਤ ਵਿਚ ਹੋਰ ਅੱਗੇ ਵਧਣ ਦਾ ਹੌਸਲਾ ਨਹੀਂ ਸੀ ਪਿਆ ਅਤੇ ਉਹ ਪਿਛਾਂਹ ਮੁੜ ਗਿਆ ਸੀ। ਦਿੱਲੀ ਵਿਚ ਸਲਤਨਤਾਂ ਤਬਦੀਲ ਹੁੰਦੀਆਂ ਰਹੀਆਂ ਪਰ ਦਸਵੀਂ ਸਦੀ ਤੋਂ ਬਾਅਦ ਵਿਦੇਸ਼ੀ ਹਮਲਾਵਰਾਂ ਨੇ ਦਰਾ ਖੈਬਰ ਲੰਘ ਕੇ ਪੰਜਾਬ ਵਿਚ ਦਾਖ਼ਲ ਹੁੰਦਿਆਂ ਹੋਇਆਂ ਦਿੱਲੀ ਅਤੇ ਅਗਾਂਹ ਦੱਖਣ ਤੱਕ ਆਪਣੇ ਰਾਜ ਕਾਇਮ ਕੀਤੇ। ਇਸ ਸਮੇਂ ਵਿਚ ਦੇਸ਼ ਦੇ ਨਾਲ-ਨਾਲ ਪੰਜਾਬ ਨੂੰ ਵੀ ਪੂਰੀ ਤਰ੍ਹਾਂ ਵਿਦੇਸ਼ੀ ਹਮਲਾਵਰਾਂ ਵੱਲੋਂ ਮਧੋਲਿਆ ਜਾਂਦਾ ਰਿਹਾ। ਜ਼ੁਲਮ ਦੀ ਇਹ ਦਾਸਤਾਨ ਲੰਮੀ ਹੁੰਦੀ ਗਈ।

ਪਰ ਪੰਜਾਬ ਨੇ ਇਕ ਵਾਰ ਫਿਰ ਅੰਗੜਾਈ ਭਰੀ। ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ 'ਤੇ ਚਲਦੇ ਹੋਏ ਉਨ੍ਹਾਂ ਨੇ ਮੁਗ਼ਲ ਸਾਮਰਾਜ ਦੇ ਜ਼ੁਲਮਾਂ ਵਿਰੁੱਧ ਲੜਾਈ ਵਿੱਢੀ। ਇਸੇ ਸੰਘਰਸ਼ ਨੂੰ ਨਵੀਂ ਦਿਸ਼ਾ ਦਿੰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸੇ ਦੀ ਸਾਜਨਾ ਕੀਤੀ ਗਈ। ਉਸ ਤੋਂ ਬਾਅਦ ਲਗਾਤਾਰ ਬਹਾਦਰੀ ਅਤੇ ਸ਼ਹੀਦੀਆਂ ਦੀ ਦਾਸਤਾਨ ਸ਼ੁਰੂ ਹੋ ਗਈ। ਜਾਂਬਾਜ਼ ਪੰਜਾਬੀਆਂ ਵੱਲੋਂ ਇਸ ਨਵੀਂ ਲਹਿਰ ਤੋਂ ਪ੍ਰਭਾਵਿਤ ਹੋ ਕੇ ਅਣਥੱਕ ਲੜਾਈਆਂ ਲੜੀਆਂ ਗਈਆਂ। ਇਸ ਬਹਾਦਰੀ ਵਿਚ ਗੁਰੂ ਸਾਹਿਬਾਨ ਅਤੇ ਸੰਤਾਂ-ਮਹਾਂਪੁਰਸ਼ਾਂ ਦੀ ਤਾਕਤ ਝਲਕਦੀ ਸੀ। ਬਿਨਾਂਸ਼ੱਕ ਇਸ ਲਹਿਰ ਨੇ ਹੋਰ ਅੱਗੇ ਵਧਦਿਆਂ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਬਹਾਦਰੀ ਅਤੇ ਅਣਖ ਦੀ ਇਕ ਮਿਸਾਲ ਕਾਇਮ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ੪੦ ਸਾਲਾ ਰਾਜ ਦੌਰਾਨ ਅਣਵੰਡੇ ਪੰਜਾਬ ਹੀ ਨਹੀਂ, ਸਗੋਂ ਹੋਰ ਇਲਾਕਿਆਂ ਨੂੰ ਵੀ ਜਿੱਤ ਕੇ ਦਰਾ ਖੈਬਰ ਤੱਕ ਪੰਜਾਬੀਆਂ ਦੀ ਬਹਾਦਰੀ ਦੇ ਝੰਡੇ ਗੱਡ ਦਿੱਤੇ। ਇਸੇ ਲਈ ਅੱਜ ਵੀ ਹਰੀ ਸਿੰਘ ਨਲੂਆ ਦਾ ਨਾਂਅ ਦੁਨੀਆਂ ਦੇ ਮਹਾਨ ਜਰਨੈਲਾਂ ਵਿਚ ਸ਼ੁਮਾਰ ਹੁੰਦਾ ਹੈ। ਅੰਗਰੇਜ਼ਾਂ ਨੇ ਹੌਲੀ-ਹੌਲੀ ਹਿੰਦੁਸਤਾਨ 'ਤੇ ਪੂਰਾ ਕਬਜ਼ਾ ਕਰ ਲਿਆ ਸੀ ਪਰ ਪੰਜਾਬ ਉਨ੍ਹਾਂ ਦੇ ਹੱਥ ੧੦੦ ਸਾਲ ਬਾਅਦ ਆਇਆ। ਅੰਗਰੇਜ਼ੀ ਹਕੂਮਤ ਦੇ ਸ਼ੁਰੂ ਹੋਣ ਤੋਂ ਲੈ ਕੇ ੧੯੪੭ ਨੂੰ ਮਿਲੀ ਆਜ਼ਾਦੀ ਤੱਕ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਮਹਾਨ ਯੋਗਦਾਨ ਪਾਇਆ। ਇਸ ਸਮੇਂ ਦੌਰਾਨ ਦੇਸ਼ ਵਿਚ ਸਭ ਤੋਂ ਵੱਧ ਪੰਜਾਬੀ ਸ਼ਹੀਦ ਹੋਏ ਅਤੇ ਉਨ੍ਹਾਂ ਫਾਂਸੀਆਂ ਦੇ ਫੰਦਿਆਂ ਨੂੰ ਚੁੰਮਿਆ। ਇਹ ਗੌਰਵਮਈ ਗਾਥਾ ਅੱਜ ਵੀ ਗੂੰਜਦੀ ਦਿਖਾਈ ਦੇ ਰਹੀ ਹੈ।

ਪਰ ਇਹ ਬੇਹੱਦ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਵਿਚ ਹੁਣ ਕਾਂਗਰਸ ਹਕੂਮਤ ਦੇ ਦੌਰਾਨ

ਸਦੀਆਂ ਵਿਚ ਫੈਲੇ ਇਸ ਮਾਣਮੱਤੇ ਇਤਿਹਾਸ ਨੂੰ ਅਣਗੌਲਿਆ ਕਰਨ ਦਾ ਪੂਰਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਪੜ੍ਹਾਈ ਜਾਂਦੀ ੧੨ਵੀਂ ਦੇ ਇਤਿਹਾਸ ਦੀ ਪੁਸਤਕ ਵਿਚੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਾਬ ਦੇ ਇਤਿਹਾਸ ਸਬੰਧੀ ਅਤੇ ਗੁਰੂ ਸਾਹਿਬਾਨ ਸਬੰਧੀ ਪੂਰੇ ੨੩ ਚੈਪਟਰ ਹੀ ਗ਼ਾਇਬ ਕਰ ਦਿੱਤੇ ਗਏ ਹਨ।

ਆਜ਼ਾਦੀ ਵਿਚ ਪਾਏ ਯੋਗਦਾਨ ਸਬੰਧੀ ਵੀ ਬਹੁਤ ਸਾਰੇ ਵੇਰਵੇ ਕੱਢ ਦਿੱਤੇ ਗਏ ਹਨ। ਬਿਨਾਂ ਸ਼ੱਕ ਇਹ ਇਕ ਵੱਡੀ ਸਾਜਿਸ਼ ਅਧੀਨ ਕੀਤਾ ਗਿਆ ਹੈ। ੧੨ਵੀਂ ਦੀ ੩੨੪ ਸਫ਼ਿਆਂ ਦੀ ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦੇਖ-ਰੇਖ ਵਿਚ ੧੯੨ ਪੰਨਿਆਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਵਿਚੋਂ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਸਿੱਖ ਗੁਰੂ ਸਾਹਿਬਾਨ, ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ, ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬ ਉੱਪਰ ਅੰਗਰੇਜ਼ਾਂ ਦੇ ਕਬਜ਼ੇ ਨਾਲ ਸਬੰਧਿਤ ਸਾਰਾ ਵੇਰਵਾ ਕੱਢ ਦਿੱਤਾ ਗਿਆ ਹੈ। ਪੰਜਾਬ ਦੀ ਅਫ਼ਸਰਸ਼ਾਹੀ ਇਹ ਕਹਿ ਕੇ ਆਪਣਾ ਪੱਲਾ ਛੁਡਾਉਣ ਦਾ ਯਤਨ ਕਰ ਰਹੀ ਹੈ ਕਿ ਇਸ ਸਿਲੇਬਸ ਨੂੰ ਕੌਮੀ ਪੱਧਰ ਦਾ ਬਣਾਉਣ ਲਈ ਅਜਿਹਾ ਕੀਤਾ ਗਿਆ ਹੈ। ਪੰਜਾਬ ਦੀ ਅਫ਼ਸਰਸ਼ਾਹੀ ਇਹ ਵੀ ਦਾਅਵਾ ਕਰ ਰਹੀ ਹੈ ਕਿ ਇਨ੍ਹਾਂ ਸਮੁੱਚੇ ਚੈਪਟਰਾਂ ਨੂੰ ੧੧ਵੀਂ ਦੀ ਇਤਿਹਾਸ ਦੀ ਪੁਸਤਕ ਵਿਚ ਸ਼ਾਮਿਲ ਕੀਤਾ ਗਿਆ ਹੈ। ਇਹ ਪੁਸਤਕ ਅਜੇ ਛਪਾਈ ਅਧੀਨ ਹੈ। ਸਾਡੀ ਸੂਚਨਾ ਅਨੁਸਾਰ ਪਹਿਲਾਂ ਇਸ ਪੁਸਤਕ ਦੇ ੩੭੩ ਪੰਨੇ ਅਤੇ ੨੨ ਚੈਪਟਰ ਸਨ। ਹੁਣ ਇਸ ਪੁਸਤਕ ਨੂੰ ਵੀ ੧੧ ਚੈਪਟਰਾਂ ਵਿਚ ਬਦਲ ਦਿੱਤਾ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਪੰਜਾਬ ਨਾਲ ਸਬੰਧਿਤ ਸਮੁੱਚੀ ਸਮੱਗਰੀ ਨੂੰ ੧੧ਵੀਂ ਦੀ ਪੁਸਤਕ ਵਿਚ ਵੀ ਬਹੁਤ ਸੰਖੇਪ ਕਰ ਦਿੱਤਾ ਗਿਆ ਹੈ। ਕੌਮੀ ਪੱਧਰ ਦੇ ਹਾਣ ਦਾ ਹੋਣ ਦੇ ਦਾਅਵੇ ਹੇਠ ਆਪਣੇ ਸਮੁੱਚੇ ਇਤਿਹਾਸ 'ਤੇ ਹੀ ਲੀਕ ਫੇਰ ਦੇਣ ਤੋਂ ਵਡੇਰੀ ਬੇਇਮਾਨੀ ਪੰਜਾਬ ਅਤੇ ਪੰਜਾਬੀਆਂ ਨਾਲ ਹੋਰ ਕੀ ਹੋ ਸਕਦੀ ਹੈ? ਸਾਡੀ ਸੂਚਨਾ ਅਨੁਸਾਰ ਜਿਸ ਕਮੇਟੀ ਨੇ ੧੨ਵੀਂ ਦੇ ਇਤਿਹਾਸ ਦੀ ਇਸ ਪੁਸਤਕ ਨੂੰ ਸੋਧਿਆ ਹੈ, ਉਸ ਵਿਚ ਬਹੁਤੇ ਵਿਦਵਾਨ ਅਜਿਹੇ ਹਨ, ਜਿਨ੍ਹਾਂ ਦਾ ਪੰਜਾਬ ਨਾਲ ਕੋਈ ਵਾਸਤਾ ਜਾਂ ਭਾਵੁਕ ਸਬੰਧ ਨਹੀਂ ਹੈ। ਚਾਹੇ ਸਰਕਾਰ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਇਸ ਗੱਲ ਦਾ ਕੁਝ ਪਾਰਟੀਆਂ ਵਲੋਂ ਸਿਆਸੀਕਰਨ ਕੀਤਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਵਲੋਂ ਵੀ ਇਹ ਕਿਹਾ ਗਿਆ ਹੈ ਕਿ ੧੨ਵੀਂ ਦੀ ਕਿਤਾਬ ਵਿਚੋਂ ਕੁਝ ਵੀ ਕੱਟਿਆ ਨਹੀਂ ਗਿਆ, ਪਰ ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਉਨ੍ਹਾਂ ਦਾ ਇਹ ਬਿਆਨ ਤੱਥਾਂ 'ਤੇ ਆਧਾਰਿਤ ਨਹੀਂ ਹੈ, ਸਗੋਂ ਕੋਰਾ ਝੂਠ ਹੈ।

ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬ ਸਰਕਾਰ ਅਤੇ ਇਸ ਦੀ ਅਫ਼ਸਰਸ਼ਾਹੀ ਨੂੰ ਆਪਣੇ ਮਨ ਅੰਦਰ ਝਾਤੀ ਮਾਰਨ ਦੀ ਜ਼ਰੂਰਤ ਹੈ। ਪੰਜਾਬ ਦੇ ਇਤਿਹਾਸ ਨੂੰ ਅਣਗੌਲਿਆ ਕਰਨ ਜਾਂ ਇਸ 'ਤੇ ਲੀਕ ਫੇਰਨ ਨੂੰ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਲਈ ਉੱਠ ਰਹੇ ਇਸ ਸਮੁੱਚੇ ਵਿਵਾਦ 'ਤੇ ਵਿਰਾਮ ਲਾਉਣ ਲਈ ਸਰਕਾਰ ਨੂੰ ਸੁਚੇਤ ਪੱਧਰ 'ਤੇ ਮੁੜ ਜਾਂਚ ਕਰਕੇ ਇਤਿਹਾਸ ਦੀਆਂ ਇਨ੍ਹਾਂ ਪੁਸਤਕਾਂ ਵਿਚੋਂ ਪੰਜਾਬ ਦੇ ਇਤਿਹਾਸ ਅਤੇ ਗੁਰੂ ਸਾਹਿਬਾਨ ਸਬੰਧੀ ਗਾਇਬ ਕੀਤੇ ਗਏ ਚੈਪਟਰਾਂ ਨੂੰ ਮੁੜ ਕਿਤਾਬਾਂ ਵਿਚ ਸ਼ਾਮਿਲ ਕਰਕੇ ਪੰਜਾਬੀਆਂ ਦੀ ਸਮੁੱਚੀ ਭਾਵਨਾ ਅਤੇ ਆਨ-ਸ਼ਾਨ ਦੀ ਤਰਜਮਾਨੀ ਕਰਨੀ ਚਾਹੀਦੀ ਹੈ।

(੩ ਮਈ ੨੦੧੮ ਦੇ ਅਜੀਤ ਅਖ਼ਬਾਰ ਵਿਚੋਂ ਧੰਨਵਾਦ ਸਹਿਤ)

# ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ : ਬਹੁਪੱਖੀ ਅਧਿਐਨ

-ਡਾ. ਧਰਮ ਸਿੰਘ*

'ਸ੍ਰੀ ਜੱਸਾ ਸਿੰਘ ਬਿਨੋਦ' ਦਾ ਕਰਤਾ ਰਾਮ ਸੁਖ ਰਾਓ ਅਨੇਕਾਂ ਹੋਰਨਾਂ ਪੰਜਾਬੀ ਲੇਖਕਾਂ ਵਾਂਗ ਇਕ ਅਜਿਹਾ ਵਾਰਤਕਕਾਰ ਹੈ ਜਿਸ ਦੇ ਜੀਵਨ ਬਿਰਤਾਂਤ ਅਤੇ ਰਚਨਾਵਾਂ ਬਾਰੇ ਬਹੁਤੀ ਤਸੱਲੀਬਖ਼ਸ਼ ਜਾਣਕਾਰੀ ਪੰਜਾਬੀ ਸਾਹਿਤ ਇਤਿਹਾਸਾਂ, ਲੇਖਕ ਕੋਸ਼ਾਂ, ਪੰਜਾਬੀ ਸਾਹਿਤ ਕੋਸ਼ਾਂ ਜਾਂ ਕਿਸੇ ਹੋਰ ਸੋਮੇ ਤੋਂ ਪ੍ਰਾਪਤ ਨਹੀਂ ਹੁੰਦੀ। ਇਸ ਦਾ ਸ਼ਾਇਦ ਇਕ ਕਾਰਨ ਇਹ ਹੈ ਕਿ ਰਾਮ ਸੁਖ ਰਾਓ ਦੀਆਂ ਰਚਨਾਵਾਂ ਅਜੇ ਤਕ ਹੱਥ-ਲਿਖਤਾਂ ਦੇ ਰੂਪ ਵਿਚ ਹੀ ਪ੍ਰਾਪਤ ਹਨ ਅਤੇ ਇਹ ਵੀ ਕਿ ਇਹ ਮੂਲ ਰੂਪ ਵਿਚ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਹਨ। ਇਸੇ ਲਈ ਅਸੀਂ ਵੇਖਦੇ ਹਾਂ ਕਿ ਇਸ ਪਾਸੇ ਜੇ ਕੋਈ ਯਤਨ ਹੋਏ ਵੀ ਹਨ ਤਾਂ ਉਹ ਇਤਿਹਾਸਕਾਰਾਂ ਵੱਲੋਂ ਹੀ ਹੋਏ ਹਨ, ਪਰ ਵਾਰਤਕ ਵਿਚ ਲਿਖੇ ਹੋਣ ਕਰਕੇ ਇਹ ਗ੍ਰੰਥ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਅਤੇ ਖੋਜਕਾਰਾਂ ਦੇ ਧਿਆਨ ਦੀ ਮੰਗ ਵੀ ਕਰਦੇ ਹਨ। ਰਾਮ ਸੁਖ ਰਾਓ ਸਬੰਧੀ ਜਾਣਕਾਰੀ ਦਾ ਮੁੱਖ ਸੋਮਾ ਉਸ ਦੀਆਂ ਰਚਨਾਵਾਂ ਦੀਆਂ ਅੰਦਰੂਨੀ ਗਵਾਹੀਆਂ ਹੀ ਹਨ।

ਰਾਮ ਸੁਖ ਰਾਓ ਆਪਣੀ ਜਾਣਕਾਰੀ ਇਕ ਬ੍ਰਾਹਮਣ ਵਜੋਂ ਕਰਾਉਂਦਾ ਹੈ। ਬ੍ਰਾਹਮਣਾਂ ਵਿਚੋਂ ਵੀ ਉਹ ਕ੍ਰਿਸ਼ਨ ਭਗਤ ਹੈ। ਰਾਮ ਸੁਖ ਰਾਓ ਰਿਆਸਤ ਕਪੂਰਥਲਾ ਦਾ ਸਰਕਾਰੀ ਇਤਿਹਾਸਕਾਰ ਸੀ ਅਤੇ ਇਸ ਰਿਆਸਤ ਦੇ ਸ਼ਾਸਕਾਂ, ਜਰਨੈਲਾਂ ਅਤੇ ਹੋਰ ਅਹਿਮ ਵਿਅਕਤੀਆਂ ਦੇ ਗੌਰਵ ਨੂੰ ਚਿਤਾਰਨਾ ਹੀ ਉਸ ਦਾ ਮੁੱਖ ਕੰਮ ਸੀ। ਰਿਆਸਤ ਕਪੂਰਥਲਾ ਵੱਲੋਂ ਉਸ ਨੂੰ ਜਾਗੀਰ, ਰੋਜ਼ੀਨਾ ਅਤੇ ਇਕ ਹਵੇਲੀ ਮਿਲੀ ਹੋਈ ਸੀ। ਰਾਮ ਸੁਖ ਰਾਓ ਸਰਦਾਰ ਫਤਹਿ ਸਿੰਘ ਆਹਲੂਵਾਲੀਆ ਦੇ ਸਮੇਂ ਰਿਆਸਤ ਦੀ ਨੌਕਰੀ ਵਿਚ ਆਇਆ ਸੀ ਅਤੇ ਉਸ ਨੂੰ ਬਾਲਕ ਫਤਹਿ ਸਿੰਘ ਦੀ ਪੜ੍ਹਾਈ ਦਾ ਜ਼ਿੰਮਾ ਸੌਂਪਿਆ ਗਿਆ ਸੀ। ਇਹ ਸ਼ਾਇਦ ਰਾਮ ਸੁਖ ਰਾਓ ਦੀ ਪੜ੍ਹਾਈ, ਸਿਖਲਾਈ ਦਾ ਨਤੀਜਾ ਸੀ ਕਿ ਫਤਹਿ ਸਿੰਘ ਆਹਲੂਵਾਲੀਆ ਆਪ ਵੀ ਸਾਹਿਤ ਰਚਨਾ ਕਰਨ ਲੱਗ ਪਿਆ ਸੀ। ਉਹ ਸਾਹਿਤਕਾਰਾਂ ਦੀ ਸਰਪ੍ਰਸਤੀ ਵੀ ਕਰਦਾ ਸੀ।

ਰਾਮ ਸੁਖ ਰਾਓ ਦੀਆਂ ਰਚਨਾਵਾਂ ਦੀ ਗਿਣਤੀ ਉਂਝ ਤਾਂ ਕਾਫੀ ਦੱਸੀ ਗਈ ਹੈ, ਪਰ ਉਸ ਦੀਆਂ ਤਿੰਨ ਰਚਨਾਵਾਂ ਅਤਿ ਅਹਿਮ ਹਨ। ਇਹ ਹਨ : 'ਸ੍ਰੀ ਜੱਸਾ ਸਿੰਘ ਬਿਨੋਦ', 'ਸ੍ਰੀ ਫਤਹਿ ਸਿੰਘ ਪ੍ਰਤਾਪ ਪ੍ਰਭਾਕਰ' ਅਤੇ 'ਸ੍ਰੀ ਭਾਗ ਸਿੰਘ ਚੰਦ੍ਰੋਦਯ'। ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਤਿੰਨਾਂ ਵਿਚ ਲੇਖਕ ਨੇ ਕਪੂਰਥਲਾ ਰਿਆਸਤ ਦੇ ਤਿੰਨਾਂ ਰਾਜਿਆਂ ਦਾ ਕ੍ਰਮਵਾਰ ਅਤੇ ਵਿਸਥਾਰ ਨਾਲ ਇਤਿਹਾਸ ਲਿਖਣ ਦਾ ਉਪਰਾਲਾ ਕੀਤਾ ਹੈ, ਪਰ ਅਸੀਂ ਕੇਵਲ 'ਸ੍ਰੀ ਜੱਸਾ ਸਿੰਘ ਬਿਨੋਦ' ਬਾਰੇ ਹੀ ਸੰਖੇਪ ਵਿਚ ਚਰਚਾ ਕਰਨੀ ਹੈ। ਬਾਰ੍ਹਾਂ ਸਿੱਖ ਮਿਸਲਾਂ ਵਿਚ ਆਹਲੂਵਾਲੀਆ ਮਿਸਲ ਆਪਣੇ ਸੰਸਥਾਪਕ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਰੁਤਬੇ, ਆਦਰ-ਮਾਣ, ਬਾਹੂਬਲ, ਕੁਸ਼ਲ ਪ੍ਰਸ਼ਾਸਨ ਅਤੇ ਆਰਥਿਕ ਵਸੀਲਿਆਂ ਕਰਕੇ ਅਤਿ ਅਹਿਮ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਵਿਸਥਾਰ ਦੇ ਮੁੱਢਲੇ ਦਿਨਾਂ ਵਿਚ ਇਹ ਮਿਸਲ ਕਾਫੀ ਸ਼ਕਤੀਸ਼ਾਲੀ ਸੀ ਜਿਸ ਦਾ ਪ੍ਰਮਾਣ ਸਾਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਫਤਹਿ ਸਿੰਘ ਆਹਲੂਵਾਲੀਆ ਨਾਲ ਕੀਤੀ ਦੋਸਤੀ ਦੀ ਸੰਧੀ ਵਿਚੋਂ ਮਿਲਦਾ ਹੈ। ਫਤਹਿ ਸਿੰਘ ਆਹਲੂਵਾਲੀਆ, ਰਣਜੀਤ ਸਿੰਘ ਦੀ ਬਰਾਬਰੀ ਦਾ ਸ਼ਾਸਕ ਸੀ ਜਿਸ ਕਰਕੇ ਰਾਮ ਸੁਖ ਰਾਓ ਉਸ ਨੂੰ ਵੀ 'ਸਰਕਾਰ' ਪਦ ਨਾਲ ਯਾਦ ਕਰਦਾ ਹੈ।

'ਸ੍ਰੀ ਜੱਸਾ ਸਿੰਘ ਬਿਨੋਦ' ਗਦ ਅਤੇ ਪਦ ਵਿਚ ਲਿਖਿਆ ਗਿਆ ਇੱਕ ਵੱਡਅਕਾਰੀ ਗ੍ਰੰਥ ਹੈ, ਜਿਸ ਦੇ ੨੫੦ ਪੱਤਰੇ ਅਥਵਾ ੫੦੦ ਸਫ਼ੇ ਹਨ। ਸਾਰੇ ਗ੍ਰੰਥ ਨੂੰ ਲੇਖਕ ਨੇ ਚਾਰ ਖੰਡਾਂ ਵਿਚ ਵੰਡਿਆ ਹੈ ਅਤੇ ਅੱਗੇ ਹਰ ਖੰਡ ਉਪ-ਖੰਡਾਂ ਜਾਂ ਕਾਂਡਾਂ ਵਿਚ ਵੰਡਿਆ ਹੋਇਆ ਹੈ। ਸਾਰੇ ਗ੍ਰੰਥਾਂ ਦੇ ਕੁੱਲ ੩੩ ਕਾਂਡ ਜਾਂ ਅਧਿਆਇ ਹਨ। ਸਭ ਤੋਂ

*ਪ੍ਰੋਫੈਸਰ ਅਤੇ ਸਾਬਕਾ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਪਹਿਲਾਂ ਮੰਗਲਾਚਰਣ ਹੈ, ਫਿਰ ਆਹਲੂਵਾਲੀਆ ਰਿਆਸਤ ਦੇ ਹੁਕਮਰਾਨਾਂ ਦੀ ਬੰਸਾਵਲੀ ਹੈ। ਰਾਮ ਸੁਖ ਰਾਓ ਇਨ੍ਹਾਂ ਹੁਕਮਰਾਨਾਂ ਨੂੰ ਚੰਦਰਬੰਸੀ ਰਾਜੇ ਕਹਿੰਦਾ ਹੈ। ਬੰਸਾਵਲੀ ਤਾਂ ਬਹੁਤ ਲੰਮੀ-ਚੌੜੀ ਹੈ ਪਰ ਅਸੀਂ ਕੇਵਲ ਪ੍ਰਸੰਗਾਨੁਕੂਲ ਥੋੜ੍ਹੀ ਜਿਹੀ ਹੀ ਦਰਜ ਕਰਦੇ ਹਾਂ। ਲੇਖਕ ਦੱਸਦਾ ਹੈ ਕਿ ਜੱਥੇਦਾਰ ਜੱਸਾ ਸਿੰਘ ਦੇ ਵੱਡੇ-ਵਡੇਰੇ ਜੈਲਸਮੇਰ ਤੋਂ ਉੱਠ ਕੇ ਬਠਿੰਡਾ ਅਤੇ ਲੱਖੀ ਜੰਗਲ ਵਿਚੋਂ ਹੁੰਦੇ ਹੋਏ ਲਾਹੌਰ ਦੇ ਆਲੇ-ਦੁਆਲੇ ਵੱਸ ਗਏ, ਜਿਨ੍ਹਾਂ ਵਿਚੋਂ ਇਕ ਪਿੰਡ 'ਆਹਲੂ' ਸੀ ਜਿਸ ਤੋਂ ਰਿਆਸਤ ਦਾ ਨਾਂ ਆਹਲੂਵਾਲੀਆ ਪ੍ਰਚੱਲਤ ਹੋਇਆ। ਇਹ ਬੰਸਾਵਲੀ ਹੈ ਗੰਡਾ-ਸਦਰ ਸਿੰਘ-ਗੁਰਪਾਲ ਸਿੰਘ-ਦੇਵਾ ਸਿੰਘ-ਗੁਰਬਖ਼ਸ਼ ਸਿੰਘ, ਸਦਰ ਸਿੰਘ ਤੇ ਬਦਰ ਸਿੰਘ, ਬਦਰ ਸਿੰਘ-ਜੱਸਾ ਸਿੰਘ। ਜੱਸਾ ਸਿੰਘ ਦੀਆਂ ਦੋ ਹੀ ਧੀਆਂ ਕਰਮ ਕੌਰ ਤੇ ਸਦਾ ਕੌਰ ਸਨ। ਸੰਨ ੧੭੪੭ ਈ. ਵਿਚ ਇਕ ਲੜਕਾ ਵੀ ਪੈਦਾ ਹੋਇਆ ਜਿਸ ਦਾ ਨਾਮ ਕਰੋੜਾ ਸਿੰਘ ਰੱਖਿਆ ਗਿਆ ਪਰ ਉਹ ਕੇਵਲ ਛੇ ਮਹੀਨੇ ਹੀ ਜੀਵਿਤ ਰਿਹਾ। ੧੭੭੭ ਈ. ਵਿਚ ਕਰਮ ਕੌਰ ਦਾ ਵਿਆਹ ਜਮਾਂਦਾਰ ਮੋਹਰ ਸਿੰਘ ਨਾਲ ਹੋਇਆ ਜੋ ਫਤਹਿਆਬਾਦ (ਅੱਜ-ਕੱਲ੍ਹ ਤਰਨ ਤਾਰਨ) ਦੀ ਸੀ ਜਦਕਿ ਬੀਬੀ ਸਦਾ ਕੌਰ ੧੭੭੯ ਈ. ਵਿਚ ਸੁਲਤਾਨਵਿੰਡ (ਅੱਜ-ਕੱਲ੍ਹ ਅੰਮ੍ਰਿਤਸਰ ਦੇ ਗੁਆਂਢ ਵਿਚ) ਪਿੰਡ ਦੇ ਮੁਹਾਰ ਸਿੰਘ ਨਾਲ ਵਿਆਹੀ ਸੀ।'

'ਸ੍ਰੀ ਜੱਸਾ ਸਿੰਘ ਬਿਨੋਦ ਗ੍ਰੰਥ' ਅਨੁਸਾਰ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਵੈਸਾਖ ਸੁਦੀ ੧੫, ਬਿਕ੍ਰਮੀ ਸੰਮਤ ੧੭੭੫ ਨੂੰ ਸਰਦਾਰ ਬਦਰ ਸਿੰਘ ਦੇ ਘਰ ਹੋਇਆ। ਉਹ ਕੇਵਲ ਚਾਰ ਸਾਲ ਦਾ ਹੀ ਸੀ ਜਦ ਉਸ ਦਾ ਪਿਤਾ ਚੱਲ ਵੱਸਿਆ। ਨਵਾਬ ਕਪੂਰ ਸਿੰਘ ਵੱਲੋਂ ਪਾਲਣ-ਪੋਸ਼ਣ ਅਤੇ ਸੰਗਤ ਕਰਕੇ ਜੱਥੇਦਾਰ ਜੱਸਾ ਸਿੰਘ ਵਿਚ ਬੀਰਤਾ, ਪ੍ਰਸ਼ਾਸਕੀ ਕੁਸ਼ਲਤਾ, ਅਗਵਾਈ, ਵਕਤ ਮੁਤਾਬਕ ਨੀਤੀ ਘੜਨ ਆਦਿ ਦੇ ਗੁਣ ਆ ਗਏ। ਮਾਤਾ ਸੁੰਦਰੀ ਜੀ ਦੇ ਆਸ਼ੀਰਵਾਦ ਸਦਕਾ ਸਿੱਖੀ ਵਿਚ ਪ੍ਰਪੱਕ ਸਨ ਅਤੇ ਇਸੇ ਕਰਕੇ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਨੇ ਇਨ੍ਹਾਂ ਦੇ ਜਥੇ ਪਾਸੋਂ ਹੀ ਅੰਮ੍ਰਿਤਪਾਨ ਕੀਤਾ। ਅਹਿਮਦਸ਼ਾਹ ਅਬਦਾਲੀ ਅਠਾਰ੍ਹਵੀਂ ਸਦੀ ਦੇ ਪੰਜਾਬ ਇਤਿਹਾਸ ਦਾ ਇਕ ਅਜਿਹਾ ਪਾਤਰ ਹੈ ਜਿਸ ਦੀਆਂ ਕਰੂਰ ਯਾਦਾਂ ਇਥੋਂ ਦੇ ਮਨਾਂ ਵਿਚ ਅੱਜ ਵੀ ਵੱਸੀਆਂ ਹਨ। ਅਬਦਾਲੀ ਨੂੰ ਟੱਕਰ ਦੇਣ, ਉਸ ਨਾਲ ਹਰ ਥਾਂ ਲੋਹਾ ਲੈਣ ਅਤੇ ਆਖਰਕਾਰ ਉਸ ਨੂੰ ਪੰਜਾਬ ਵਿਚੋਂ ਹਮੇਸ਼ਾ ਲਈ ਕੱਢ ਕੇ ਸਿੱਖ ਰਾਜ ਕਾਇਮ ਕਰਨ ਵਿਚ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਹਰ ਸਰਗਰਮੀ ਕ੍ਰਮਵਾਰ ਅਤੇ ਸੰਮਤ-ਬੱਧ ਕਰ ਕੇ ਬਿਆਨ ਕੀਤੀ ਗਈ ਹੈ। ਛੋਟੀਆਂ ਲੜਾਈਆਂ ਨੂੰ ਜੇ ਲਾਂਭੇ ਵੀ ਰੱਖ ਦੇਈਏ ਤਾਂ ਸਿੱਖ ਇਤਿਹਾਸ ਦੇ ਪਹਿਲੇ ਦੋਵੇਂ ਘੱਲੂਘਾਰੇ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਸਮੇਂ ਵਿਚ ਹੀ ਹੋਏ। ਵੱਡੇ ਘੱਲੂਘਾਰੇ ਵਿਚ ਤਾਂ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ੨੨ ਜ਼ਖ਼ਮ ਹੋਏ ਸਨ। ਸੰਨ ੧੭੪੮ ਈ. ਵਿਚ ਸ੍ਰੀ ਅੰਮ੍ਰਿਤਸਰ ਦੇ ਹਾਕਮ ਸਲਾਬਤ ਖਾਨ ਨੂੰ ਕਤਲ ਕਰ ਕੇ ਸ਼ਹਿਰ ਨੂੰ ਆਜ਼ਾਦ ਕਰਾਉਣਾ, ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਸ਼ਿਕਸਤ ਦੇਣੀ ਆਦਿ ਜੱਥੇਦਾਰ ਜੱਸਾ ਸਿੰਘ ਦੇ ਕੁਝ ਹੋਰ ਅਹਿਮ ਕਾਰਨਾਮੇ ਹਨ। ਅਹਿਮਦਸ਼ਾਹ ਅਬਦਾਲੀ ਨੂੰ ਪੰਜਾਬ ਵਿਚੋਂ ਖਦੇੜਨ ਤੋਂ ਬਾਅਦ ਜੋ 'ਦਲ ਖ਼ਾਲਸਾ' ਬਣਿਆ, ਜੱਥੇਦਾਰ ਜੱਸਾ ਸਿੰਘ ਉਸ ਦੇ ਜਥੇਦਾਰ ਥਾਪੇ ਗਏ। ਦਲ ਖ਼ਾਲਸਾ ਦੇ ਇਕ ਵਰਗ 'ਬੁੱਢਾ ਦਲ' ਦੇ ਮੁਖੀ ਵੀ ਇਹੋ ਸਨ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਸਦਕਾ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਕੌਮ ਵੱਲੋਂ 'ਸੁਲਤਾਨ-ਉਲ-ਕੌਮ' ਦਾ ਖਿਤਾਬ ਦਿੱਤਾ ਗਿਆ।

'ਸ੍ਰੀ ਜੱਸਾ ਸਿੰਘ ਬਿਨੋਦ' ਪੜ੍ਹਨ ਤੋਂ ਉਸ ਵੇਲੇ ਦੀ ਰਾਜਨੀਤੀ, ਸਮਾਜ-ਸੱਭਿਆਚਾਰ, ਰਾਜ ਪ੍ਰਬੰਧ, ਗੁਆਂਢੀਆਂ ਨਾਲ ਸਬੰਧ ਅਤੇ ਕਈ ਹੋਰ ਅਹਿਮ ਪੱਖਾਂ ਬਾਰੇ ਜਾਣਕਾਰੀ ਮਿਲਦੀ ਹੈ ਪਰ ਜਿਸ ਨੁਕਤੇ ਉਪਰ ਰਾਮ ਸੁਖ ਰਾਓ ਨੇ ਵਧੇਰੇ ਬਲ ਦਿੱਤਾ ਹੈ, ਉਹ ਇਹ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ ਉਸਾਰੀ, ਸੇਵਾ ਸੰਭਾਲ ਅਤੇ ਰਾਖੀ ਲਈ ਪੱਕੇ ਬੰਦੋਬਸਤ ਕਰਨਾ। ਜੇ ਇਹ ਕਹਿ ਲਿਆ ਜਾਵੇ ਕਿ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਸਮੁੱਚਾ ਜੀਵਨ ਹੀ ਗੁਰੂ-ਪੰਥ ਅਤੇ ਗੁਰੂ-ਘਰ ਨੂੰ ਸਮਰਪਿਤ ਸੀ ਤਾਂ ਅਤਿਕਥਨੀ ਨਹੀਂ ਹੋਵੇਗੀ। ਰਾਮ ਸੁਖ ਰਾਓ ਵੱਲੋਂ ਦਿੱਤੀ ਇਕ ਜਾਣਕਾਰੀ ਉਦਾਹਰਨ ਵਜੋਂ ਅਸੀਂ ਪਾਠਕਾਂ ਨਾਲ ਜ਼ਰੂਰ ਸਾਂਝੀ ਕਰਨੀ ਚਾਹਾਂਗੇ। ਵੱਡੇ ਘੱਲੂਘਾਰੇ ਦੀ ਤਬਾਹੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਨੇ ਸ੍ਰੀ ਦਰਬਾਰ

ਸਾਹਿਬ ਅਤੇ ਇਸ ਦੀ ਜ਼ਮੀਨ ਸਾਹਿਬ ਰਾਇ ਚੌਧਰੀ ਪਾਸ ਗਹਿਣੇ ਰੱਖ ਦਿੱਤੀ। ਸਰਦਾਰ ਜੱਸਾ ਸਿੰਘ ਨੇ ਬਾਕੀ ਸਿੱਖ ਸਰਦਾਰਾਂ ਨਾਲ ਰਲ ਕੇ ਸਭ ਤੋਂ ਪਹਿਲਾਂ ਇਹ ਖਲਾਸ ਕਰਾਉਣ ਦੀ ਸੋਚੀ। ਉਸ ਨੇ ਵਿਰੋਧੀਆਂ ਨਾਲ ਲੜੀਆਂ ਲੜਾਈਆਂ ਵਿਚੋਂ ਪ੍ਰਾਪਤ ਧਨ-ਦੌਲਤ 'ਚੋਂ ਸਾਹਿਬ ਰਾਇ ਚੌਧਰੀ ਨੂੰ ਉਸ ਦੀ ਬਣਦੀ ਰਕਮ ਚੁਕਾਈ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਜ਼ਮੀਨ ਦਾ ਕਬਜ਼ਾ ਲਿਆ। ਇਥੇ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਇਕ ਵਡਿਆਈ ਸਾਹਮਣੇ ਆਉਂਦੀ ਹੈ ਕਿ ਉਸ ਨੇ ਸਾਹਿਬ ਰਾਇ ਨਾਲ ਕੋਈ ਧੱਕਾ ਨਹੀਂ ਕੀਤਾ, ਉਸ ਦੀ ਰਕਮ ਦੇ ਕੇ ਕਬਜ਼ਾ ਲਿਆ। ਉਹ ਚਾਹੁੰਦਾ ਤਾਂ ਧੱਕਾ ਵੀ ਕਰ ਸਕਦਾ ਸੀ ਪਰ ਉਸ ਦੇ ਗੁਰਮਤਿ ਸੰਸਕਾਰਾਂ ਨੇ ਉਸ ਨੂੰ ਅਜਿਹਾ ਨਾ ਕਰਨ ਦਿੱਤਾ।

ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ-ਉਸਾਰੀ ਸਮੇਂ ਜਦ ਨੀਂਹ ਰੱਖਣ ਦੀ ਗੱਲ ਚੱਲੀ ਤਾਂ ਫਿਰ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਮਾਣ ਪ੍ਰਤਿਸ਼ਠਾ ਅਤੇ ਗੁਣਾਂ ਕਰਕੇ ਫਿਰ ਜ਼ਿੰਮੇਵਾਰੀ ਉਨ੍ਹਾਂ ਦੀ ਪਈ। ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨੀਂਹ ਰੱਖ ਕੇ ਇਸ ਪੁਨਰ ਉਸਾਰੀ, ਸਜਾਵਟ ਅਤੇ ਹੋਰ ਕੰਮਾਂ ਲਈ ਭਾਈ ਦੇਸ ਰਾਜ ਨੂੰ ਨਿਯੁਕਤ ਕਰ ਦਿੱਤਾ ਅਤੇ ਉਹ ਸਮੇਂ-ਸਮੇਂ ਆਪ ਵੀ ਨਿਗਰਾਨੀ ਕਰਦੇ ਰਹੇ। ਇਮਾਰਤ ਦੀ ਉਸਾਰੀ ਮੁਕੰਮਲ ਹੋਣ 'ਤੇ ਵੀ ਜੱਥੇਦਾਰ ਜੱਸਾ ਸਿੰਘ ਇਸ ਤੋਂ ਬੇਨਿਆਜ਼ ਨਾ ਹੋਏ। ਜਦ ਮਿਸਲਦਾਰ ਸ੍ਰੀ ਅੰਮ੍ਰਿਤਸਰ ਵਿਚ ਇਕੱਠੇ ਹੁੰਦੇ ਤਾਂ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕਰਨ, ਦੀਵਾਨ ਸਜਾਉਣ ਅਤੇ ਹੋਰ ਧਾਰਮਿਕ ਸਰਗਰਮੀਆਂ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਨਿਗਰਾਨੀ ਵਿਚ ਹੀ ਮੁਕੰਮਲ ਹੁੰਦੀਆਂ। ਰਾਮ ਸੁਖ ਰਾਓ ਆਹਲੂਵਾਲੀਆ ਨੂੰ ਇੱਕ ਵੱਡੇ ਨੇਤਾ ਵਜੋਂ ਤਾਂ ਪੇਸ਼ ਕਰਦਾ ਹੀ ਹੈ ਜਿਸ ਨੂੰ ਸਾਰੇ ਇੱਜ਼ਤ ਮਾਣ ਦਿੰਦੇ ਸਨ ਪਰ ਉਹ ਤਾਂ ਇਸ ਤੋਂ ਅੱਗੇ ਜਾ ਕੇ ਸ਼ਰਧਾ ਵੱਸ ਪੰਥ ਦੇ ਮਾਲ ਤਕ ਕਹਿ ਜਾਂਦਾ ਹੈ। ਕਹਿਣ ਦਾ ਭਾਵ ਹੈ ਕਿ ਉਨ੍ਹੀਵੀਂ ਸਦੀ ਤਕ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਪੰਥ ਵਿਚ ਜੋ ਸਤਿਕਾਰ ਸੀ, ਰਾਮ ਸੁਖ ਰਾਓ ਉਸ ਦਾ ਇਕ ਪੁਰਾਣਾ ਚਿਤੇਰਾ ਜਾਂ ਗਵਾਹ ਹੈ।

ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਿਸਥਾਰ ਵਿਚ ਵੀ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਯੋਗਦਾਨ ਮੋਹਰੀ ਦਾ ਹੈ। ਇਹ ਸ਼ਹਿਰ ਕਿਉਂਕਿ ਸਾਰੇ ਸਿੱਖ ਸਰਦਾਰਾਂ ਲਈ ਪਵਿੱਤਰ ਸ਼ਹਿਰ ਸੀ, ਇਸ ਲਈ ਉਨ੍ਹਾਂ ਨੇ ਆਪਣੀ ਆਰਜੀ ਰਿਹਾਇਸ਼ ਲਈ ਕਟੜੇ ਵਸਾਏ ਅਤੇ ਬੁੰਗੇ ਬਣਵਾਏ। ਕਟੜਾ ਆਹਲੂਵਾਲੀਆ ਵਿਚ ਤਾਂ ਇਨ੍ਹਾਂ ਸਰਦਾਰਾਂ ਦੀ ਰਿਹਾਇਸ਼ ਹੈ ਹੀ ਸੀ, ਜੱਥੇਦਾਰ ਜੱਸਾ ਸਿੰਘ ਨੇ ਦੂਜੇ ਸਰਦਾਰਾਂ ਨੂੰ ਵੀ ਜ਼ਮੀਨ ਦੇ ਕੇ ਉਨ੍ਹਾਂ ਨੂੰ ਇੱਥੇ ਆਬਾਦ ਹੋਣ ਲਈ ਪ੍ਰੇਰਿਆ। ਵੱਡੇ ਘੱਲੂਘਾਰੇ ਦੇ ਫਲਸਰੂਪ ਉੱਜੜੇ ਸ੍ਰੀ ਅੰਮ੍ਰਿਤਸਰ ਦੇ ਮੁੜ ਵਸੇਬੇ ਲਈ ਉਸੇ ਤਰ੍ਹਾਂ ਵੱਖ-ਵੱਖ ਤਰ੍ਹਾਂ ਦੇ ਵਪਾਰੀ ਅਤੇ ਮਿਸਲਦਾਰ ਇਥੇ ਲਿਆ ਕੇ ਵਸਾਏ।

ਰਾਮ ਸੁਖ ਰਾਓ ਦਾ ਬੁਨਿਆਦੀ ਸਰੋਕਾਰ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਇਤਿਹਾਸ ਲਿਖਣ ਵੱਲ ਹੈ, ਇਸ ਲਈ ਉਸ ਦਾ ਇਤਿਹਾਸ ਸੰਕਲਪ ਬੜਾ ਸਪੱਸ਼ਟ, ਮੱਧਕਾਲੀ ਦ੍ਰਿਸ਼ਟੀ ਵਾਲਾ ਅਤੇ ਇਕ ਹੱਦ ਤਕ ਆਧੁਨਿਕ ਤਕਾਜ਼ੇ ਪੂਰੇ ਕਰਨ ਵਾਲਾ ਹੈ। ਜਿਥੇ ਤੱਥ ਇਕੱਠੇ ਕਰਨੇ ਜ਼ਰੂਰੀ ਹਨ ਉਥੇ ਉਨ੍ਹਾਂ ਦੀ ਪੜਤਾਲ ਜਾਂ ਤਸਦੀਕ ਵੀ ਓਨੀ ਹੀ ਅਹਿਮ ਹੈ। ਰਾਮ ਸੁਖ ਰਾਓ ਨੂੰ ਇਸ ਗੱਲ ਦਾ ਭਲੀਭਾਂਤ ਇਲਮ ਹੈ, ਇਹੋ ਕਾਰਨ ਹੈ ਕਿ ਉਸ ਨੇ ਬੜੀ ਮਿਹਨਤ ਨਾਲ 'ਸ੍ਰੀ ਜੱਸਾ ਸਿੰਘ ਬਿਨੋਦ' ਲਈ ਤੱਥਾਂ ਦਾ ਇਕੱਤਰੀਕਰਨ ਹੀ ਨਹੀਂ ਕੀਤਾ ਸਗੋਂ ਖੋਜ ਪੜਤਾਲ ਤੋਂ ਬਾਅਦ ਹੀ ਉਨ੍ਹਾਂ ਨੂੰ ਸਵੀਕਾਰ ਕੀਤਾ ਹੈ। ਜਿਨ੍ਹਾਂ ਤੱਥਾਂ ਬਾਰੇ ਉਸ ਨੂੰ ਰਤਾ ਭਰ ਵੀ ਸ਼ੰਕਾ ਹੋਈ ਉਸ ਨੇ ਆਪਣੇ ਆਦਮੀ ਭੇਜ ਕੇ ਮੋਹਤਬਰ ਵਿਅਕਤੀਆਂ ਰਾਹੀਂ ਉਨ੍ਹਾਂ ਦੀ ਤਸਦੀਕ ਕਰਵਾਈ। ਆਪਣੇ ਇਸ ਤਰਦੱਦ ਬਾਰੇ ਉਹ ਲਿਖਦਾ ਹੈ, 'ਅਹਿਵਾਲ ਤਹਕੀਕ (ਖੋਜ) ਕਰਨ ਵਾਸਤੇ ਕੋਸਸ (ਕੋਸ਼ਿਸ਼) ਵਾਫਰ ਕਰੀ ਅਰ ਭਾਈ ਅਹਿਲਕਾਰ ਜੇ ਉਸ ਵਕਤ ਕੇ ਸਰਕਾਰ ਕੀ ਖਿਜਮਤ ਮੇਂ ਜੋ ਹਾਜਰ ਸੇ, ਉਨ ਸੇ ਭੀ ਪੁੱਛਿਆ ਅਰ ਜਿਤਨੀਆਂ ਕੁ ਹਕੀਕਤਾਂ ਮੁਯੱਸਰ ਹੁਈਆਂ ਸੋ ਲਿਖ ਦਈਆਂ'।

ਇਤਿਹਾਸ ਕਿਉਂ ਲਿਖਿਆ ਜਾਣਾ ਚਾਹੀਦਾ ਹੈ ਅਤੇ ਇਸ ਦੀ ਉਪਯੋਗਤਾ ਕੀ ਹੈ? ਇਸ ਦਾ ਰਾਮ ਸੁਖ ਰਾਓ ਪਾਸ ਇਕ ਨਿਸ਼ਚਿਤ ਜਵਾਬ ਹੈ। ਉਸ ਦਾ ਮਤ ਹੈ ਕਿ ਇਤਿਹਾਸ ਲਿਖਣ ਅਤੇ ਪੜ੍ਹਨ ਨਾਲ ਪੂਰਬਲੇ ਸ਼ਾਸਕਾਂ

ਦੀਆਂ ਨੀਤੀਆਂ ਦੀ ਜਾਣਕਾਰੀ ਹੁੰਦੀ ਹੈ ਜਿਨ੍ਹਾਂ ਦੀ ਰੌਸ਼ਨੀ ਵਿਚ ਤਤਕਾਲੀ ਹਾਕਮ ਆਪਣੀਆਂ ਨੀਤੀਆਂ ਘੜ ਸਕਦੇ ਹਨ। 'ਸ੍ਰੀ ਜੱਸਾ ਸਿੰਘ ਬਿਨੋਦ' ਲਿਖਣ ਪਿਛੇ ਵੀ ਇਹੀ ਮਨੋਰਥ ਸੀ ਹਾਲਾਂਕਿ ਰਾਮ ਸੁਖ ਰਾਓ ਦਾ ਆਪਣਾ ਕਾਰਜਕਾਲ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਨਹੀਂ ਸਗੋਂ ਪਿਛਲੇ ਹੁਕਮਰਾਨ ਫਤਹਿ ਸਿੰਘ ਆਹਲੂਵਾਲੀਆ ਦਾ ਹੈ। 'ਸ੍ਰੀ ਜੱਸਾ ਸਿੰਘ ਬਿਨੋਦ' ਲਿਖਣ ਪਿੱਛੇ ਵੀ ਏਹੋ ਦਲੀਲ ਹੈ ਅਤੇ ਇਸ ਤੋਂ ਵੀ ਵੱਧ ਜੱਥੇਦਾਰ ਜੱਸਾ ਸਿੰਘ ਦਾ ਇਤਿਹਾਸ ਵਿਚ ਆਦਰਯੋਗ ਥਾਂ ਹੈ ਜਿਸ ਦੇ ਜ਼ਿਕਰ 'ਤੇ ਪਿੱਛੋਂ ਫਤਹਿ ਸਿੰਘ ਅਤੇ ਭਾਗ ਸਿੰਘ ਦੀ ਗੱਲ ਨਹੀਂ ਸੀ ਹੋ ਸਕਦੀ। ਰਾਮ ਸੁਖ ਰਾਓ ਦੇ ਦੱਸਣ ਮੁਤਾਬਕ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਇਤਿਹਾਸ ਲਿਖਣ ਪਿੱਛੋਂ ਵੀ ਸਰਦਾਰ ਫਤਹਿ ਸਿੰਘ ਆਹਲੂਵਾਲੀਆ ਦੀ ਪ੍ਰੇਰਨਾ ਹੀ ਕੰਮ ਕਰ ਰਹੀ ਸੀ। ਉਹ ਲਿਖਦਾ ਹੈ, 'ਆਈਨੇ ਨੇ ਜਨਨੇ ਅਰ ਜਤਾਵਨੇ ਵਾਸਤੇ ਰਾਜਿਆਂ ਕੋ ਤਵਾਰੀਖਾਂ ਸੁਨਨੀਆਂ ਤੇ ਸੁਨਾਣਾਨੀਆ ਜੋਗ ਹੈ। ਤਿਨ ਕੇ ਬਨਾਉਣੇ ਤੇ ਜਿਮੀਨ ਕੇ ਪੜਦੇ ਪਰ ਨੇਕਨਾਮੀ ਰੋਸਨ ਹੋਈ ਹੈ। ਇਸ ਤੇ ਅਨੇਕ ਤਰ੍ਹਾਂ ਕੇ ਫਾਇਦੇ ਸਮਝ ਕੇ ਫਤੇ ਸਿੰਘ ਮਹਾਰਾਜ ਜੀ ਕੋ ਹੁਕਮ ਪਾਇ ਕੇ ਸ੍ਰੀ ਜੱਸਾ ਸਿੰਘ ਮਹਾਰਾਜ ਜੋ ਪੀਛੇ ਭਏ ਹੈ। ਤਿਨ ਕੀ ਤਹਕੀਕ ਕਰਵਾਇ ਕੇ ਅਬਲ ਤੇ ਹਕੀਕਤ ਕੁਝ ਕੁ ਰਹਤਾ ਹੈ।'

■


## ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਗੁਰਬਾਣੀ, ਇਤਿਹਾਸ, ਸਿੱਖ ਸਿਧਾਂਤ ਅਤੇ ਸਿੱਖ ਰਹਿਤ ਮਰਯਾਦਾ ਬਾਰੇ ਜਾਣਕਾਰੀ ਭਰਪੂਰ ਦੋ-ਸਾਲਾ ਕੋਰਸ ਪੰਜਾਬੀ, ਹਿੰਦੀ, ਅੰਗਰੇਜ਼ੀ ਮੀਡੀਅਮ ਵਿਚ ਕਰਵਾਇਆ ਜਾਂਦਾ ਹੈ। ਦਾਖ਼ਲਾ ਲੈਣ ਵਾਲੇ ਨੂੰ ਕੋਰਸ ਦੇ ਸਲੇਬਸ ਨਾਲ ਸਬੰਧਤ ਪਾਠ ਸਮੱਗਰੀ ਮੁਫ਼ਤ ਦਿੱਤੀ ਜਾਂਦੀ ਹੈ।

* ਘੱਟੋ-ਘੱਟ 16 ਸਾਲ ਦੀ ਉਮਰ ਦਾ ਹਰ ਧਰਮ, ਹਰ ਖੇਤਰ ਨਾਲ ਸਬੰਧਤ ਵਿਅਕਤੀ ਘਰ ਬੈਠੇ ਪੱਤਰ ਵਿਹਾਰ ਰਾਹੀਂ ਇਹ ਕੋਰਸ ਕਰ ਸਕਦਾ ਹੈ।

* ਦਾਖ਼ਲਾ ਫੀਸ ਭਾਰਤੀ ਨਾਗਰਿਕਾਂ ਲਈ 100/- ਰੁਪਏ ਅਤੇ ਵਿਦੇਸ਼ੀ ਨਾਗਰਿਕਾਂ ਲਈ 30 ਅਮਰੀਕੀ ਡਾਲਰ ਜਾਂ 20 ਪੌਂਡ (ਯੂ.ਕੇ.) ਜਾਂ ਭਾਰਤੀ ਮੁਦਰਾ ਵਿਚ 1500/- ਸੌ ਰੁਪਏ ਹੈ, ਜੋ ਸਕੱਤਰ ਧਰਮ ਪ੍ਰਚਾਰ ਕਮੇਟੀ ਦੇ ਨਾਮ ਪੁਰ ਭੇਜੀ ਜਾ ਸਕਦੀ ਹੈ ਅਤੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਾਂ ਸਿੱਖ ਮਿਸ਼ਨ ਦੇ ਇੰਚਾਰਜ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ।

* ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਕ੍ਰਮਵਾਰ 5100/-, 4100/- ਤੇ 3100/- ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਅਤੇ 80% ਤੋਂ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਹਰੇਕ ਵਿਦਿਆਰਥੀ ਨੂੰ ਵੀ 1100/- ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ।

**ਚਿੱਠੀ ਪੱਤਰ ਲਈ ਪਤਾ,**
**ਇੰਚਾਰਜ, ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ,**
**ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।**
**ਫੋਨ: 0183-2553962, 2553956-59, ਐਕਸ: 322, ਫੈਸਕ: 0183-2553919**

**D,l ` H9rhj grst chdrbb? f1 ` Hkbnl V da9v v v -oubrf ob-nqf**

# ਸੁਲਤਾਨ-ਉਲ-ਕੌਮ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ

*-ਪ੍ਰਿੰ: ਸਤਿਬੀਰ ਸਿੰਘ*

ਸਿੱਖ ਇਤਿਹਾਸ ਵਿੱਚ ਜੱਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਤੋਂ ਸਿਵਾ ਕੋਈ ਹੋਰ ਅਜਿਹਾ ਵਿਅਕਤੀ ਦੇਖਣ ਨੂੰ ਨਹੀਂ ਮਿਲਦਾ, ਜਿਸ ਨੇ ਚਾਲੀ ਸਾਲ ਦਿਨ ਰਾਤ ਇਕ ਕਰ ਬਿਖੜੇ ਸਮੇਂ ਕੌਮ ਦੀ ਅਗਵਾਈ ਕੀਤੀ ਹੋਏ। ਕੌਮ ਦਾ ਪਿਆਰ ਲਿਆ ਤੇ ਸਤਿਕਾਰ ਮਾਣਿਆ ਹੋਵੇ। ਫਿਰ ਉਹ ਹੀ ਇਕੋ ਇਕ ਸਿੱਖ ਹੈ, ਜਿਸ ਨੂੰ ਸਮੁੱਚੀ ਕੌਮ ਨੇ 'ਸੁਲਤਾਨ-ਉਲ-ਕੌਮ ' ਕਹਿਆ। ਠੀਕ ਗੱਲ ਤਾਂ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਵੀ ਸਮੁੱਚੀ ਕੌਮ ਦਾ ਮਾਣ ਲੈਣ ਤੋਂ ਅਸਮਰਥ ਰਹੇ, ਕਿਉਂਕਿ ਕੁਝ ਰਿਆਸਤਾਂ ਨੇ ਅੰਗਰੇਜ਼ੀ ਸਰਪ੍ਰਸਤੀ ਹੇਠਾਂ ਜਾਣਾ ਠੀਕ ਜਾਣ ਲਿਆ ਸੀ। ਫਿਰ ਜੱਥੇਦਾਰ ਜੱਸਾ ਸਿੰਘ ਜੀ ਐਸੀ ਸ਼ਖਸੀਅਤ ਹੈ, ਜਿਸ ਦਾ ਜਨਮ ਹੀ ਦਸਮੇਸ਼ ਪਿਤਾ ਦੀ ਅਸੀਸ ਨਾਲ ਹੋਇਆ। ਉਹ ਭਾਵੇਂ ੪ ਸਾਲ ਦੇ ਹੀ ਯਤੀਮ ਹੋ ਗਏ ਪਰ ਮਾਂ ਨੇ, ਜਿਸ ਵਿੱਚ ਸਿੱਖੀ ਕੁੱਟ-ਕੁੱਟ ਕੇ ਭਰੀ ਹੋਈ ਸੀ, ਬੱਚੇ ਨੂੰ ਓਝੜੇ ਨਾ ਪੈਣ ਦਿੱਤਾ। ਮਾਂ ਨੇ ਬੱਚੇ ਨੂੰ ਗੁਰਬਾਣੀ ਦੀ ਐਸੀ ਗੁੜ੍ਹਤ ਦਿੱਤੀ ਤੇ ਕੀਰਤਨ ਦੀ ਅਜਿਹੀ ਘੁੱਟੀ ਪਿਲਾਈ ਕਿ ਸਾਰੀ ਉਮਰ ਗੁਰਬਾਣੀ ਉਸ ਦਾ ਅਧਾਰ ਬਣੀ ਰਹੀ। ਗੁਰਬਾਣੀ ਰਾਹੀਂ ਉਨ੍ਹਾਂ ਵਿਚ ਇਤਨੀ ਰਵਾਦਾਰੀ ਭਰੀ ਗਈ ਕਿ ਮੁਸਲਮਾਨਾਂ ਤੱਕ ਨੂੰ ਉਠਾਲਣ ਵੇਲੇ ਇਹ ਹੀ ਕਹਿੰਦੇ: 'ਉਠੋ, ਸੁਬਹ ਸੌਣ ਲਈ ਨਹੀਂ, ਉਸ ਦੀ ਯਾਦ ਵਿਚ ਜੁੜਣ ਲਈ ਹੈ।' ਜੱਥੇਦਾਰ ਜੱਸਾ ਸਿੰਘ ਐਸੇ ਖੁਸ਼-ਕਿਸਮਤ ਹਨ ਜਿਨ੍ਹਾਂ ਨੂੰ ਮਾਤਾ ਸੁੰਦਰ ਕੌਰ ਜੀ (ਸੁੰਦਰੀ ਜੀ) ਨੇ ਆਪਣੇ ਪਾਸ ਦਿੱਲੀ ਸੱਤ ਸਾਲ ਰੱਖ ਸਵਾਰਿਆ ਤੇ ਗੋਦ ਲੈ 'ਬਾਦਸ਼ਾਹਿ-ਪੰਥ ਤੇ ਹਰ ਸਮੇਂ ਤੇਰੇ ਗਿਰਦ ਆਸਿਆਂ ਵਾਲੇ ਫਿਰਨਗੇ' ਦੀ ਅਸੀਸ ਦਿੱਤੀ। ਫਿਰ ਉਹ ਹੀ ਐਸੇ ਜਰਨੈਲ ਹਨ, ਜਿਨ੍ਹਾਂ ਨੂੰ ਨਵਾਬ ਕਪੂਰ ਸਿੰਘ ਜੀ ਨੇ ਘੜ ਅਜਿਹਾ ਸੰਵਾਰਿਆ ਕਿ ਸਮੁੱਚੀ ਕੌਮ ਦੀ ਵਾਗਡੋਰ ਹੀ ਸੰਨ ੧੭੪੮ ਨੂੰ ਉਨ੍ਹਾਂ ਦੇ ਹੱਥ ਸੌਂਪ ਦਿੱਤੀ। ਜੱਥੇਦਾਰ ਜੱਸਾ ਸਿੰਘ ਜੀ ਨੇ ਜਿੰਮੇਵਾਰੀ ਨੂੰ ਅੰਤਮ ਸਵਾਸਾਂ ਤੱਕ ਅਜਿਹਾ ਨਿਭਾਇਆ ਕਿ ਉਨ੍ਹਾਂ ਦੇ ਅਕਾਲ ਚਲਾਣੇ ਤੇ ਭਾਵੇਂ ਉਨ੍ਹਾਂ ਦੇ ਹੁਕਮ ਮੁਤਾਬਿਕ ਕਿਸੇ ਅੱਥਰੂ ਨਾ ਵਗਾਇਆ ਪਰ ਸਸਕਾਰ ਹੋ ਜਾਣ ਉਪਰੰਤ ਕੋਈ ਸਿੱਖ ਅਜਿਹਾ ਨਹੀਂ ਸੀ, ਜਿਸ ਦੀ ਅੱਖ ਸੱਜਲ ਨਾ ਹੋਈ ਹੋਵੇ ਤੇ ਕੋਈ ਅਜਿਹਾ ਪੁਰਸ਼ ਨਹੀਂ ਸੀ ਜੋ ਇਹ ਨਾ ਕਹਿ ਰਿਹਾ ਹੋਵੇ ਕਿ 'ਧਰਮ ਰਾਜ! ਇਹ ਤੂੰ ਕੀ ਕੀਤਾ?'

**ਜਨਮ-** ਜੱਥੇਦਾਰ ਜੱਸਾ ਸਿੰਘ ਜੀ ਦਾ ਜਨਮ ੩ ਮਈ, ੧੭੧੮ ਈ: ਸਰਦਾਰ ਬਦਰ ਸਿੰਘ ਜੀ ਦੇ ਘਰ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ ਸੀ। ਕਈ ਸਾਲ ਲੰਘ ਜਾਣ 'ਤੇ ਵੀ ਜਦ ਸ. ਬਦਰ ਸਿੰਘ ਜੀ ਦੇ ਘਰ ਸੰਤਾਨ ਨਾ ਹੋਈ ਤਾਂ ਜੋੜੀ ਗੁਰੂ ਚਰਨਾਂ ਵਿਚ ਅਨੰਦਪੁਰ ਸਾਹਿਬ ਆਈ ਤੇ ਮਨੋ-ਦਸ਼ਾ ਦਸਮੇਸ਼ ਪਿਤਾ ਜੀ ਨੂੰ ਦੱਸੀ। ਕਲਗੀਆਂ ਵਾਲੇ ਗੁਰੂ ਪਿਤਾ ਜੀ ਨੇ ਬਖ਼ਸ਼ਿਸ਼ ਦੇ ਘਰ ਆ ਕੇ ਕਿਹਾ-"ਸੇਵਾ ਵਿਚ ਜੁਟੇ ਰਹੋ, ਨਾਮ ਨਾ ਵਿਸਾਰੋ! ਤੁਹਾਡੇ ਘਰ ਗੁਰੂ ਕਾ ਲਾਲ ਜਨਮ ਲੇਵੇਗਾ।" ਇਹ ਗੁਰੂ ਕਾ ਲਾਲ ਹੀ ਜੱਥੇਦਾਰ ਜੱਸਾ ਸਿੰਘ ਸੀ। ਜੱਥੇਦਾਰ ਜੱਸਾ ਸਿੰਘ ਅਜੇ ਚਾਰ ਸਾਲਾਂ ਦਾ ਹੀ ਸੀ ਕਿ ਪਿਤਾ ਭਾਈ ਬਦਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਐਸੀ ਘਾਤਕ ਸੱਟ ਪੈਣ 'ਤੇ ਵੀ ਮਾਤਾ ਗੁਜਰ ਕੌਰ ਜੀ (ਗੁਜਰੀ ਜੀ) ਜ਼ਰਾ ਨਾ ਡੋਲੇ। ਮਾਤਾ ਜੀ ਸਿੱਖੀ ਦਾ ਪੂਰਾ ਰੂਪ ਸਨ। ਗੁਰਬਾਣੀ ਬਹੁਤ ਕੰਠ ਸੀ। ਕੀਰਤਨ ਇਤਨਾ ਸੁੰਦਰ ਕਰਦੇ ਕਿ ਸੰਗਤਾਂ ਸਦਾ ਸੁਣਨਾ ਲੋਚਦੀਆਂ। ਬੇਟੇ ਸ. ਜੱਸਾ ਨੂੰ ਨਾਲ ਲੈ ਕੇ, ਜਿਥੇ ਵੀ ਸਿੰਘਾਂ ਦਾ ਦੀਵਾਨ ਲੱਗਾ ਸੁਣਦੇ, ਆਪੂੰ ਜ਼ਫਰ ਜਾਲ ਪੁੱਜਦੇ। ਆਸਾ ਦੀ ਵਾਰ ਦੀ ਚਉਕੀ ਲਗਾਂਦੇ। ਇਹ ਯਾਦ ਰਵ੍ਹੇ ਕਿ ਇਹ ਉਹ ਸਮਾਂ ਸੀ ਜਦ ਪੱਤਾ-ਪੱਤਾ, ਝਾੜ-ਝਾੜ ਸਿੰਘਾਂ ਦਾ ਵੈਰੀ ਸੀ। ਸਿੱਖ ਹੋਣਾ ਹੀ ਮੌਤ

ਸਹੇੜਨਾ ਸੀ। ਆਪਣੇ ਬੱਚੇ ਨੂੰ ਨਾਲ ਲੈ ਕੇ ਜੰਗਲਾਂ ਤੇ ਜੂਹਾਂ ਵਿੱਚ ਜਾ ਕੇ ਕੀਰਤਨ ਕਰਨਾ ਮੌਤ ਨੂੰ ਹੀ ਆਵਾਜ਼ਾਂ ਮਾਰਨੀਆਂ ਸਨ। ਇਕ ਸਮੇਂ ਸਰਦਾਰ ਬਾਘ ਸਿੰਘ ਜੀ ਨੇ ਆਪਣੀ ਭੈਣ ਨੂੰ ਕਿਹਾ ਕਿ ਸ. ਜੱਸਾ ਸਿੰਘ ਦਾ ਜਨਮ ਕਲਗੀਧਰ ਜੀ ਦੀ ਬਖਸ਼ਿਸ਼ ਸਦਕਾ ਹੋਇਆ ਹੈ ਅਤੇ ਅਜੇ ਤੱਕ ਉਹ 'ਸ਼ੁਕਰ ਵੀ ਨਹੀਂ ਕਰ ਸਕੇ। ਚੰਗਾ ਇਹ ਹੀ ਬਣ ਆਉਂਦਾ ਹੈ ਕਿ ਹੁਣ ਮਾਤਾ ਸੁੰਦਰ ਕੌਰ ਜੀ ਪਾਸ ਜਾ ਕੇ ਅਸੀਸ ਲਈ ਜਾਏ।

**ਦਿੱਲੀ ਵਿਚ ੭ ਸਾਲ-** ਜਦ ਅਸੀਸਾਂ ਲੈਣ ਅਤੇ ਸ਼ੁਕਰ ਮਨਾਉਣ ਲਈ ਦਿੱਲੀ ਮਾਤਾ ਸੁੰਦਰ ਕੌਰ ਜੀ ਪਾਸ ਮਾਂ-ਪੁੱਤ ਤੇ ਮਾਮਾ ਪੁੱਜੇ ਤਾਂ ਉਥੇ ਇਕ ਦਿਨ ਮਾਂ ਪੁੱਤਰ ਨੇ ਰਲ ਕੇ ਜਦ ਕੀਰਤਨ ਕੀਤਾ ਤਾਂ ਮਾਤਾ ਸੁੰਦਰ ਕੌਰ ਜੀ ਨੇ ਉਥੇ ਹੀ ਟਿਕਣ ਲਈ ਕਿਹਾ। 'ਇਸ ਤੋਂ ਵੱਧ ਵੱਡੇ ਭਾਗ ਸਾਡੇ ਕੀ ਹੋ ਸਕਦੇ ਹਨ' ਕਹਿ ਕੇ ਮਾਮਾ ਸ. ਬਾਘ ਸਿੰਘ ਮਾਂ-ਬੇਟਾ ਨੂੰ ਦਿੱਲੀ ਟਿਕਾ ਗਏ। ਮਾਂ-ਬੇਟਾ ਕੀਰਤਨ ਕਰਦੇ। ਸੰਗਤਾਂ ਦੀ ਸੇਵਾ ਕਰ ਖੁਸ਼ੀਆਂ ਲੈਂਦੇ। ਮਾਤਾ ਜੀ ਨੇ ਬਾਲਕ ਜੱਸਾ ਸਿੰਘ ਦੀ ਪੜ੍ਹਾਈ-ਲਿਖਾਈ ਦਾ ਪ੍ਰਬੰਧ ਇਕ ਪ੍ਰਸਿੱਧ ਮਕਤਬ ਵਿਚ ਕਰਾ ਦਿੱਤਾ। ਫ਼ਾਰਸੀ ਤੇ ਗਣਿਤ ਵਿੱਦਿਆ ਸ. ਜੱਸਾ ਸਿੰਘ ਨੇ ਛੇਤੀ ਹੀ ਸਿੱਖ ਲਈ। ਗੁਰਬਾਣੀ ਦੇ ਰਹੱਸ ਮਾਤਾ ਜੀ ਦੇ ਚਰਨਾਂ ਵਿਚ ਬੈਠ ਕੇ ਸਮਝੇ। ਪੁੱਤਰਾਂ ਵਾਂਗ ਹੀ ਮਾਤਾ ਸੁੰਦਰ ਕੌਰ ਜੀ ਪਾਲ ਰਹੇ ਸਨ ਅਤੇ ਲੋਕਾਂ ਵਿਚ ਇਹ ਪ੍ਰਸਿੱਧ ਵੀ ਹੋਇਆ ਕਿ ਸ. ਜੱਸਾ ਸਿੰਘ ਮਾਤਾ ਸੁੰਦਰ ਕੌਰ ਜੀ ਦਾ 'ਪੁਤਰੈਲਾ' ਹੈ। ਮੁਗ਼ਲ ਨੀਤੀ ਨੂੰ ਵੀ ਸ. ਜੱਸਾ ਸਿੰਘ ਨੇੜੇ ਹੋ ਤੋਂ ਤੱਕ ਰਹੇ ਸਨ। ਐਸੀਆਂ ਸੁਲਝੀਆਂ ਵਿਚਾਰਾਂ ਕਰਦੇ ਕਿ ਮਾਤਾ ਸੁੰਦਰ ਕੌਰ ਜੀ ਨੇ ਇਕ ਵਾਰ ਗੋਦ ਲੈ ਕੇ ਫ਼ੁਰਮਾਇਆ ਵੀ: 'ਯਹਿ ਬਾਦਸ਼ਾਹਿ-ਪੰਥ' ਹੈ।

ਵਾਪਿਸ ਪੰਜਾਬ- ਸੱਤ ਕੁ ਸਾਲ ਦਿੱਲੀ ਰਾਜ-ਸਾਜ , ਧਰਮ-ਕਰਮ ਦੀ ਸਿੱਖਿਆ ਲੈਣ ਉਪਰੰਤ ਮਾਮਾ ਸ. ਬਾਘ ਸਿੰਘ ਜੀ ਪੰਜਾਬ ਆਪਣੇ ਕੋਲ ਲੈ ਆਏ। ਮਾਤਾ ਸੁੰਦਰ ਕੌਰ ਜੀ ਨੇ ਰੁੱਖਸਤੀ ਵੇਲੇ ਸ. ਜੱਸਾ ਸਿੰਘ ਨੂੰ ਲਿਬਾਸ-ਫ਼ਾਖਰਹ (ਕੀਮਤੀ ਪੋਸ਼ਾਕਾ) ਆਪਣੇ ਹੱਥੀਂ ਪਹਿਨਾਇਆ ਤੇ ਫਿਰ ਅਸੀਸਾਂ ਦਿੱਤੀਆਂ ਕਿ 'ਬੇਟਾ ਸਾਹਿਬ-ਇਕਬਾਲ ਹੋਗਾ' ਅਤੇ ਆਪਣੇ ਕੋਲੋਂ ਇਕ ਚਾਂਦੀ ਦਾ ਆਸਾ ਦੇਂਦੇ ਫਿਰ ਕਿਹਾ-ਤੇਰੇ ਤੇ ਤੇਰੀ ਸੰਤਾਨ ਗਿਰਦੇ ਆਸਿਆਂ ਵਾਲੇ ਸਦਾ ਰਹਿਣਗੇ। ਪੰਜਾਬ ਪੁੱਜ ਸ਼ਸਤਰ ਵਿੱਦਿਆ, ਘੋੜ ਸਵਾਰੀ ਤੇ ਤੀਰ-ਅੰਦਾਜ਼ੀ ਦੇ ਜੌਹਰ ਸਿੱਖੇ। ਕੱਦ-ਕਾਠ ਚੰਗਾ ਨਿਕਲ ਆਇਆ ਸੀ। ਅਵਾਜ਼ ਵੀ ਭਰਵੀ ਸੀ। ਫੁਰਤੀਲੇ ਬੜੇ ਸਨ। ਕਦੇ ਸੰਜੋਅ ਜਾਂ ਜ਼ਰਹ-ਬਕਤਰ ਤੱਕ ਸਾਰੀ ਉਮਰ ਨਹੀਂ ਸੀ ਪਹਿਨਿਆ। ਪਿੱਛੋਂ ਰਣਨੀਤੀ ਸਮਝਾਂਦੇ ਸਿੱਖਾਂ ਨੂੰ ਕਿਹਾ ਵੀ ਕਰਦੇ ਸਨ ਕਿ 'ਸੰਜੋਅ ਪਹਿਨਣ ਨਾਲ ਲੜਨ ਵਿਚ ਦਿੱਕਤ ਹੁੰਦੀ ਹੈ। ਵਾਰ ਕਰਨ ਵਿਚ ਔਖਿਆਈ ਹੁੰਦੀ ਹੈ। ਸੰਜੋਅ ਤਾਂ ਬਚ ਕੇ ਲੜਨ ਵਾਲਿਆਂ ਲਈ ਹੁੰਦਾ ਹੈ। ਸਿੰਘ ਲਲਕਾਰ ਲੜਦਾ ਹੈ। ' ਕਿਤਨੇ ਹੀ ਜ਼ਖ਼ਮ ਸਰੀਰ 'ਤੇ ਸਨ ਪਰ ਰਤਾ ਭਰ ਪ੍ਰਵਾਹ ਨਹੀਂ ਸਨ ਕਰਦੇ। ਪੁਰਾਤਨ ਸਿੰਘ ਤਾਂ ਕਹਿੰਦੇ ਹੀ ਇਹ ਸਨ ਕਿ 'ਸਰੀਰ ਪਵਿੱਤਰ ਹੀ ਤਾਂ ਹੁੰਦਾ ਹੈ, ਜਦ ਸ਼ਸਤਰ ਸਰੀਰ ਨੂੰ ਲੱਗੇ।' ਨਵਾਬ ਕਪੂਰ ਸਿੰਘ ਦੀ ਛੱਤਰ-ਛਾਇਆ ਹੇਠ ਪੰਜਾਬ ਵਿਚ ਰਾਜ ਨਵਾਬ ਜ਼ਕਰੀਆ ਖਾਨ ਦਾ ਸੀ, ਜਿਸ ਦੋ-ਅਮਲੀ ਅਪਣਾਈ ਹੋਈ ਸੀ। ਇਕ ਪਾਸੇ ਤਾਂ ਸਿੱਖਾਂ 'ਤੇ ਅਤਿ ਦੇ ਜ਼ੁਲਮ ਢਾਹ ਰਿਹਾ ਸੀ ਤੇ ਦੂਜੇ ਪਾਸੇ ਆਦਰ ਵਾਲੀਆਂ ਥਾਵਾਂ ਦੇਂਦਾ ਸੀ। ਨਵਾਬੀ ਵੀ ਉਸ ਨੇ ਇਸੇ ਦੋ-ਅਮਲੀ ਮੁਤਾਬਿਕ ਭੇਜੀ ਸੀ। ਨਵਾਬੀ ਆਉਣ 'ਤੇ ਪਹਿਲਾਂ ਤਾਂ ਸਿੰਘਾਂ ਨੇ ਖਰਾਬੀ ਆਖ ਪਰਤਾ ਦਿੱਤੀ, ਪਰ ਸਰਦਾਰ ਸੁਬੇਗ ਸਿੰਘ ਜੀ ਦੇ ਕਹਿਣ ਤੇ ਕਿ 'ਦਾਹਵਾ ਪਾਤਸ਼ਾਹੀ ਕਾਇਮ ਰੱਖੋ ਤੇ ਇਸ ਨੂੰ ਵਰਤ ਕੇ ਲੋਕਾਂ ਨੂੰ ਦੱਸੋ ਕਿ ਜੇ ਸਾਡਾ ਰਾਜ ਆਇਆ ਤਾਂ ਐਸਾ ਹਲੀਮੀ ਰਾਜ ਹੋਵੇਗਾ, ਜਿੱਥੇ ਸਭ ਸੁਖੀ ਵਿਚਰਨਗੇ।'

ਇਸੇ ਦੌਰਾਨ ਮਾਂ, ਮਾਮਾ ਸ. ਬਾਘ ਸਿੰਘ ਤੇ ਜੱਥੇਦਾਰ ਜੱਸਾ ਸਿੰਘ ਜਦ ਇਕ ਵਾਰੀ ਵੈਸਾਖੀ ਦੇ ਮੇਲੇ ਸ੍ਰੀ ਅੰਮ੍ਰਿਤਸਰ ਆਏ ਤੇ ਸੰਗਤ ਵਿਚ ਕੀਰਤਨ ਕੀਤਾ ਤਾਂ ਨਵਾਬ ਕਪੂਰ ਸਿੰਘ ਜੀ ਨੂੰ ਐਸਾ ਭਾਹਿਆ ਕਿ ਮਾਂ-ਮਾਮਾ ਅੱਗੇ ਜੱਥੇਦਾਰ ਜੱਸਾ ਸਿੰਘ ਨੂੰ ਕੋਲ ਹੀ ਰੱਖਣ ਲਈ ਇੱਛਾ ਪ੍ਰਗਟਾਈ। ਉਨ੍ਹਾਂ ਨੇ ਖੁਸ਼ੀ ਨਾਲ ਸਵੀਕਾਰ ਕੀਤਾ। ਨਵਾਬ ਕਪੂਰ ਸਿੰਘ ਜੀ ਨੇ ਦਿਨਾਂ ਵਿਚ ਹੀ ਤੱਕ ਲਿਆ ਕਿ ਨੌਜੁਆਨ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਹੈ। ਪੜ੍ਹਿਆ-ਲਿਖਿਆ ਜਾਣ ਸਿੰਘਾਂ ਨੂੰ ਰਸਦ ਅਤੇ ਘੋੜਿਆਂ ਨੂੰ ਦਾਣਾ ਫੱਕਾ ਦੇਣ 'ਤੇ ਲਗਾ ਦਿੱਤਾ। *(ਬਾਕੀ ਪੰਨਾ ੨੭ 'ਤੇ)*



ਸਰਹੱਦੀ ਪਿੰਡ ਮੁਹਾਰ (ਫਾਜ਼ਿਲਕਾ) ਵਿਖੇ ਸਿੱਖੀ ਸਰੂਪ ਧਾਰਨ ਕਰਨ ਵਾਲੇ ਗ੍ਰੰਥੀ ਸਿੰਘਾਂ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਜਥੇਦਾਰ ਸੂਬਾ ਸਿੰਘ ਡੱਬਵਾਲਾ ਅਤੇ ਹੋਰ। (੭ ਅਪ੍ਰੈਲ)



ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਪਾਕਿਸਤਾਨ) ਵਿਖੇ ਖ਼ਾਲਸਾ ਸਾਜਨਾ ਦਿਵਸ ਮਨਾਉਣ ਲਈ ਅੰਤ੍ਰਿੰਗ ਮੈਂਬਰ ਸ. ਗੁਰਮੀਤ ਸਿੰਘ ਬੂਹ ਦੀ ਅਗਵਾਈ ਵਿਚ ਜੱਥਾ ਰਵਾਨਾ ਕਰਦੇ ਹੋਏ ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਤੇ ਸ. ਜਗਜੀਤ ਸਿੰਘ ਜੱਗੀ ਨਿੱਜੀ ਸਕੱਤਰ ਅਤੇ ਹੋਰ। (12 ਅਪ੍ਰੈਲ)



ਖ਼ਾਲਸਾ ਸਾਜਣਾ ਦਿਵਸ (ਵੈਸਾਖੀ) ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਗਿਆਨੀ ਗੁਰਬਚਨ ਸਿੰਘ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਮੈਂਬਰ ਸਾਹਿਬਾਨ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਦਿੰਦੇ ਹੋਏ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ। (14 ਅਪ੍ਰੈਲ)



ਖ਼ਾਲਸਾ ਸਾਜਣਾ ਦਿਵਸ (ਵੈਸਾਖੀ) ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਖੰਡ ਕੀਰਤਨੀ ਜਥੇ ਦੇ ਮੁੱਖ ਸਮਾਗਮ ਵਿਚ ਕੀਰਤਨ ਦੀ ਹਾਜ਼ਰੀ ਭਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ। (15 ਅਪ੍ਰੈਲ)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਦੀਆਂ ਸੰਗਤਾਂ ਦੀ ਰਿਹਾਇਸ਼ ਲਈ ਸਰਾਂ ਬਣਾਉਣ ਸਬੰਧੀ ਸਥਾਨਕ ਅਕਾਲੀ ਬਾਗ ਵਾਲੀ ਥਾਂ ਦਾ ਮੌਕਾ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ। (15 ਅਪ੍ਰੈਲ)




ਸ਼੍ਰੋਮਣੀ ਕਮੇਟੀ ਦੇ ਸੇਵਾ ਮੁਕਤ ਮੁਲਾਜ਼ਮ ਨੂੰ ਮੁਲਾਜ਼ਮ ਭਲਾਈ ਫੰਡ ਸਕੀਮ ਦੇ ਸਮਾਗਮ ਸਮੇਂ ਸਨਮਾਨਤ ਕਰਨ ਸਮੇਂ ਅੰਤ੍ਰਿੰਗ ਮੈਂਬਰ ਸ. ਭਗਵੰਤ ਸਿੰਘ ਸਿਆਲਕਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ ਬਾਠ, ਸ. ਅਵਤਾਰ ਸਿੰਘ ਸੈਂਪਲਾ ਅਤੇ ਹੋਰ। (16 ਅਪ੍ਰੈਲ)







ਧਰਮ ਪ੍ਰਚਾਰ ਕਮੇਟੀ ਵੱਲੋਂ ਗ੍ਰੰਥੀ ਤੇ ਅਖੰਡਪਾਠੀ ਸਿੰਘਾਂ ਨੂੰ ਗੁਰਬਾਣੀ ਸੰਥਿਆ ਦੇਣ ਲਈ
ਭਾਈ ਗੁਰਦਾਸ ਹਾਲ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਪਾਠ ਬੋਧ ਸਮਾਗਮ ਦੀ ਆਰੰਭਤਾ ਕਰਵਾਉਣ ਸਮੇਂ
ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ,
ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਅਧਿਕਾਰੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ (17 ਅਪ੍ਰੈਲ)



ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਟਿਊਟ ਬਹਾਦਰਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਕਰਵਾਈ ਗਈ ਰਾਸ਼ਟਰੀ ਕਾਨਫਰੰਸ ਵਿਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਬੁੱਧੀਜੀਵੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ।



ਰਾਸ਼ਟਰ ਮੰਡਲ ਖੇਡਾਂ ਵਿਚ ਐਥਲੈਟਿਕਸ ਦੇ ਡਿਸਕਸ ਥਰੋ ਮੁਕਾਬਲੇ 'ਚ ਕਾਂਸੀ ਦਾ ਤਗਮਾ ਪ੍ਰਾਪਤ ਕਰਨ ਵਾਲੀ ਨਵਜੀਤ ਕੌਰ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ ਕਰਦੇ ਹੋਏ ਸ. ਮਨਜੀਤ ਸਿੰਘ ਸਕੱਤਰ ਅਤੇ ਹੋਰ। (18 ਅਪ੍ਰੈਲ)



ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਤ ਸੇਵਾ ਸਰਗਰਮੀਆਂ ਦਾ ਦੂਜਾ ਅੰਕ ਜਾਰੀ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ। ਉਨ੍ਹਾਂ ਨਾਲ ਸਕੱਤਰ ਸ. ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਤੇ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਨਿੱਜੀ ਸਕੱਤਰ ਸ. ਜਗਜੀਤ ਸਿੰਘ ਜੱਗੀ ਅਤੇ ਹੋਰ। (18 ਅਪ੍ਰੈਲ)



ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਇਕੱਤਰਤਾ ਹਾਲ ਵਿਖੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸਮੇਂ ਪ੍ਰਧਾਨਗੀ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਮੀਟਿੰਗ 'ਚ ਹਾਜ਼ਰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਅਧਿਕਾਰੀ। (20 ਅਪ੍ਰੈਲ)




ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ। (22 ਅਪ੍ਰੈਲ)



ਧਾਰਮਿਕ ਪ੍ਰੀਖਿਆ ਸਾਲ 2017 ਦਾ ਨਤੀਜਾ ਜਾਰੀ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ, ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਪ੍ਰਤਾਪ ਸਿੰਘ, ਸ. ਜਗਜੀਤ ਸਿੰਘ ਜੱਗੀ ਤੇ ਹੋਰ। (5 ਮਈ)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਯੂਨੀਅਨ ਬੈਂਕ ਵੱਲੋਂ ਭੇਟ ਕੀਤੀ ਗਈ ਐਂਬੂਲੈਂਸ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੂੰ ਸੌਂਪਦੇ ਹੋਏ ਬੈਂਕ ਦੇ ਐਮ.ਡੀ. ਸ੍ਰੀ ਰਾਜ ਕਿਰਨ ਰਾਏ ਅਤੇ ਹੋਰ। (22 ਅਪ੍ਰੈਲ)



ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਟਿਆਲਾ ਵਿਖੇ ਸਟਾਫ ਲਈ ਤਿਆਰ ਕੀਤੇ ਗਏ ਰਿਹਾਇਸ਼ੀ ਕੁਆਰਟਾਂ ਦਾ ਉਦਘਾਟਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੈਂਬਰ ਸਾਹਿਬਾਨ, ਅਧਿਕਾਰੀ ਅਤੇ ਹੋਰ।

(ਪੰਨਾ ੧੮ ਦਾ ਬਾਕੀ)

ਜੱਥੇਦਾਰ ਜੱਸਾ ਸਿੰਘ ਜੀ ਦੀ ਬੋਲੀ ਵਿਚ ਦਿੱਲੀ ਵਿਖੇ ਸਿੱਖਿਆ ਪ੍ਰਾਪਤ ਕਰਨ ਕਾਰਨ, ਹਿੰਦੀ ਦੀ ਮਿਲਾਵਟ ਸੀ ਤੇ ਗੱਲਾਂ-ਗੱਲਾਂ ਵਿਚ 'ਹਮ ਕੋ ਤੁਮ ਕੋ' ਵੀ ਕਹਿ ਜਾਂਦਾ ਸੀ। ਸਿੰਘਾਂ ਅੱਲ ਹੀ 'ਹਮ ਕੋ ਤੁਮ ਕੋ' ਪਾ ਦਿੱਤੀ। ਸ. ਜੱਸਾ ਸਿੰਘ ਜੀ ਨੇ ਰੋਣ-ਹਾਕਾ ਹੋ ਜਦ ਨਵਾਬ ਸਾਹਿਬ ਨੂੰ ਦੱਸਿਆ ਕਿ ਸਿੰਘ ਧੌਲ-ਧਪਾ ਕਰਦੇ ਹਨ ਤੇ 'ਹਮ ਕੋ ਤੁਮ ਕੋ'ਕਹਿ ਛੇੜਦੇ ਹਨ ਤਾਂ ਦਿਲਾਸਾ ਦੇਂਦੇ, ਨਵਾਬ ਕਪੂਰ ਸਿੰਘ ਜੀ ਨੇ ਕਿਹਾ-

"ਇਸ ਤੋਂ ਨਾਂਹ ਘਬਰਈਂ। ਇਹ ਗੁਰ -ਖ਼ਾਲਸਾ ਹੈ ਜੋ ਮੇਰੇ ਵਰਗੇ,<br>
ਲਿੱਦ ਚੁੱਕਣ ਵਾਲੇ ਨੂੰ ਨਵਾਬ ਬਣਾ ਸਕਦੇ ਹਨ ਤਾਂ ਤੇਰੇ ਵਰਗੇ<br>
ਦਾਣਾ ਫੱਕਾ ਵੰਡਣ ਵਾਲੇ ਨੂੰ ਪਾਤਸ਼ਾਹ ਬਣਾਉਣਾ ਇਨ੍ਹਾਂ ਲਈ ਕੀ ਔਖਾ ਹੈ।"

ਨਵਾਬ ਕਪੂਰ ਸਿੰਘ ਜੀ ਨੇ ਪੰਜਾਂ ਪਿਆਰਿਆਂ ਵਿਚ ਆਪ ਸ਼ਾਮਿਲ ਹੋ ਕੇ ਅੰਮ੍ਰਿਤ ਛਕਾਇਆ। ਫਿਰ ਦਸਤਾਰ ਵੀ ਹੱਥੀਂ ਬੱਧੀ।

**ਹੋਰ ਨਿਮਰਤਾ-** ਜੱਥੇਦਾਰ ਜੱਸਾ ਸਿੰਘ ਜੀ ਨੇ ਨਿਮਰਤਾ ਨਾਲ ਸਿੰਘਾਂ ਦੀ ਸੇਵਾ ਜਾਰੀ ਰੱਖੀ ਤੇ ਕਦੇ ਉਲਾਹਮਾ ਆਉਣ ਨਾ ਦਿੱਤਾ ਤੇ ਆਪੂੰ ਫੇਰ ਕਦੇ ਗਿਲਾ ਨਾ ਕੀਤਾ। ਰਸਦ ਵਰਤਾਉਣ ਦਾ ਪ੍ਰਬੰਧ ਵੀ ਅਜਿਹਾ ਕੀਤਾ ਕਿ ਜੁਦਾ-ਜੁਦਾ ਮੋਦੀਖਾਨੇ ਬਣਾ ਦਿੱਤੇ। ਦੋਹਾਂ ਤਰਫ ਪਹਿਰਾ ਲਗਾ ਦਿੱਤਾ ਅਤੇ ਕਿਹਾ ਕਿ ਹਰ ਇਕ ਜਥਾ ਕਤਾਰ ਵਿਚ ਆਵੇ ਤੇ ਦੂਜੀ ਕਤਾਰ ਵਿਚ ਵਾਪਸ ਜਾਵੇ। ਜਿਹੜਾ ਰਸਦ ਲੈਣ ਲਈ ਪਹਿਲੇ ਆਵੇਗਾ, ਉਸ ਨੂੰ ਪਹਿਲਾਂ ਮਿਲੇਗੀ। ਕੋਈ ਪੇਸ਼ ਦਸਤੀ ਨਾ ਕਰੇ। ਐਸਾ ਇੰਤਜ਼ਾਮ ਹੋਇਆ ਕਿ ਸਭ ਰਾਜ਼ੀ ਹੋਏ। ਸਿੰਘ ਹੈ ਹੀ ਸਨ ਜਤੀ ਸਤੀ, ਭੋਲੇ ਭੰਡਾਰੇ, ਸਬਰ ਦੀਆਂ ਮੂਰਤਾਂ। ਇਤਨਾ ਇਕ ਦੂਜੇ ਨਾਲ ਪਿਆਰ ਕਰਦੇ ਕਿ ਸਭ ਸਕੇ ਭਰਾ ਲੱਗਦੇ। ਸ਼ਿਕਵੇ-ਸ਼ਿਕਾਇਤਾਂ ਤੇ ਗਿਲੇ-ਗੁਜ਼ਾਰੀਆਂ ਦਾ ਨਾਂ ਤੱਕ ਨਹੀਂ ਸੀ:

ਕੋ ਨਾ ਕਰੇ ਕਿਸੇ ਸ਼ਰੀਕਾ।<br>
ਕੋਈ ਨਾ ਸੁਣਾਵੇ ਦੁਖ ਨਿਜ ਜੀ ਕਾ।

**ਜਾਗਤ ਸੁਭਾਅ-** ਇਤਨੇ ਸੁਚੇਤ ਤੇ ਜਾਗਤ ਸੁਭਾਅ ਵਾਲੇ ਜੱਥੇਦਾਰ ਜੱਸਾ ਸਿੰਘ ਜੀ ਬਣ ਗਏ ਸਨ ਕਿ ਇਕ ਵਾਰੀ ਰਾਤ ਨੂੰ ਨਵਾਬ ਕਪੂਰ ਸਿੰਘ ਜੀ ਕਈ ਵਾਰ ਆਵਾਜ਼ ਦਿੱਤੀ ਕਿ ਕੋਈ ਹਾਜ਼ਰ ਹੈ ਤਾਂ ਹਰ ਵਾਰ ਜੱਥੇਦਾਰ ਜੱਸਾ ਸਿੰਘ ਜੀ 'ਜੀ ਆਇਆ' ਆਖ ਕੇ ਤੱਟ-ਫੱਟ ਸਾਹਮਣੇ ਆ ਖੜ੍ਹੇ ਹੁੰਦੇ। ਇਸ ਲਗਨ ਦੀ ਅਗਲੇ ਦਿਨ ਨਵਾਬ ਸਾਹਿਬਾਨ ਨੇ ਭਰੇ ਦੀਵਾਨ ਵਿਚ ਪ੍ਰਸੰਸਾ ਕੀਤੀ।

**ਮੁਹਿੰਮਾਂ-** ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠਾਂ ਕੌਮ ਦੇ ਜਥੇ ਬਣ ਗਏ ਸਨ ਤੇ ਐਸੀ ਸੁਚੱਜੀ ਅਗਵਾਈ ਮਿਲ ਗਈ ਸੀ ਕਿ ਹਰ ਘਰੋਂ ਸਿਰ ਤੁਰਨੇ ਲੋਕ ਸਿੰਘ ਸਜ ਰਹੇ ਸਨ। ਇਤਨੇ ਨੂੰ ਨਾਦਰ ਦਾ ਹੱਲਾ ਹੋ ਗਿਆ। ਨਾਦਰ ਦੇ ਹੱਲੇ ਵੇਲੇ ਜੱਥੇਦਾਰ ਜੱਸਾ ਸਿੰਘ ਆਪਣੇ ਹੱਥ ਦਿਖਲਾਉਣ ਲੱਗ ਪਏ ਸਨ। ਭਾਵੇਂ ੨੦ ਕੁ ਸਾਲਾਂ ਦੇ ਮਸਾਂ ਹੋਏ ਸਨ, ਪਰ ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠਾਂ ਜੱਥੇਦਾਰ ਜੱਸਾ ਸਿੰਘ ਜੀ ਨੇ ਨਾਦਰ ਦੀ ਮੁੜਦੀ ਫ਼ੌਜ ਨੂੰ ਹਰ ਪੜਾਅ ਤੇ ਮਜੂਬਰੀ ਦਾ ਅਹਿਸਾਸ ਕਰਾਇਆ। ਨਾਦਰ ਨੇ ਗੁੱਸੇ ਵਿਚ ਆਪਣੇ ਸੁਭਾਅ ਮੁਤਾਬਿਕ ਜਦ ਜ਼ਕਰੀਆ ਖਾਨ ਨੂੰ ਕਿਹਾ, 'ਕਿ ਇਨ੍ਹਾਂ ਦੇ ਘਰ ਘਾਟ ਫੂਕ ਦਿਓ' ਤਾਂ ਜ਼ਕਰੀਆ ਖਾਨ ਨੇ ਕਿਹਾ, 'ਹਜ਼ੂਰ! ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਹਨ।'

"ਖਾਨਾਇ ਮੂਸ਼ਾਂ ਜ਼ੀਨ ਅਸਤ"

ਤਾਂ ਨਾਦਰ ਨੇ ਮੰਦ-ਮੰਦ ਮੁਸਕਰਾ ਕੇ ਕਿਹਾ: 'ਅਜਿਹੇ ਲੋਕਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਦੂਰ ਨਹੀਂ ਜਦ ਸਿਰ ਉਠਾਉਣਗੇ ਤੇ ਇਸ ਮੁਲਕ ਦੇ ਮਾਲਕ ਬਣਨਗੇ।'

"ਈਂ ਮੁਲਕ ਰਾ ਖ਼ਵਾਹਮਦ ਗ੍ਰਿਫ਼ਤ"

ਪ੍ਰਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਨਾਦਰ ਨੇ ਕਿਹਾ:

ਮਾਰਤ ਹੈ ਤੁਮ ਆਪ ਹੀ ਆਪਣੇ ਪੈਰ ਕੁਠਾਰ।

ਕੁਛ ਦਿਨ ਕੋ ਸਿੰਘ ਹੋਇ ਹੈ ਭੂਪਤਿ ਮੁਲਕ ਮਝਾਰ।

**ਸਖ਼ਤੀ ਦਾ ਦੌਰ–** ਜ਼ਕਰੀਆ ਖਾਨ ਨੇ ਉਲਟ ਸਮਝਿਆ। ਜਗੀਰ ਜ਼ਬਤ ਕਰ ਲਈ। ਸਖ਼ਤੀ ਦਾ ਦੌਰ ਫਿਰ ਚਲਿਆ। ਭਾਈ ਤਾਰੂ ਸਿੰਘ ਜੀ, ਭਾਈ ਹਕੀਕਤ ਰਾਇ ਜੀ ਅਤੇ ਹੋਰ ਅਨੇਕਾਂ ਸ਼ਹੀਦ ਕੀਤੇ ਗਏ। ਸਿੰਘਾਂ ਨੂੰ ਘਰ ਬਾਰ ਛੱਡ ਮਾਲਵੇ ਵੱਲ ਤੇ ਪਹਾੜਾਂ ਵੱਲ ਜਾਣਾ ਪਿਆ। ਜ਼ਕਰੀਆਂ ਖਾਨ ਦੀ ਮੌਤ ਪਿੱਛੋਂ ਸ਼ਾਹ ਨਿਵਾਜ਼ ਨੇ ਕੁਝ ਚਿਰ ਨਵਾਬੀ ਕੀਤੀ, ਪਰ ਯਾਹੀਆ ਖਾਨ ਨੇ ਲਖਪਤ ਰਾਇ ਨੂੰ ਨਾਲ ਲੈ ਕੇ ਕਰੜਾ ਹੱਲਾ ਬੋਲ ਦਿੱਤਾ।

ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਜਸਪਤ ਰਾਇ ਨੂੰ ਰੋੜੀ ਸਾਹਿਬ, ਭਾਈ ਬੀਰੂ ਸਿੰਘ ਨੇ ਹਾਥੀ ਦੇ ਹੁੱਦੇ ਵਿਚ ਹੀ ਮਾਰ ਮੁਕਾਇਆ ਸੀ ਤਾਂ ਕੋਈ ਛੁੱਪ ਕੇ ਨਹੀਂ, ਦਿਨ ਦਿਹਾੜੇ ਉਸ ਨੂੰ ਕਹੇ ਕੁਬੋਲਾਂ ਦੀ ਸਜ਼ਾ ਦੇਣ ਲਈ ਜਸਪਤ ਦੇ ਭਰਾ ਲਖਪਤ ਰਾਇ ਨੇ ਬਦਲੇ ਦੀ ਨੌਈਅਤ ਨਾਲ ਬੇ-ਦੋਸ਼ਿਆਂ ਸਿੰਘਾਂ ਦਾ ਕਤਲ-ਇ-ਆਮ ਲਾਹੌਰ ਵਿਚ ਆਰੰਭ ਕਰ ਦਿੱਤਾ। ਜਦ ਜੱਥੇਦਾਰ ਜੱਸਾ ਸਿੰਘ ਜੀ ਨੇ ਸੁਣਿਆ ਤਾਂ ਉਸ ਵੇਲੇ ਨਵਾਬ ਲਾਹੌਰ ਨੂੰ ਲਿਖਿਆ, ਜਿਸ ਨੂੰ ਸਿੱਖਾਂ ਦੀ ਜੰਗ ਨੀਤੀ ਵੀ ਕਹਿ ਸਕਦੇ ਹਾਂ। ਜੱਥੇਦਾਰ ਜੱਸਾ ਸਿੰਘ ਜੀ ਨੇ ਲਿਖਿਆ:
"ਸਾਨੂੰ ਮਾਤਾ ਸੁੰਦਰ ਕੌਰ ਜੀ ਨੇ ਮੱਤ ਦਿੱਤੀ ਸੀ ਕਿ ਕਿਸੇ ਨੂੰ ਬਿਨਾਂ ਵਜਹ ਤਕਲੀਫ਼ ਨਹੀਂ ਦੇਣੀ"

ਅਸੀਂ ਰੋੜ੍ਹੀ ਸਾਹਿਬ ਅਬਾਦਤ ਲਈ ਗਏ ਸਾਂ। ਲਖਪਤ ਰਾਇ ਦੇ ਭਾਈ ਨੇ ਬੇ-ਸ਼ੁਮਾਰ ਫ਼ੌਜ ਭੇਜ ਦਿੱਤੀ ਤੇ ਸਿੰਘਾਂ ਨੂੰ ਤੰਗ ਕਰਨਾ ਆਰੰਭਿਆ। ਜੰਗ ਉਸ ਨੇ ਆਰੰਭੀ। ਫ਼ਤਹ ਅਖ਼ਤਯਾਰ ਅਕਾਲ ਪੁਰਖ ਦੇ ਹੈ। ਜਸਪਤ ਰਾਇ ਨੂੰ ਸ਼ਿਕਸਤ ਹੋਈ ਤੇ ਉਹ ਮਾਰਿਆ ਗਿਆ। ਜੰਗ ਵਿਚ ਕਿਸੇ ਨੂੰ ਮਾਰਨਾ ਕੋਈ ਗੁਨਾਹ ਨਹੀਂ ਹੈ ਅਤੇ ਖਾਸ ਕਰ ਉਸ ਨੂੰ ਜੋ ਪੇਸ਼-ਦਸਤੀ ਕਰੇ। ਲਖਪਤ ਰਾਇ ਨੂੰ ਆਖ ਕਿ-

ਖ਼ੂਨ ਬੇ-ਗੁਨਾਹੋਂ ਕੇ ਬਾਜ਼ ਆਵੇ।

"ਜੇ ਉਸ ਨੂੰ ਆਪਣੇ ਭਾਈ ਦੇ ਮਰਨ ਦਾ ਰੰਜ ਹੈ ਤਾਂ ਉਹ ਮੇਰੇ ਹੱਥੋਂ ਮਰਿਆ ਹੈ। ਮੇਰੇ ਨਾਮ ਮੁਕਾਬਲੇ ਲਈ ਆਵੇ ਤੇ ਭਾਈ ਦਾ ਬਦਲਾ ਲਵੇ। ਮਗਰ ਆਜਿਜ਼, ਬੇ-ਗੁਨਾਹ ਸਿੱਖਾਂ ਦਾ ਕਤਲ ਕਰਨਾ ਕਿਸੀ ਤਰ੍ਹਾਂ ਵਾਜਬ ਨਹੀਂ।" ਇਹ ਚਿੱਠੀ ਨਵਾਬ ਨੇ ਪੜ੍ਹ ਕੇ ਲਖਪਤ ਰਾਇ ਨੂੰ ਸੁਣਾਈ, ਪਰ ਉਹ ਤਾਂ ਕੀਨੇ ਤੇ ਹੰਕਾਰ ਦੀ ਅੱਗ ਵਿਚ ਇਤਨਾ ਸੜ ਰਿਹਾ ਸੀ ਕਿ ਸਗੋਂ ਸਿਰੋਂ ਪਗੜੀ ਉਤਾਰ ਕਹਿਣ ਲੱਗਾ ਕਿ ਹੁਣ ਤਦ ਹੀ ਬੰਨ੍ਹਾਂਗਾ ਜਦ ਸਿੰਘਾਂ ਦਾ ਖੁਰਾ-ਖੋਜ ਮਿਟਾ ਲਵਾਂਗਾ, ਪਰ ਉਹ ਭੁੱਲ ਗਿਆ:

ਕਿਸੈ ਨ ਬਦੈ ਆਪਿ ਹੰਕਾਰੀ॥ ਧਰਮ ਰਾਇ ਤਿਸੁ ਕਰੇ ਖੁਆਰੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੭੮)

ਛੋਟਾ ਘੱਲੂਘਾਰਾ (੧੭੪੬ ਈ.)- ਛੋਟਾ ਘੱਲੂਘਾਰਾ ਆਰੰਭ ਹੋਇਆ। ਇਸ ਛੋਟੇ ਘੱਲੂਘਾਰੇ ਵਿਚ ਸਿੰਘਾਂ ਦਾ ਇਹ ਹਾਲ ਸੀ ਕਿ ਸਿੰਘ ਚਾਰੇ ਪਾਸਿਓ ਹੀ ਘੇਰੇ ਗਏ। ਸੱਜੇ ਪਾਸੇ ਰਾਵੀ, ਪਿੱਛੇ ਮੁਗ਼ਲਈ ਫ਼ੌਜ, ਅੱਗੇ ਪਹਾੜੀਏ ਅਤੇ ਪਹਾੜ। ਨਾ ਰਸਦ, ਨਾ ਆਬ, ਨਾ ਤੋਪਾਂ, ਨਾ ਬਾਰੂਦ, ਘੋੜੇ ਥੱਕੇ-ਮਾਂਦੇ, ਸ਼ਸਤਰ ਖੁੰਢੇ, ਕਮਾਨਾਂ ਕਮਜ਼ੋਰ ,ਤੀਰ ਤੱਕ ਮੁੱਕ ਗਏ। ਨੇਜ਼ਿਆਂ ਦੇ ਫਾਲੇ ਲਾਸ਼ਾਂ ਦੇ ਤਨਾਂ ਵਿਚ ਰਹਿ ਗਏ ਤੇ ਹੋਰ ਤੇ ਹੋਰ ਘੜੇ ਨਹੀਂ ਸਨ ਜਾ ਸਕਦੇ, ਪਰ ਫਿਰ ਵੀ ਸਿੰਘ ਚੜ੍ਹਦੀਆਂ ਕਲਾਂ ਵਿਚ ਸਨ। ਅੱਧੀ ਰਾਤ ਮੁਸਾਫਰੀ, ਅੱਧੀ ਮੌਤ ਭੁੱਖ।

ਪਰ ਸਿੰਘਾਂ ਨੂੰ ਦੋਵੇਂ ਆ ਪਈਆਂ। ਅਗਵਾਈ ਨਵਾਬ ਕਪੂਰ ਸਿੰਘ ਜੀ ਆਪ੍ਰੂ ਕਰ ਰਹੇ ਸਨ। ਸਰਦਾਰ ਜੱਸਾ ਸਿੰਘ ਜੀ ਇਕ ਸਿਰੇ ਨੂੰ ਸਾਂਭੀ ਬੈਠੇ ਸਨ। ਸਰਦਾਰ ਸੁੱਖਾ ਸਿੰਘ ਜੀ ਅੱਗੇ ਹੋ ਕੇ ਲੜ ਰਹੇ ਸਨ। ਨੇੜੇ ਹੀ ਸੀ ਕਿ ਜੱਥੇਦਾਰ ਸੱਖਾ ਸਿੰਘ ਲੱਖਪਤ ਨੂੰ ਮਾਰ ਮੁਕਾਂਦੇ, ਪਰ ਤੋਪ ਦਾ ਇਕ ਗੋਲਾ ਅਜਿਹਾ ਲੱਗਾ ਕਿ ਉਨ੍ਹਾਂ ਦੀ ਲੱਤ ਉੱਡ ਗਈ। ਸਰਦਾਰ ਜੱਸਾ ਸਿੰਘ ਜੀ ਦੇ ਪੱਟ 'ਤੇ ਵੀ ਗੋਲੀ ਲੱਗੀ। ਉਨ੍ਹਾਂ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਲੜਦੇ ਰਹੇ। ਜਦ ਕੋਈ ਰਾਹ ਨਿਕਲਦਾ ਨਾ ਦਿਸਿਆ ਤਾਂ ਇਹ ਵਿਚਾਰ ਕੇ ਜਿਥੇ ਵੀ ਜਾ ਸਕਦੇ ਹੋ, ਚਲੇ ਜਾਓ, ਪਰ ਅਜਾਈਂ ਮੌਤ ਨਾ ਮਰਨਾ। "ਮੁੜ-ਮੁੜ ਲੜੋ, ਲੜੋ ਔਰ ਤੁਰਦੇ ਜਾਵੋ" ਦਾ ਤਰੀਕਾ ਅਪਣਾਇਆ। ਜੇਠ ਹਾੜ ਦੀ ਧੁੱਪ ਪਿੰਡਿਆਂ 'ਤੇ ਸਹਾਰ, ਭੁੱਖੇ ਤ੍ਰਿਹਾਏ ਦੁਆਬੇ ਪੁੱਜ ਗਏ।

**ਜਥੇਦਾਰ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ-** ਉਧਰ ਸ਼ਾਹ ਨਿਵਾਜ਼ ਤੇ ਯਾਹੀਆ ਖਾਨ ਦੀ ਐਸੀ ਲੜਾਈ ਛਿੜੀ ਕਿ ਸਿੰਘਾਂ ਨੇ ਅੰਮ੍ਰਿਤਸਰ ਅਗਲੇ ਸਾਲ ਕਬਜ਼ਾ ਕਰ ਲਿਆ ਤੇ ਰਾਮ-ਰੌਣੀ ਬਣਾ ਲਈ। ਨਾਦਰ ਸ਼ਾਹ ਦੇ ਕਤਲ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਸੁਣ ਕੇ ਨਵਾਬ ਕਪੂਰ ਸਿੰਘ ਜੀ ਨੇ ਸਰਬੱਤ ਖ਼ਾਲਸੇ ਦਾ ਇੱਕਠ ਸੱਦ ਕੇ, 'ਦਲ ਖ਼ਾਲਸਾ' ਬਣਾਇਆ ਤੇ ਸਰਦਾਰੀ ਜੱਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਸੌਂਪੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰਜ ਤੇ ਕ੍ਰਿਪਾਨ, ਜੋ ਨਵਾਬ ਕਪੂਰ ਸਿੰਘ ਜੀ ਸਦਾ ਆਪਣੇ ਪਾਸ ਰੱਖਦੇ ਸਨ, ਜੱਥੇਦਾਰ ਜੱਸਾ ਸਿੰਘ ਜੀ ਨੂੰ ਸੌਂਪ ਦਿੱਤੀਆਂ। ਇਹ ਵੀ ਕਿਹਾ, ਜਦ,

'ਵਾਹਿਗੁਰੂ ਦਾ ਫ਼ਜ਼ਲ ਸ਼ਾਮਲ ਹਾਲ ਹੈ ਤਾਂ ਕਿੱਲਤ ਕੱਸ਼ਤ ਕਾ ਕਿਆ ਖਿਆਲ ਹੈ। ਜੋ ਕਸ਼ੀਰ ਹੈ, ਵਹ ਹਕੀਰ ਹੈ।'

ਸਰਬੱਤ ਖ਼ਾਲਸੇ ਨੇ ਅਕਾਲ ਤਖ਼ਤ 'ਤੇ ਪਹਿਲਾ ਮਤਾ ਕੀਤਾ ਕਿ:

'ਪੰਜਾਬ ਨੂੰ ਨਾ ਮੁਗ਼ਲ ਸਾਮਰਾਜ ਦਾ ਹਿੱਸਾ ਰਹਿਣ ਦੇਣਾ ਹੈ ਅਤੇ ਨਾ ਹੀ ਅਫ਼ਗਾਨ ਸਾਮਰਾਜ ਦਾ ਬਣਨ ਦੇਣਾ ਹੈ।'

ਇਹ ਵੀ ਫੈਸਲਾ ਲਿਆ ਕਿ: 'ਜੋ ਹੁਣ ਸਿੱਖਾਂ ਨੂੰ ਸਤਾਏ ਉਸ ਨੂੰ ਸਜ਼ਾ ਦੇਵੋ। ਹਰ ਹਮਲੇ ਦਾ ਮੂੰਹ ਤੋੜ ਉੱਤਰ ਦੇਣ ਲਈ ਤਿਆਰ ਹੋ ਜਾਓ।'

ਗਾਰਡਨ ਨੇ ਠੀਕ ਲਿਖਿਆ ਹੈ ਕਿ ਸਰਬੱਤ ਖ਼ਾਲਸਾ ਬੁਲਾ ਕੇ ਜੱਥੇਦਾਰ ਜੱਸਾ ਸਿੰਘ ਜੀ ਨੂੰ ਸਾਰਿਆਂ ਸਾਹਮਣੇ ਜਥੇਦਾਰ ਥਾਪਣਾ ਸਿੱਖਾਂ ਦੀ ਸਭ ਤੋਂ ਵੱਡੀ ਸਿਆਣਪ ਸੀ। ਇਸ ਤਰ੍ਹਾਂ ਲੋਕ ਰਾਜ ਵਾਲੀ ਸ਼ਕਤੀ ਵੀ ਸਿੱਖਾਂ ਵਿਚ ਆ ਗਈ ਤੇ ਇਕ ਦਾ ਹੁਕਮ ਮੰਨਣ ਵਾਲੀ ਕ੍ਰਿਆ ਵੀ। ਇਸ ਤਰ੍ਹਾਂ ਕੌਮ ਵਿਚ ਕੁਰੀਤੀਆਂ ਵੀ ਨਹੀਂ ਆ ਸਕਦੀਆਂ ਸਨ। ਗ਼ਲਤ ਕਾਰਜ ਕਰਨ ਵਾਲੇ ਨੂੰ ਟੋਕ ਦਿੱਤਾ ਜਾਂਦਾ ਸੀ। ਗੰਗਾ-ਜਮਨੀ ਖਿਆਲਾਂ ਵਾਲੇ ਢਿੱਲੜ ਪੈਦਾ ਨਹੀਂ ਸਨ ਹੋ ਸਕਦੇ। ਐਸਾ ਦਲ ਤਿਆਰ ਹੋ ਗਿਆ ਸੀ ਜੋ ਰਾਵਾਂ ਦੇ ਲੈ ਕੇ, ਸੋਧ ਕਰ ਕੇ, ਅਗਵਾਈ ਦੇ ਕੇ, ਕੌਮ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਕਰਕੇ ਧਰਮ ਦਾ ਚਾਅ ਪੈਦਾ ਕਰਦਾ ਸੀ।

**ਮੀਰ ਮੰਨੂੰ ਦਾ ਕਮਾਨ ਸੰਭਾਲਣਾ-** ਮੀਰ ਮੰਨੂੰ ਦੇ ਗਵਰਨਰ ਬਣਨ ਵੇਲੇ ਅਰੰਭ ਵਿਚ ਉਸ ਨੇ ਸਿੰਘਾਂ ਨਾਲ ਵਿਗਾੜਨੀ ਠੀਕ ਨਾ ਸਮਝੀ। ਦੀਵਾਨ ਲਖਪਤ ਰਾਇ ਨੂੰ ਸਿੰਘਾਂ ਦੇ ਹਵਾਲੇ ਕਰ ਕੇ ਦੀਵਾਨ ਕੌੜਾ ਮੱਲ ਨੂੰ ਭੇਜਿਆ। ਜੱਥੇਦਾਰ ਜੱਸਾ ਸਿੰਘ ਜੀ ਨੇ ਕਿਹਾ ਸੀ ਕਿ ਅਸੀਂ ਮਦਦ ਕਰਨ ਨੂੰ ਤਿਆਰ ਹਾਂ, ਪਰ ਗੁਰਦੁਆਰਾ ਨਨਕਾਣਾ ਸਾਹਿਬ ਤੇ ਬਾਲ ਲੀਲ੍ਹਾ ਦੇ ਗੁਰਦੁਆਰੇ ਉਸਾਰਨ ਦੀ ਆਗਿਆ ਹੋਵੇ। ਇਹ ਸਾਰਾ ਜ਼ਿੰਮਾ ਦੀਵਾਨ ਕੌੜਾ ਮੱਲ ਨੇ ਆਪਣੇ 'ਤੇ ਲਿਆ। ਜੱਥੇਦਾਰ ਜੱਸਾ ਸਿੰਘ ਜੀ ਨੇ ਪੰਥ ਵੱਲੋਂ ਉਨ੍ਹਾਂ ਨੂੰ 'ਮਿੱਠਾ ਮੱਲ' ਦਾ ਖਿਤਾਬ ਦਿੱਤਾ।

**ਜੁਰਅਤਿ ਭਰਿਆ ਉੱਤਰ-** ਇਧਰ ਇਹ ਗੱਲਾਂ ਹੋ ਰਹੀਆਂ ਸਨ ਕਿ ਅਦੀਨਾ ਬੇਗ ਨੇ ਸਾਂਝਾ ਮੁਹਾਜ਼ ਬਣਾਉਣ ਲਈ ਜੱਥੇਦਾਰ ਜੱਸਾ ਸਿੰਘ ਜੀ ਨੂੰ ਲਿਖਿਆ ਕਿ ਉਹ ਵੀ ਆਪਣਾ ਵੱਖ ਰਾਜ ਬਣਾ ਲਵੇ ਤੇ ਮਨਜ਼ੂਰੀ ਦਿੱਲੀ ਤੋਂ ਲੈ ਦਿਆਂਗੇ। ਤਾਂ ਉਸੇ ਵੇਲੇ ਜੁਰਅਤਿ ਭਰਿਆ ਉੱਤਰ ਦੇਂਦੇ ਜੱਥੇਦਾਰ ਜੱਸਾ ਸਿੰਘ ਜੀ ਨੇ ਕਿਹਾ:

"ਸਮਝੌਤਾ ਕਿਸੇ ਸੂਰਤ ਨਹੀਂ ਹੋ ਸਕਦਾ ਕਿਉਂਕਿ ਦੋਵਾਂ ਵਿਚ ਖਿਆਲਾਂ ਦਾ ਅੰਤਰ ਹੈ। ਸਿੱਖ ਉਸੇ ਤਲਵਾਰ ਨਾਲ ਰਾਜ ਬਣਾਉਣਗੇ, ਜਿਸ ਨਾਲ ਮੁਗ਼ਲਾਂ ਬਣਾਇਆ ਹੈ। ਮੁਲਾਕਾਤ ਮੈਦਾਨਿ-ਇ-ਜੰਗ ਵਿਚ ਹੀ ਹੋਵੇਗੀ। ਸ਼ਹੀਦੀਆਂ ਲਏ ਤੇ ਖ਼ੂਨ ਬਹਾਏ ਬਗ਼ੈਰ ਆਜ਼ਾਦੀਆਂ ਨਹੀਂ ਮਿਲਦੀਆਂ। ਸਿੱਖਾਂ ਦੀ ਚਮਕਦੀ ਤਲਵਾਰ ਦੇਖ ਕੇ ਮੁਗ਼ਲ ਸਮਝੌਤੇ ਦੀਆਂ ਗੱਲਾਂ ਕਰਨ ਲੱਗੇ ਹਨ, ਜਦ ਇਹ ਕ੍ਰਿਪਾਨ ਚੱਲ ਪਈ ਤਾਂ ਰਾਜ ਕਦਮਾਂ ਵਿਚ ਹੋਵੇਗਾ। 'ਰਾਜ ਕਰੇਗਾ ਖ਼ਾਲਸਾ' ਕਿਸੇ ਦੇ ਰਹਿਮ ਕਰਮ ਨਾਲ ਨਹੀਂ, ਵਾਹਿਗੁਰੂ ਦੀ ਰਹਿਮਤ ਤੇ ਬਖ਼ਸ਼ਿਸ਼ ਨਾਲ ਹੋਵੇਗਾ। ਜਿੰਨ੍ਹਾਂ ਦੇ ਮੱਥੇ 'ਤੇ ਰੱਬ ਆਪੂੰ ਮੁਲਖ ਲਿਖ ਦੇਵੇ ਉਹ ਹੋਰਨਾਂ ਪਾਸੋਂ ਕਾਗਜ਼ 'ਤੇ ਲਿਖਵਾਏ ! ਜਿਸ 'ਤੇ ਦੋਹਾਂ ਜਹਾਨਾਂ ਦਾ ਪਾਤਸ਼ਾਹ ਪ੍ਰਸੰਨ ਹੋਵੇ। ਉਸ ਨੂੰ ਹੋਰ ਕਿਸੇ ਦੀ ਲੋੜ ਨਹੀਂ।"

ਆਦੀਨਾ ਬੇਗ ਦੀ ਚਾਲ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆ ਗਏ ,ਪਰ ਰਾਮ-ਰੌਣੀ ਦੇ ਹਮਲੇ

ਵੇਲੇ ਉਹ ਫਿਰ ਦਲ ਖ਼ਾਲਸਾ ਵਿਚ ਸ਼ਾਮਿਲ ਹੋਏ। ਦੀਵਾਨ ਕੌੜਾ ਮੱਲ ਦੀ ਮ੍ਰਿਤੂ ਉਪਰੰਤ ਅਤੇ ਮੰਨੂੰ ਦਾ ਅਬਦਾਲੀ ਦੇ ਕੈਂਪ ਵਿਚ ਜਾ ਕੇ ਈਨ ਮੰਨ ਲੈਣ ਨਾਲ ਅਤਿਆਚਾਰਾਂ ਦੇ ਚੱਕਰ ਫਿਰ ਸ਼ੁਰੂ ਹੋ ਗਏ। ਮੰਨੂੰ ਨੇ ਸਿੰਘਾਂ ਨੂੰ ਸ਼ਹੀਦ ਕਰਕੇ ਗੰਜ਼ ਹੀ ਉਸਾਰ ਦਿੱਤਾ ਪਰ ਕੌਮ ਇਹ ਹੀ ਪੜ੍ਹਦੀ ਰਹੀ:

ਮੰਨੂੰ ਅਸਾਂ ਦੀ ਦਾਤਰੀ ਅਸੀਂ ਮੰਨੂੰ ਦੇ ਸੋਏ।<br>
ਜਿਉਂ-ਜਿਉਂ ਮੰਨੂੰ ਵੱਡਦਾ ਅਸੀਂ ਦੂਣੇ ਚੌਣੇ ਹੋਏ।"

ਜੱਥੇਦਾਰ ਜੱਸਾ ਸਿੰਘ ਜੀ ਨੇ ਅਜਿਹੀ ਅਗਵਾਈ ਦਿੱਤੀ ਕਿ ਕੌਮ ਅੱਗੇ-ਅੱਗੇ ਹੀ ਵਧਦੀ ਗਈ। ਬਹਾਦਰੀ, ਜਵਾਂ-ਮਰਦੀ ਤੇ ਸਖਾਵਤ ਵਿਚ ਜੱਥੇਦਾਰ ਜੱਸਾ ਸਿੰਘ ਜੀ ਦੇ ਟਾਕਰੇ 'ਤੇ ਕੋਈ ਨਹੀਂ ਸੀ। ਰਹਿਮ-ਦਿਲ, ਬੇ-ਤਅੱਸਬ ਤੇ ਹਰ ਵੇਲੇ ਪੰਥ ਦੇ ਵਾਧੇ ਲਈ ਤਤਪਰ ਅਤੇ ਜੰਗ ਵਿਚ ਹਮੇਸ਼ਾ ਸਭ ਤੋਂ ਅੱਗੇ।

**ਨੁਹਾਰ ਤੇ ਸੁਭਾਅ-** ਉਨ੍ਹਾਂ ਦਾ ਕੱਦ ਲੰਮਾ, ਰੰਗ ਨਿਖਰਿਆ ਹੋਇਆ ਗੰਦਮ ਵਰਗਾ, ਚੌੜਾ ਮੱਥਾ, ਭਰਵੇਂ ਭਰਵੱਟੇ, ਖੱਲ੍ਹੀਆਂ ਬਾਹਵਾ ਜੋ ਗੋਡਿਓਂ ਹੇਠਾਂ ਤੱਕ ਜਾਂਦੀਆਂ ਸਨ। ਦਸਤਾਰ ਦੀ ਬਣਾਵਟ ਹਿੰਦੁਸਤਾਨੀ ਸੀ। ਖ਼ੁਰਾਕ ਵੀ ਬੜੀ ਸੀ। ਇਕ ਸੇਰ ਪੱਕਾ ਮੱਖਣ ਤੇ ਮਿਸ਼ਰੀ ਤਾਂ ਕੇਵਲ ਨਾਸ਼ਤਾ ਹੀ ਸੀ। ਸਿਹਤ ਇਤਨੀ ਸੀ ਕਿ ਇਕੱਲੇ ਹੀ ਅੱਧਾ ਬੱਕਰਾ ਖਾ ਕੇ ਹਜ਼ਮ ਕਰ ਜਾਂਦੇ ਸਨ। ਤੀਰ-ਅੰਦਾਜ਼ ਬੜੇ ਸਨ। ਸੁਰਮਈ ਬਸਤਰ ਸਦਾ ਪਹਿਨਦੇ ਸਨ। ਜੰਗਾਂ ਲੜਦੇ ਇਹ ਤੱਕ ਲਿਆ ਸੀ ਕਿ ਵੱਡੀਆਂ ਤੋਪਾਂ ਜੰਗ ਵਿਚ ਕੰਮ ਨਹੀਂ ਆਉਂਦੀਆਂ ਜੇ ਪਿੱਛੇ ਛੱਡ ਜਾਈਏ ਤਾਂ ਨਮੋਸ਼ੀ ਹੁੰਦੀ ਹੈ ਤੇ ਜੇ ਨਾਲ ਲੈ ਜਾਈਏ ਤਾਂ ਫ਼ੌਜ-ਕਸ਼ੀ ਨਹੀਂ ਹੋ ਸਕਦੀ। ਇਸ ਲਈ ਫ਼ੌਜ ਨਾਕਾ ਸਵਾਰਾਂ (ਊਠਣੀਆਂ ਦਾ ਜੱਥਾ) ਬਣਾਇਆ ਜਿਸ 'ਤੇ ਹਲਕੀਆਂ ਤੋਪਾਂ ਹੁੰਦੀਆਂ ਜੋ ਹਰ ਥਾਂ ਪੁੱਜ ਜਾਂਦੀਆਂ ਸਨ।

ਬਹਾਦਰੀ ਤੇ ਬਹਾਦਰਾਂ ਦੇ ਬੜੇ ਕਦਰਦਾਨ ਸਨ। ਕਾਦੀਆਂ ਵਿਖੇ ਇਕ ਝੜਪ ਵਿਚ ਜਦ ਦੀਵਾਨ ਬਿਸ਼ੰਭਰ ਦਾਸ ਤੇ ਰਾਜਾ ਭੂਪ ਚੰਦ ਪਹਾੜੀਏ, ਆਪ ਜੀ ਦੇ ਹੱਥੋਂ ਮਾਰੇ ਗਏ ਤਾਂ ਅੱਗੇ ਵਧ ਕੇ ਆਪਣੇ ਵਲੋਂ ਦੁਸ਼ਾਲਾ ਬਿਸ਼ੰਭਰ ਦਾਸ 'ਤੇ ਪਾਇਆ ਤੇ ਕਿਹਾ ਕਿ ਬੜੀ ਬਹਾਦਰੀ ਨਾਲ ਲੜਦੇ ਉਸ ਜਾਨ ਦਿੱਤੀ ਹੈ।

**ਅੰਮ੍ਰਿਤ ਪ੍ਰਚਾਰ ਵੱਲ ਖਾਸ ਧਿਆਨ-** ਜੱਥੇਦਾਰ ਜੱਸਾ ਸਿੰਘ ਜੀ ਭਾਵੇਂ ਜੰਗਾਂ ਯੁੱਧਾਂ ਵਿਚ ਰੁੱਝੇ ਰਹਿੰਦੇ ਸਨ ਪਰ ਪੂਰਾ ਧਿਆਨ ਅੰਮ੍ਰਿਤ ਪ੍ਰਚਾਰ ਵੱਲ ਦੇਂਦੇ। ਕੀਰਤਨ ਹੁਣ ਵੀ ਆਪੂੰ ਕਰਦੇ। ਆਸਾ ਦੀ ਵਾਰ ਕਦੇ ਖੁੰਝਾਈ ਨਹੀਂ ਸੀ। ਲੰਗਰ ਸਦਾ ਵਰਤਦਾ ਰਹਿੰਦਾ। ਕੋਈ ਆਵੇ ਛਕੇ। ਕਿਧਰੇ ਕਾਲ ਪਿਆ ਸੁਣਦੇ ਤਾਂ ਆਪੂੰ ਜਾ ਕੇ ਲੰਗਰ ਲਗਾਉਂਦੇ।

ਬਾਬਾ ਦੀਪ ਸਿੰਘ ਜੀ ਜਦ ਬੀੜ ਦੀ ਸੁਧਾਈ ਲਈ ਕਰਤਾਰਪੁਰ ਆਏ ਤਾਂ ਆਪੂੰ ਹੱਥੀਂ ਉਨ੍ਹਾਂ ਦੀ ਸੇਵਾ ਕਰਦੇ ਰਹੇ ਅਤੇ ਰਾਖੀ ਦੇ ਪੂਰੇ ਇੰਤਜ਼ਾਮ ਵੀ ਕੀਤੇ। ਉਨ੍ਹਾਂ ਦੇ ਇਸ ਵਤੀਰੇ ਵਿਹਾਰ ਕਰ ਕੇ ਬਹੁਤੇ ਲੋਕੀਂ ਅੰਮ੍ਰਿਤਪਾਨ ਕਰਨ ਲਈ ਪੁੱਜਦੇ। ਕੱਛ, ਕੁਰਤਾ, ਦਸਤਾਰ, ਚਾਦਰ ਤੇ ਕਿਰਪਾਨ ਆਪਣੇ ਵੱਲੋਂ ਦੇਂਦੇ। ਇਥੋਂ ਤੱਕ ਕੜਾਹ ਪ੍ਰਸ਼ਾਦ ਤੇ ਹੋਰ ਅਰਦਾਸੇ ਵੀ ਆਪਣੇ ਵੱਲੋਂ ਹੀ ਕਰਦੇ। ਅੰਮ੍ਰਿਤ ਛਕਣ ਤੋਂ ਬਾਅਦ ਕੋਈ ਜਥੇ ਵਿਚ ਰਹਿਣਾ ਲੋਚਦਾ ਜਾਂ ਘਰ ਮੁੜਨ ਦੀ ਖਾਹਿਸ਼ ਕਰਦਾ ਤਾਂ ਵੀ ਨਾ ਰੋਕਦੇ। ਸਿੰਘਾਂ ਦੇ ਕਮਾਲ ਦੇ ਆਚਰਨ ਕਾਰਨ ਇਤਨੀ ਇੱਜ਼ਤ ਸੀ ਜਿਥੇ ਵੀ ਸਿੰਘ ਜਾਂਦੇ ਲੋਕੀਂ ਆਦਰ ਦੀ ਨਿਗਾਹ ਨਾਲ ਤੱਕਦੇ। ਸਿੰਘ ਸਭਨਾਂ ਦੀ ਇੱਜ਼ਤ ਦੇ ਰਾਖੇ ਜੂ ਗਿਣੇ ਜਾਂਦੇ ਸਨ।

**ਸੁਚੱਜੀ ਅਗਵਾਈ-** ਅਬਦਾਲੀ ਦਾ ਹਰ ਹਮਲਾ, ਜੋ ਸਿੰਘਾਂ ਦੀ ਤਾਕਤ ਵਧਾਉਣ ਦਾ ਕਾਰਣ ਬਣਿਆ ਤਾਂ ਇਹ ਜੱਥੇਦਾਰ ਜੱਸਾ ਸਿੰਘ ਦੀ ਸੂਝ ਦਾ ਸਦਕਾ ਸੀ।

**ਅੰਗ ਨਹੀਂ ਤੋੜਨੇ-** ਪੰਥ ਵਿਚ ਕਦੇ ਪਾੜ ਨਹੀਂ ਪੈਣ ਦਿੱਤਾ। ਇਕ ਵਾਰੀ ਜਦ ਪੰਥ ਨੇ ਫੈਸਲਾ ਕਰ ਦਿੱਤਾ ਕਿ ਬਾਬਾ ਆਲਾ ਸਿੰਘ ਨੂੰ ਅਬਦਾਲੀ ਦੀ ਮਦਦ ਕਾਰਨ ਸਜ਼ਾ ਦੇਣੀ ਹੈ ਤਾਂ ਆਪ ਜੀ ਨੇ ਵਿਚ ਪੈ ਕੇ ਸਮਝਾਇਆ ਕਿ ਉਸ ਨੇ ਜੋ ਕੀਤਾ ਸੀ ਉਹ ਸਮਾਂ ਟਾਲਣ ਲਈ ਸੀ ਜੇ ਅਬਦਾਲੀ ਨੂੰ ਬਾਬਾ ਆਲਾ ਸਿੰਘ ਪਾਨੀਪਤ ਰਸਦ ਪਹੁੰਚਾਂਦਾ ਰਿਹਾ ਹੈ ਤਾਂ ਤੁਹਾਨੂੰ ਉਹ ਗੋਲਾ-ਬਾਰੂਦ ਤੇ ਘੋੜੇ ਵੀ ਤਾਂ ਭੇਜਦਾ ਰਿਹਾ ਹੈ। ਇਸ ਤਰ੍ਹਾਂ ਅੰਗ ਨਿਖੇੜਨੇ ਠੀਕ ਨਹੀਂ। ਇਥੋਂ ਤੱਕ ਕਿਹਾ ਕਿ: 'ਇਹ ਗੁਰੂ ਕਾ ਸਿੱਖ ਹੈ, ਕੋਈ ਸਬਦ ਹੱਤਕ ਵਾਲਾ ਵੀ ਇਨ੍ਹਾਂ ਨੂੰ ਨਹੀਂ

ਕਹਿਣਾ। ਚੰਗਾ ਇਹ ਹੈ ਕਿ ਤਨਖ਼ਾਹ ਲਗਾ ਕੇ ਫਿਰ ਨਵੇਂ ਸਿਰਿਓਂ ਅੰਮ੍ਰਿਤ ਛਕਾ ਕੇ ਨਾਲ ਰਲਾ ਲਿਆ ਜਾਏ।' ਫਿਰ ਅੰਮ੍ਰਿਤ ਵੀ ਜੱਥੇਦਾਰ ਜੱਸਾ ਸਿੰਘ ਜੀ ਨੇ ਆਪੂੰ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋ ਛਕਾਇਆ। ਬਾਬਾ ਆਲਾ ਸਿੰਘ ਜੀ ਹੱਥੀਂ ਕੜਾਹ ਪ੍ਰਸ਼ਾਦ ਵਰਤਾਇਆ ਤੇ ਇੱਕਠਿਆਂ ਸਭ ਸਰਦਾਰਾਂ ਨੇ ਲੰਗਰ ਛਕਿਆ। ਆਪੂੰ ਇਤਨੀ ਦੇਰ ਢੀਂਗਾ ਮਾਜ਼ਰਾ ਪਟਿਆਲਾ ਦੀ ਰਿਆਸਤ ਵਿਚ ਰਹੇ ਤਾਂ ਕਿ ਕੋਈ ਉਨ੍ਹਾਂ ਨੂੰ ਨੁਕਸਾਨ ਨਾ ਪਹੁੰਚਾਏ। ਇਸੇ ਤਰ੍ਹਾਂ ਸਾਰੇ ਪੰਥ ਨੂੰ ਨਵਾਂ ਰਾਹ ਦਰਸਾਇਆ ਕਿ: 'ਜੋ ਭੁੱਲ ਮੰਨ, ਪੰਥ ਦੀ ਸ਼ਰਨ ਆਵੇ ਉਸ ਨੂੰ ਬਖ਼ਸ਼ ਦੇਣਾ ਚਾਹੀਦਾ ਹੈ।'

ਇਸ ਤਰ੍ਹਾਂ ਜਦ ਕਰਤਾਰਪੁਰ ਇਕੱਠ ਕੀਤਾ ਤਾਂ ਸਰਬੱਤ ਖ਼ਾਲਸੇ ਨੂੰ ਕਿਹਾ ਕਿ ਹੁਕਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੀ ਕਿ ਧੀਰ ਮੱਲੀਆਂ ਨਾਲ ਨਹੀਂ ਵਰਤਣਾ ਪਰ ਹੁਣ ਇਨ੍ਹਾਂ ਲੋਕਾਂ ਖੰਡੇ ਦੀ ਪਾਹੁਲ ਲੈ ਸਿੰਘ ਬਣਨਾ ਕਬੂਲ ਕਰ ਲਿਆ ਹੈ। ਇਸੇ ਤਰ੍ਹਾਂ ਮਹਾਰਾਜ਼ ਦੀ ਆਗਿਆ ਅਨੁਸਾਰ ਇਹ ਲਾਇਕ ਸ਼ਮੂਲੀਅਤ ਪੰਥ ਹੈ। ਆਪਣੀ ਹੱਥੀਂ ਅੰਮ੍ਰਿਤ ਛਕਾਇਆ। ਫਿਰ ਉਨ੍ਹਾਂ ਨੂੰ ਕਿਹਾ ਕਿ ਲੰਗਰ ਕਰੋ ਅਤੇ ਸਾਰਿਆਂ ਨੇ ਪੰਗਤ ਵਿਚ ਬੈਠ ਕੇ ਉਨ੍ਹਾਂ ਦੇ ਹੱਥੀਂ ਛਕਿਆ।

**ਵੱਡੇ ਘਲੂਘਾਰੇ ਵੇਲੇ ਜੱਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੇ ਕਰਤਬ-** ਵੱਡੇ ਘੱਲੂਘਾਰੇ ਵੇਲੇ ਜਦ ਅਹਿਮਦ ਸ਼ਾਹ ਅਬਦਾਲੀ ਨੇ ਅਚਾਨਕ ਹਮਲਾ ਕੀਤਾ ਤੇ ਵਹੀਰ ਦਾ ਬਚਣਾ ਮੁਸ਼ਕਿਲ ਹੋ ਗਿਆ ਤਾਂ ਜੱਥੇਦਾਰ ਜੱਸਾ ਸਿੰਘ ਜੀ ਨੇ ਕੌਮ ਦੇ ਸਭ ਜਥੇਦਾਰਾਂ ਦਾ ਇਕੱਠ ਕੀਤਾ ਤੇ ਗੋਲਾਕਾਰ ਬਣਾ ਕੇ ਵਹੀਰ ਨੂੰ ਬਚਾਅ ਲੈ ਜਾਣ ਲਈ ਕਿਹਾ। ਉਸ ਸਮੇਂ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਤਜਵੀਜ਼ ਰੱਖੀ ਕਿ ਵੱਖ-ਵੱਖ ਮਿਸਲਾਂ ਦੇ ਝੰਡੇ ਹੇਠਾਂ ਟਾਕਰਾ ਕਰਨਾ ਚਾਹੀਦਾ ਹੈ, ਤਾਂ ਉਸ ਵੇਲੇ ਡਾਂਟ ਕੇ ਸਰਦਾਰ ਆਹਲੂਵਾਲੀਆ ਨੇ ਕਿਹਾ:

ਮਿਸਲ ਵੰਡ ਅਬ ਕਬਹੁੰ ਨ ਪਾਵੋ।
ਰਲ ਮਿਲ ਖੜ ਤੁਰ ਪੰਥ ਬਚਾਵੋ॥੫੨॥

ਆਪੂੰ ਅੱਗੇ ਹੋ ਅਗਵਾਈ ਕੀਤੀ। ਸਰਦਾਰ ਚੜ੍ਹਤ ਸਿੰਘ ਜੀ ਨੇ ਵੀ ਸਭ ਤੋਂ ਅੱਗੇ ਹੋ ਅਫ਼ਗਾਨ ਫ਼ੌਜਾਂ ਨੂੰ ਰੋਕਾਂ ਪਾਈਆਂ।

ਇਕ ਸਮੇਂ ਘੱਲੂਘਾਰੇ ਵਿਚ ਹੀ ਜੱਥੇਦਾਰ ਜੱਸਾ ਸਿੰਘ ਜੀ ਐਸੇ ਘਿਰੇ ਕਿ ਉਨ੍ਹਾਂ ਦੇ ਅੰਗ ਪਾਲਕ ਭਾਈ ਗੁਰਮੁਖ ਸਿੰਘ ਜੀ ਨੇ ਚਾਬੁਕ ਚੁੱਕੀ ਕਿ ਘੋੜਾ ਦੌੜ ਕੇ ਪਾਸੇ ਹੋ ਜਾਏ ਤਾਂ ਉਸ ਸਮੇਂ ਬੜੀ ਉੱਚੀ ਆਵਾਜ਼ ਵਿਚ ਜੱਥੇਦਾਰ ਜੱਸਾ ਸਿੰਘ ਜੀ ਨੇ ਕਿਹਾ- "ਐਸਾ ਨਾ ਕਰੀਂ, ਨੱਸ-ਭੱਜ ਦਾਗ਼ ਲੱਗ ਜਾਣ ਨਾਲੋਂ ਤਾਂ ਸ਼ਹੀਦ ਹੋ ਜਾਣਾ ਬਿਹਤਰ ਹੈ।"

ਪੰਥ ਸੁਨੈ ਹਮ ਕੋ ਕਰੈ ਠੱਠਾ। ਘੋੜਾ ਕੁਟਾਇ ਜੱਸਾ ਸਿੰਘ ਨੱਠਾ।
ਕਯਾ ਮੁਖ ਲੈ ਮੈਂ ਬਹੋਂ ਦਿਵਾਨ। ਕਰੈਂ ਮਸਕਰੀ ਹਮ ਕੋ ਆਨ॥੯੬॥
ਮੈਂ ਖਾਲਸੈ ਪਾਤਿਸ਼ਾਹੁ ਕਹਾਯੋ। ਤੁਮ ਚਾਹਤ ਹਮ ਗੀਦੀ ਬਨਾਯੋ।
ਇਸ ਜੀਵਣ ਤੇ ਮਰਨੋ ਬੇਸ਼। ਰਹੈ ਜੱਸ ਜਿਸ ਜਗ ਮੈਂ ਲੇਸ਼॥੯੭॥

(ਪ੍ਰਚੀਨ ਪੰਥ ਪ੍ਰਕਾਸ਼, ੩੬੭)

ਆਪ ਜੀ ਹਮੇਸ਼ਾ ਬੜੇ ਚੰਗੇ ਤੇ ਕੀਮਤੀ ਘੋੜੇ ਦੀ ਸਵਾਰੀ ਕਰਦੇ ਸਨ। ਕਈ ਵਾਰ ਸਰਦਾਰਾਂ ਨੇ ਕਿਹਾ ਕਿ ਅਜਿਹਾ ਨਾ ਕੀਤਾ ਕਰੋ ਕਿਉਂਕਿ ਘੋੜੇ ਤੋਂ ਫੱਟ ਪਛਾਣੇ ਜਾਂਦੇ ਹੋ ਪਰ ਜੇ ਘੋੜੇ ਦੀ ਸਵਾਰੀ ਨਹੀਂ ਛੱਡ ਸਕਦੇ ਤਾਂ ਘੱਟੋ-ਘੱਟ ਜੰਗ ਸਮੇਂ ਤਾਂ ਨਾ ਕੀਤਾ ਕਰੋ ਪਰ ਆਪ ਜੀ ਨੇ ਕਿਹਾ: " ਮੇਰੇ ਅਜਿਹੇ ਘੋੜੇ ਰੱਖਣ ਦਾ ਮੰਤਵ ਹੀ ਇਹ ਹੈ ਕਿ ਫਟ ਪਛਾਣਿਆ ਜਾਵਾਂ ਤਾਂ ਕਿ ਸਿੱਧਾ ਟਾਕਰਾ ਹੋਵੇ।"

ਜੱਥੇਦਾਰ ਜੱਸਾ ਸਿੰਘ ਜੀ ਨੇ ਇਸ ਘੱਲੂਘਾਰੇ ਵਿਚ ਅਹਿਮਦ ਸ਼ਾਹ ਨੂੰ ਵੀ ਵੰਗਾਰਿਆ। ਵੰਗਾਰ ਦੇ ਸਬਦ ਇਹ ਸਨ:

"ਅਗਰ ਬਹਾਦਰੀ ਦਾ ਰਤਾ ਕੁ ਮਾਣ ਹੈ (ਗੁਰੂਰਿ-ਸੁਜਾਹ) ਤਾਂ ਅੱਗੇ ਵੱਧ ਦੋ-ਦੋ ਹੱਥ ਤਲਵਾਰ ਦਿਖਲਾ। ਕਿਉਂਕਿ

ਇਹ ਸਮਾਂ ਬਹਾਦਰਾਂ ਦੀ ਬਹਾਦਰੀ ਦਿਖਲਾਨੇ ਕਾ ਹੈ।"

ਪਰ ਕੁਝ ਅਜਿਹਾ ਅਸਰ ਅਹਿਮਦ ਸ਼ਾਹ 'ਤੇ ਪਿਆ ਕਿ ਉਸ ਪਿੱਛੇ ਹਟ ਜਾਣਾ ਹੀ ਠੀਕ ਸਮਝਿਆ। ਉਧਰੋਂ ਸਰਦਾਰ ਚੜ੍ਹਤ ਸਿੰਘ ਜੀ ਸ਼ੁੱਕਰਚੱਕੀਆ ਵੀ ਘੋੜਾ ਦੌੜਾ ਅਹਿਮਦ ਸ਼ਾਹ ਪਿੱਛੇ ਲੱਗ ਪਏ।

**ਸਰਹੰਦ ਦੀ ਜਿੱਤ**- ਭਾਵੇਂ ਪੰਜਾਹ ਹਜ਼ਾਰ ਸਿੰਘ ਇੱਕੋ ਦਿਨ ਇਸ ਘੱਲੂਘਾਰੇ ਵਿਚ ਸ਼ਹੀਦ ਹੋ ਗਿਆ ਸੀ ਪਰ ਜੱਥੇਦਾਰ ਜੱਸਾ ਸਿੰਘ ਜੀ ਦੀ ਅਗਵਾਈ ਨੇ ਕੌਮ ਵਿਚ ਬੇ-ਦਿਲੀ ਨਾ ਆਉਣ ਦਿੱਤੀ ਤੇ ਸਰਹੰਦ 'ਤੇ ਹਮਲਾ ਕਰਕੇ ਜ਼ੈਨ ਖਾਨ ਨੂੰ ਮਾਰ ਮੁਕਾਇਆ। ਉਸ ਨੂੰ ਵੀ ਆਪੂੰ ਦਫ਼ਨਾਇਆ। ਉਸ ਦੀ ਤਲਵਾਰ ਤੋਹਫੇ ਦੇ ਤੌਰ 'ਤੇ ਪਾਸ ਰੱਖੀ ਤੇ ਸਹਿਰ ਦੀ ਅਹਲਕਾਰੀ ਬਾਬਾ ਆਲਾ ਸਿੰਘ ਜੀ ਦੇ ਹਵਾਲੇ ਕੀਤੀ। ਗੁਰਦੁਆਰੇ ਦੀ ਉਸਾਰੀ ਆਪੂੰ ਕਰਵਾਈ ਤੇ ਗੁਰਦੁਆਰੇ ਦੀ ਸੰਭਾਲ ਲਈ ਮੁਆਮਲਾ ਵੀ ਮੁਕੱਰਰ ਕਰਾਇਆ।

**ਮੁੜ ਉਸਾਰੀ ਦਰਬਾਰ ਸਾਹਿਬ ਜੀ ਦੀ**- ਸ੍ਰੀ ਅੰਮ੍ਰਿਤਸਰ ਸਾਹਿਬ ਵੀ ਉਸੇ ਸਾਲ ੧੭੬੨ ਈ. 'ਚ ਜਾ ਲਿਆ ਤੇ ਪਹਿਲਾ ਕੰਮ ਅਰਦਾਸ ਕਰਨ ਉਪਰੰਤ ਇਹ ਕੀਤਾ ਕਿ ਚਾਦਰ ਵਿਛਾਈ ਤੇ ਨਵੇਂ ਸਿਰਿਓਂ ਉਸਾਰੀ ਕਰਨ ਦਾ ਸੁਝਾਅ ਦਿੱਤਾ। ਆਪਣੇ ਵੱਲੋਂ ਪਹਿਲਾਂ ੯ ਲੱਖ ਰੁਪਿਆ ਜਿਤਨਾ ਕੁਝ ਖ਼ਜ਼ਾਨੇ ਵਿਚ ਸੀ, ਚਾਦਰ 'ਤੇ ਰੱਖਿਆ ਤੇ ਪੰਜ ਲੱਖ ਰੁਪਏ ਉਸੇ ਸਮੇਂ ਹੋਰ ਇਕੱਠੇ ਹੋਏ। ਚੌਦਾਂ ਲੱਖ ਰੁਪਏ ਭਾਈ ਦੇਸ ਰਾਜ ਨੂੰ ਦੇ ਕੇ ਨੀਅਤ ਕੀਤਾ ਕਿ ਉਸਾਰੀ ਦੇ ਕੰਮ ਨੂੰ ਸਿਰੇ ਚਾੜ੍ਹਨ। ਹੁਕਮ ਦਿੱਤਾ ਕਿ ਬਗੈਰ ਅੰਮ੍ਰਿਤਧਾਰੀ ਦੇ ਕੋਈ ਕਾਰ ਸੇਵਾ ਵਿਚ ਹਿੱਸਾ ਨਾ ਲਵੇ। ਜਿਥੇ ਸ੍ਰੀ ਗੁਰੂ ਰਾਮਦਾਸ ਜੀ ਬੈਠ ਸਰੋਵਰ ਦੀ ਸੇਵਾ ਕਰਾਂਦੇ ਸਨ, ਉਹ ਅਠਸਠ ਤੀਰਥ ਪਹਿਲਾਂ ਬਣਵਾਇਆ। ਦਰਬਾਰ ਸਾਹਿਬ ਜੀ ਦਾ ਉਹ ਹੀ ਦਸਤੂਰ-ਅਮਲ ਜਾਰੀ ਕੀਤਾ ਜੋ ਭਾਈ ਮਨੀ ਸਿੰਘ ਜੀ ਨੇ ਜਾਰੀ ਕੀਤਾ ਸੀ। ਗੁਰਬਾਣੀ ਦੇ ਸਤਿਕਾਰ ਤੇ ਸਿੱਖੀ ਪਿਆਰ ਲਈ ਪੂਰਨੇ ਪਾਏ। ਇਸੇ ਤਰ੍ਹਾਂ ਸੁਲਤਾਨਪੁਰ ਦੇ ਸਭ ਗੁਰਦੁਆਰੇ ਹੱਟ ਸਾਹਿਬ, ਬੇਰ ਸਾਹਿਬ, ਬਾਗ਼ ਮਹਲ ਅਤੇ ਬੇਬੇ ਨਾਨਕੀ ਉਸਾਰੇ। ਜਦ ਇਹ ਪਤਾ ਲੱਗਾ ਕਿ ਭਾਈ ਧਿਆਨ ਸਿੰਘ ਜੀ ਛੀਂਬੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਯਾਦ ਹੈ ਤਾਂ ਉਚੇਚੇ ਉਸ ਪਾਸ ਜਾ ਆਦਰ ਦਿੱਤਾ।

ਇਨਸਾਫ ਪਸੰਦ- ਇਨਸਾਫ਼ ਪਸੰਦ ਇਤਨੇ ਕਿ ਸਾਹਿਬ ਰਾਇ ਨੂੰ ਤਿੰਨ ਲੱਖ ਰੁਪਿਆ ਆਪਣੇ ਖ਼ਜ਼ਾਨੇ ਵਿਚੋਂ ਦਿੱਤਾ। ਇਹ ਸਾਹਿਬ ਰਾਇ ਉਹ ਹੀ ਸੀ ਜਿਸ ਨੇ ਸ੍ਰੀ ਦਰਬਾਰ ਸਾਹਿਬ ਨੂੰ ਹੋਰ ਨੁਕਸਾਨ ਤੋਂ ਬਚਾਉਣ ਲਈ ਅਬਦਾਲੀ ਨੂੰ ਤਿੰਨ ਲੱਖ ਰੁਪਏ ਦੇ ਕੇ ਆਪਣੇ ਪਾਸ ਰਹਿਣ ਰੱਖ ਲਿਆ ਸੀ ਅਤੇ ਹੁਣ ਚੜ੍ਹਤ ਲੈ ਰਿਹਾ ਸੀ। ਸਿੰਘਾਂ ਨੇ ਹੁਣ ਜਦ ਚੜ੍ਹਤ ਨਾ ਦੇਣ ਦੀ ਗੱਲ ਕਹੀ ਤਾਂ ਜੱਥੇਦਾਰ ਜੱਸਾ ਸਿੰਘ ਜੀ ਨੇ ਕਿਹਾ ਕਿ ਜੋ ਸਾਹਿਬ ਰਾਇ ਦਾ ਬਣਦਾ ਏ, ਦੇ ਦਿਓ। ਇਸ ਵਿਚਾਰੇ ਦਾ ਕੀ ਕਸੂਰ ਹੈ। ਉਸ ਕੋਲੋਂ ਤਾਂ ਸਗੋਂ ਧਰਮ ਦਾ ਕੰਮ ਹੋਇਆ ਹੈ। ਤਿੰਨ ਲੱਖ ਰੁਪਏ ਦੇ ਕੇ ਰਹਿਣ ਛੁਡਵਾਇਆ।

ਉਦਾਰ ਚਿੱਤ- ਉਦਾਰ ਚਿੱਤ ਇਤਨੇ ਕਿ ਜਦ ਵੈਰੋਵਾਲ ਦੇ ਯਤੀਮ ਬੱਚੇ, ਜੀਵਨ ਖਾਨ ਪਠਾਣ ਦੀ ਬੇਵਾ ਮਾਈ ਲੈ ਕੇ ਜੱਥੇਦਾਰ ਜੱਸਾ ਸਿੰਘ ਜੀ ਪਾਸ ਆਈ ਕਿ ਵੈਰੀ ਪਠਾਣ ਉਸ ਨੂੰ ਲਾਚਾਰ ਜਾਣ ਕੇ ਉਸ ਦੇ ਪਿੰਡ 'ਤੇ ਕਬਜ਼ਾ ਕਰਨਾ ਲੋਚਦੇ ਹਨ ਤਾਂ ਵੈਰੋਵਾਲ ਤੋਂ ਬਾਹਰ ਕਿਲ੍ਹਾ ਬਣਵਾ ਦਿੱਤਾ। ਇਸੇ ਤਰ੍ਹਾਂ ਜਦ ਦੇਖਿਆ ਕਿ ਰਾਜਾ ਜਵਾਹਰ ਸਿੰਘ ਭਰਤ ਗੜ੍ਹੀਆ ਨੇ ਪ੍ਰਣ ਕਰ ਰੱਖਿਆ ਹੈ ਕਿ ਜਦ ਤੱਕ ਆਪਣੇ ਬਾਪ ਸੂਰਜ ਮੱਲ ਦੇ ਕਾਤਲ ਸ਼ੇਰ ਖਾਨ ਨੂੰ ਉਹ ਨਹੀਂ ਮੁਕਾਂਦਾ, ਦਸਤਾਰ ਨਹੀਂ ਬੰਨ੍ਹੇਗਾ। ਤਾਂ ਉਸ ਨੂੰ ਢਾਰਸ ਦਿੱਤੀ ਕਿ ਇਹ ਕਾਰਜ ਉਨ੍ਹਾਂ 'ਤੇ ਛੱਡੇ। ਆਪਣੇ ਹੱਥੀਂ ਜਵਾਹਰ ਮੱਲ ਨੂੰ ਪਗੜੀ ਬੰਨ੍ਹੀ ਤੇ ਨਜ਼ੀਬ-ਉਦ-ਦੌਲਾ ਨੂੰ ਵਕੀਲ ਰਾਹੀਂ ਲਿਖ ਭੇਜਿਆ ਕਿ ਸ਼ੇਰ ਖਾਨ ਨੂੰ ਹਵਾਲੇ ਕਰੇ, ਨਹੀਂ ਤੇ ਇਲਾਕਾ ਉਜਾੜ ਦਿੱਤਾ ਜਾਵੇਗਾ। ਨਜ਼ੀਬ ਖਾਨ ਦੇ ਯਕੀਨ ਦਿਲਵਾਉਣ 'ਤੇ ਕਿ ਸ਼ੇਰ ਖਾਨ ਦੀ ਜੰਗ ਵਿਚ ਮ੍ਰਿਤੂ ਹੋ ਗਈ ਹੈ ਤੇ ਉਹ ਰਿਆਸਤ ਵਿਚ ਨਹੀਂ, ਤਸੱਲੀ ਹੋ ਜਾਣ 'ਤੇ ਹੀ ਪੰਜਾਬ ਮੁੜੇ।

**ਅਕਾਲ ਬਖ਼ਸ਼**- ਅਬਦਾਲੀ ਦੇ ਕਾਬਲ ਮੁੜਨ 'ਤੇ ਉਸ ਦੇ ਨੀਅਤ ਕੀਤੇ ਜਰਨੈਲ ਜਹਾਨ ਖਾਨ ਨੂੰ ਮਾਰ ਨਸਾਇਆ। ਜਹਾਨ ਖਾਨ ਹਾਥੀ ਤੋਂ ਉੱਤਰ ਘੋੜੇ 'ਤੇ ਚੜ੍ਹ ਅਜਿਹਾ ਭੱਜਿਆ ਕਿ ਆਪਣੀ ਬੇਗਮ ਵੀ ਪਿੱਛੇ ਛੱਡ ਗਿਆ। ਜੱਥੇਦਾਰ ਜੱਸਾ ਸਿੰਘ ਜੀ ਨੇ ਬੇਗਮ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਕਿਥੇ ਪਹੁੰਚਾਇਆ ਜਾਵੇ? ਤਾਂ ਉਸ ਕਿਹਾ ਕਿ

ਜੰਮੂ ਦੇ ਰਾਜੇ ਦੀ ਰਾਣੀ ਉਸ ਦੀ ਮੂੰਹ ਬੋਲੀ ਭੈਣ ਹੈ, ਉਸ ਪਾਸ ਪਹੁੰਚਾਣ 'ਤੇ ਉਹ ਆਪੇ ਘਰ ਪੁੱਜ ਜਾਵੇਗੀ। ਬੜੇ ਆਦਰ ਨਾਲ ਚੌਣਵੇਂ ਸਰਦਾਰਾਂ ਨਾਲ ਬੇਗਮ ਨੂੰ ਜੰਮੂ ਪਹੁੰਚਾਇਆ। ਉਹ ਹਾਥੀ, ਜਿਸ ਨੂੰ ਮਰਹੱਟਾ ਜਰਨੈਲ ਹੋਲਕਰ ਪਾਣੀਪਤ ਦੇ ਮੈਦਾਨ ਵਿਚ ਛੱਡ ਗਏ ਸਨ ਅਤੇ ਕਬਜ਼ਾ ਕਰ ਪਹਿਲਾਂ ਅਬਦਾਲੀ ਸਵਾਰੀ ਕਰਦਾ ਰਿਹਾ ਤੇ ਫਿਰ ਜਹਾਨ ਖਾਨ ਨੂੰ ਦੇ ਗਿਆ ਸੀ, ਉਸ ਨੂੰ ਜੱਥੇਦਾਰ ਜੱਸਾ ਸਿੰਘ ਜੀ ਨੇ ਆਪਣੇ ਪਾਸ ਰੱਖਿਆ ਤੇ ਹੁਣ ਨਾਮ ਅਕਾਲ ਬਖ਼ਸ਼ ਰੱਖਿਆ। ਦੇਸ਼ ਦੀ ਜਾਂਦੀ ਇੱਜਤ ਦੇ ਰਾਖੇ ਸਿੰਘ ਹੀ ਹਨ। ਇਹ ਯਾਦ ਰਵ੍ਹੇ ਕਿ ਪਾਣੀਪਤ ਦੇ ਮੈਦਾਨ ਵਿਚੋਂ ਮਰਹੱਟਣਾਂ ਨੂੰ ਵੀ ਦੂਰ ਮਹਾਂਰਾਸ਼ਟਰ ਵਿਚ ਆਪਣੇ ਘਰਾਂ ਤੱਕ ਸਿੰਘਾਂ ਨੇ ਜ਼ਫ਼ਰ ਜਾਲ ਪਹੁੰਚਾਇਆ ਸੀ। ਬਾਈ ਸੌ ਬੱਚੀ ਜੋ ਅਬਦਾਲੀ ਨਾਲ ਲੈ ਜਾ ਰਿਹਾ ਸੀ। ਉਸ ਦੀ ਪੱਤ ਵੀ ਖ਼ਾਲਸੇ ਨੇ ਰੱਖੀ ਸੀ।

ਇਹ ਸੁਣਨ ਵਿਚ ਆਇਆ ਹੈ ਕਿ ਸ੍ਰੀ ਤਪਾਸੇ ਰਹਿ ਚੁੱਕੇ ਗਵਰਨਰ, ਹਰਿਆਣਾ ਨੇ ਉਥੇ, ਜਿਥੇ ਮਰਹੱਟੇ ਪਾਣੀਪਤ ਦੇ ਮੈਦਾਨਿ-ਜੰਗ ਵਿਚ ਕੰਮ ਆਏ ਸਨ। ਮੈਮੋਰੀਅਲ ਬਣਾਏ ਜਾਣ ਦੀ ਤਜਵੀਜ਼ ਰੱਖੀ ਹੈ। ਘੱਟ ਤੋਂ ਘੱਟ ਯਾਦਗਾਰ ਤਾਂ ਉਸ ਜਰਨੈਲ ਦੀ ਬਣਾਓ ਜਿਸ ਨੇ ਮਾਧੋ ਰਾਉ ਦਾ ਹਾਥੀ ਵਾਪਸ ਲਿਆ ਤੇ ਹਰ ਮਰਹੱਟੀ ਔਰਤ ਦੀ ਪੱਤ ਰੱਖੀ। ਇਹ ਅਕਾਲ ਬਖ਼ਸ਼ ਹਾਥੀ ਸ਼ਾਨ-ਸ਼ੌਕਤ ਵਿਚ ਬੇਮਿਸਾਲ ਸੀ।

ਗਊ-ਕਸ਼ੀ ਹੁੰਦੇ ਸੁਣ ਕੇ ਲਾਹੌਰ ਦੇ ਬੁੱਚੜਾਂ ਨੂੰ ਕਈ ਵਾਰੀ ਸਜ਼ਾ ਦਿੱਤੀ ਅਤੇ ਜਦ ਜਲਾਲਾਬਾਦ ਦੇ ਇਕ ਬ੍ਰਾਹਮਣ ਨੇ ਆ ਕੇ ਫ਼ਰਯਾਦ ਕੀਤੀ ਕਿ ਸੱਯਦ ਮੁਹੰਮਦ ਖਾਨ ਹਾਕਮ ਜਲਾਲਾਬਾਦ ਲਾਹੌਰੀ ਨੇ ਕਵਾਰੀ ਬੱਚੀ ਨੂੰ ਹਰਮ ਪਾ ਲਿਆ ਹੈ ਤਾਂ ਹਮਲਾ ਕਰ ਕੇ ਲੜਕੀ ਨੂੰ ਬ੍ਰਾਹਮਣ ਘਰ ਪਹੁੰਚਾਇਆ ਤੇ ਸੱਯਦ ਮੁਹੰਮਦ ਖਾਨ ਨੂੰ ਕੁਕਰਮਾਂ ਦੀ ਸਜ਼ਾ ਦਿੱਤੀ। ਸਭ ਰਾਹਜ਼ਨਾਂ ਨੂੰ ਪਕੜ ਮਾਰਿਆ ਤਾਂ ਕਿ ਉੱਤਰੀ ਹਿੰਦੁਸਤਾਨ ਵਿਚ ਕਿਸੇ ਦੇ ਆਉਣ ਜਾਣ 'ਤੇ ਕੋਈ ਹੱਥ ਨਾ ਉਠਾਏ।

ਜਦ ਦਿੱਲੀ ਦੇ ਤਖ਼ਤ 'ਤੇ ੧੧ ਮਾਰਚ, ੧੭੮੩ ਨੂੰ ਬੈਠੇ ਤਾਂ ਉਸੇ ਸਮੇਂ ਹੀ ਉੱਤਰ ਆਏ ਕਿਉਂਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਕਿਹਾ ਸੀ ਕਿ ਉਸ ਦਾ ਹੱਕ ਹੈ ਕਿਉਂਕਿ ਗੰਗਾ ਜਮਨਾ ਦੁਆਬ ਵਿਚ ਉਹ ਤੇਗ਼ਾਂ ਮਾਰਦੇ ਰਹੇ ਹਨ। ਜ਼ਰਾ ਮੂੰਹ ਨਾ ਵਟਾਇਆ, ਸਿਰਫ ਇਤਨਾ ਕਿਹਾ: "ਮੈਂ ਤਾਂ ਮਾਤਾ ਸੁੰਦਰ ਕੌਰ ਜੀ (ਮਾਤਾ ਸੁੰਦਰੀ ਜੀ) ਅਤੇ ਪੰਥ ਦੇ ਹੁਕਮ ਦਾ ਬੈਠਾ ਸਾਂ। ਇਥੇ ਝਗੜਨਾ ਜ਼ੇਬ (ਸੋਭਾ) ਨਹੀਂ ਦਿੰਦਾ।" ਸਦਾ ਇਤਨੀ ਨਿਮਰਤਾ ਦੱਸੀ ਕਿ ਕਦੇ ਆਪਣੇ ਨਾਮ ਨਾਲ ਕੋਈ ਲਕਬ ਰਾਜਾ, ਨਵਾਬ ਜਾ ਪਾਤਸ਼ਾਹ ਨਾ ਲਗਾਇਆ। ਕੇਵਲ 'ਅਕਾਲ ਸਹਾਇ, ਜੱਸਾ ਸਿੰਘ' ਹੀ ਲਿਖਦੇ।

**ਅਕਾਲ ਚਲਾਣਾ-** ਦੀਵਾਲੀ ਦੇ ਮੇਲੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੇ ਹੀ ਸਨ ਕਿ ਪੇਟ ਵਿਚ ਸੂਲ ਉੱਠਿਆ। ਜਦ ਦੇਖਿਆ ਕਿ ਇਲਾਜ ਦੇ ਬਾਵਜੂਦ ਤਬੀਅਤ ਠੀਕ ਨਹੀਂ ਹੋ ਰਹੀ ਤਾਂ ਸਭ ਸਰਦਾਰਾਂ ਨੂੰ ਬੁਲਾ ਕੇ ਕਿਹਾ-

"ਅੰਤਮ ਸਮਾਂ ਨੇੜੇ ਆ ਗਿਆ ਹੈ, ਹੁਣ ਉਨ੍ਹਾਂ ਦਾ ਧਿਆਨ ਹੋਰ ਕਿਸੇ ਪਾਸੇ ਨਾ ਖਿੱਚਣਾ। ਕੋਈ ਦੁਨਿਆਵੀ ਗੱਲ ਕੰਨਾਂ ਤੱਕ ਨਾ ਪਹੁੰਚਾਣੀ।"

ਸਾਰਾ ਸਮਾਂ ਗੁਰਬਾਣੀ ਸੁਣਨ ਤੇ ਪੜ੍ਹਨ ਵਿਚ ਹੀ ਲਗਾਉਂਦੇ ਸਨ। ਸਾਰੇ ਸਰਦਾਰ ਦੀਵਾਲੀ ਕਾਰਨ ਪੁੱਜੇ ਹੋਏ ਸਨ। ਸਭ ਨੂੰ ਪਾਸ ਬਿਠਲਾ ਆਖਿਆ:

"ਤੁਸਾਂ ਬੜਾ ਪਿਆਰ ਦਿੱਤਾ ਹੈ। ਮੇਰੇ ਜਿਹੇ ਨਾਚੀਜ਼ ਨੂੰ ਪਾਤਸ਼ਾਹ ਬਣਾਇਆ। ਇਹ ਪੰਥ ਦੀ ਗਰੀਬ-ਨਿਵਾਜ਼ੀ ਹੈ। ਮੇਰੀ ਇਕੋ ਹੀ ਬੇਨਤੀ ਹੈ ਕਿ ਸਸਕਾਰ ਹੋਣ ਤੱਕ ਕੋਈ ਅਰਥੀ ਨਾਲ ਹੰਝੂ ਨਾ ਵਗਾਏ। ਸਾਰੇ 'ਵਾਹਿਗੁਰੂ-ਵਾਹਿਗੁਰੂ' ਕਰਦੇ ਜਾਣ। ਸਸਕਾਰ ਨਵਾਬ ਕਪੂਰ ਸਿੰਘ ਜੀ ਦੇ ਲਾਗੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਹੀ ਕਰਨਾ।"

ਸਾਰਿਆਂ ਨੇ ਯਕੀਨ ਦਿਲਵਾਇਆ ਅਤੇ ਕਿਹਾ ਕਿ- 'ਅਜਿਹਾ ਹੀ ਹੋਵੇਗਾ।'

ਆਪ ਜੀ ੨੦ ਅਕਤੂਬਰ ੧੭੮੩ ਈ. ਨੂੰ ਅਕਾਲ ਚਲਾਣਾ ਕਰ ਗਏ। ਸੁਖਮਨੀ ਸਾਹਿਬ ਦੇ ਪਾਠ ਤੇ

ਕੀਰਤਨ ਹੁੰਦੇ ਰਹੇ। ਕੌਮ ਨੇ ਉਵੇਂ ਹੀ ਕੀਤਾ, ਜਿਵੇਂ ਕਹਿ ਗਏ ਸਨ। ਸਾਰੇ ਸਰਦਾਰ, ਸਿੰਘ, ਸੰਗਤਾਂ ਸਿਰਫ਼ ਫੁੱਲਾਂ ਦੀ ਬਾਰਸ਼ ਕਰ ਰਹੇ ਸਨ ਤੇ ਕਿਸੇ ਨੇ ਅੱਥਰੂ ਤੱਕ ਨਾ ਵਗਾਇਆ ਪਰ ਸਸਕਾਰ ਹੋ ਜਾਣ ਉਪਰੰਤ ਕਿਸੇ ਦੇ ਹੰਝੂ ਨਾ ਰੁਕੇ। ਸਭ ਇਹ ਕਹਿ ਰਹੇ ਸਨ ਕਿ:

"ਬਾਬਾ ਬੰਦਾ ਸਿੰਘ ਜੀ ਤੇ ਨਵਾਬ ਕਪੂਰ ਸਿੰਘ ਜੀ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਗਾਏ ਬਾਗ਼ 'ਖ਼ਾਲਸਾ' ਨੂੰ ਮਾਲੀ ਹੋ ਕੇ ਅਜਿਹਾ ਸਰਸਬਾਜ਼ ਕੀਤਾ ਹੈ, ਜਿਸ ਦੀ ਖ਼ੁਸ਼ਬੂ ਸ਼ਜਾਹਤ, ਪੂਰਬ ਤੋਂ ਪੱਛਮ ਤੱਕ, ਉੱਤਰ ਤੋਂ ਦੱਖਣ ਤੱਕ ਫੈਲੀ ਹੈ।"

ਉਨ੍ਹਾਂ ਦੀ ਤੇਗ਼ ਨੇ ਦਿੱਲੀ ਝੁਕਾਈ, ਕਾਬਲ ਨਿਵਾਇਆ ਅਤੇ ਪੰਜਾਬ ਉੱਤੇ ਖ਼ਾਲਸਾ ਰਾਜ ਸਥਾਪਤ ਕੀਤਾ। ਜਿਧਰ ਤੇਗ਼ ਲੈ ਕੇ ਨਿਕਲੇ ਦੁਸ਼ਮਣ ਖ਼ਰਗੋਸ਼ ਦੀ ਤਰ੍ਹਾਂ ਨੱਸੇ। ਐਸਾ ਰਾਜ-ਪ੍ਰਬੰਧ ਕੀਤਾ ਕਿ ਸ਼ੇਰ-ਬੱਕਰੀ ਇਕ ਘਾਟ ਪਾਣੀ ਪੀਂਦੇ ਰਹੇ।

ਗਿਆਨੀ ਗਿਆਨ ਸਿੰਘ ਜੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਦ੍ਰਿਸ਼ ਦੇਂਦੇ ਖੂਬ ਲਿਖਿਆ ਹੈ:

ਦਸ ਅਠ ਚਾਲੀਏ ਮੈਂ ਦਰਦ ਸ਼ਿਕਮ ਸੰਗ, ਆਪ ਗੁਰੁ ਪੁਰਿ ਗਯੋ ਸੁਧਾਸਰ ਮਾਂਹਿ ਹੈ।
ਤਾਂਹਿ ਕਾ ਮਰਨ ਸੁਨਿ ਰੋਇ ਸਭਿ ਸਿੰਘ ਕੈਹੈਂ, ਏ ਰੇ ਜਮ ਰਾਜ! ਤੈ ਅਕਾਜ ਕੀਨੋ ਕਾਂਹਿ ਹੈ?
ਪਰਉਪਕਾਰੀ ਸੂਰੋ ਪੂਰੋ ਬੀਰ ਅਤਿ ਭਾਰੀ, ਪੰਥ ਖ਼ਾਲਸੇ ਕਾ ਪਾਰੀ ਥਾ ਉਦਾਰੀ ਵਾਹਿ ਹੈ।
ਕੌਨ ਕੋ ਕਹੇਂਗੇ ਬਾਦਸ਼ਾਹਿ ਹਮ ਚਾਹਿ ਨਿਜ, ਕੌਨ ਦੇਗ਼ ਤੇਗ਼ ਫ਼ਤੇ ਸੁਜਸ ਲਹਾਹਿ ਹੈ॥੯੪॥

(ਪੰਥ ਪ੍ਰਕਾਸ਼ ੨੭੦੭)

(ਧੰਨਵਾਦ ਸਹਿਤ: ਪੁਰਾਤਨ ਇਤਿਹਾਸਕ ਜੀਵਨੀਆਂ ਵਿੱਚੋਂ)

**ਸ੍ਰੀ ਅਕਾਲ ਤਖ਼ਤ ਸਹਿਬ ਵਿਖੇ**
**ਹਰ ਬੁੱਧਵਾਰ ਤੇ ਐਤਵਾਰ ਨੂੰ**
**ਦੁਪਹਿਰ ੧੨ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ।**
**ਅੰਮ੍ਰਿਤ ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ**
**ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ**
**ਗੁਰੂ ਵਾਲੇ ਬਣਨ।**

# ਛੋਟਾ ਘੱਲੂਘਾਰਾ

*-ਡਾ. ਜਸਬੀਰ ਸਿੰਘ ਸਰਨਾ**

ਕਾਫੀ ਸਿੰਘ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ ਦਰਸ਼ਨਾਂ ਲਈ ਆਏ ਸਨ ਅਤੇ ਬਾਹਰਵਾਰ ਆਪਣੇ ਘੋੜਿਆਂ ਨੂੰ ਘਾਹ ਆਦਿ ਖਵਾ ਰਹੇ ਸਨ। ਸਿੰਘ ਕਈ ਦਿਨਾਂ ਦੇ ਭੁੱਖੇ-ਭਾਣੇ ਸਨ। ਜਸਪਤਿ ਰਾਏ ਫੌਜਦਾਰ ਫੌਜ ਲੈ ਕੇ ਆਇਆ ਤੇ ਸਿੰਘਾਂ ਨੂੰ ਏਮਨਾਬਾਦ 'ਚੋਂ ਚਲੇ ਜਾਣ ਦਾ ਹੁਕਮ ਕੀਤਾ। ਸਿੰਘਾਂ ਦੱਸਿਆ ਕਿ ਉਹ ਕਈ ਦਿਨਾਂ ਦੇ ਭੁੱਖੇ-ਭਾਣੇ ਹਨ ਅਤੇ ਰਾਤ ਗੁਜ਼ਾਰ ਕੇ ਉਹ ਸਵੇਰੇ ਚਲੇ ਜਾਣਗੇ। ਇਸ 'ਤੇ ਜਸਪਤਿ ਰਾਏ ਆਪਣੀ ਸਾਰੀ ਫੌਜ ਲੈ ਕੇ ਸਿੰਘਾਂ 'ਤੇ ਟੁੱਟ ਪਿਆ ਅਤੇ ਸਿੰਘਾਂ ਨੇ ਉਸ ਦੇ ਹਮਲੇ ਨੂੰ ਰੋਕਿਆ। ਇਕ ਸਿੱਖ, ਭਾਈ ਨਿਬਾਹੂ ਸਿੰਘ ਨੇ ਤੁਰੰਤ ਜਸਪਤਿ ਰਾਏ ਦੇ ਹਾਥੀ 'ਤੇ ਚੜ੍ਹ ਕੇ ਉਸ ਦਾ ਸਿਰ ਵੱਢ ਦਿੱਤਾ। ਇਹ ਵੇਖਦੇ ਫੌਜਾਂ ਵਿਚ ਤਰਥੱਲੀ ਮੱਚ ਗਈ। ਭਾਈ ਰਤਨ ਸਿੰਘ (ਭੰਗੂ) ਨੇ ਲਿਖਿਆ ਹੈ:

**ਜਿਸ ਦਿਨ ਜਸਪਤਿ ਮਾਰ ਸੁ ਲਯੋ, ਸਿੰਘਨ ਟੂਟ ਦਰਿਦ੍ਰ ਗਯੋ।**

*(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੩੮੯)*

ਦੀਵਾਨ ਲਖਪਤਿ ਰਾਏ ਨੂੰ ਜਦੋਂ ਆਪਣੇ ਛੋਟੇ ਭਰਾ ਦੀ ਮੌਤ ਦੀ ਖ਼ਬਰ ਪੁੱਜੀ ਤਾਂ ਉਹ ਗੁੱਸੇ ਵਿਚ ਪਾਗ਼ਲ ਹੋ ਗਿਆ। ਉਸ ਨੇ ਲਾਹੌਰ ਦੇ ਨਵਾਬ ਦੇ ਪੈਰਾਂ ਵਿਚ ਆਪਣੀ ਪਗੜੀ ਸੁੱਟੀ ਅਤੇ ਕਿਹਾ, "ਜਦੋਂ ਤਕ ਮੈਂ ਸਿੱਖਾਂ ਦਾ ਖੁਰਾ-ਖੋਜ ਨਹੀਂ ਮਿਟਾਉਂਦਾ, ਸਿਰ 'ਤੇ ਪੱਗ ਨਹੀਂ ਬੰਨ੍ਹਣੀ !"

**ਯਹੀ ਬਾਤ ਲਖਪਤਿ ਸੁਨੀ, ਢਿਗ ਨਵਾਬ ਦਈ ਪਗ ਡਾਰ।**
**ਫੇਰ ਆਨ ਮੈਂ ਬੰਧੋਂਗੇ, ਸਿੰਘਨ ਕੋ ਪੰਥ ਗਾਰ।**
**ਯਹ ਪਰਤੱਗਯਾ ਖੱਤ੍ਰੀ ਕਰੀ, ਮਾਰੋਂ ਸਿੰਘ ਚੜ੍ਹ ਇਤ ਹੀ ਘਰੀ।**
**ਐਸ ਬਚਨ ਸੁਨ ਨਵਾਬ ਉਚਾਰਾ, ਖਰਚੋ ਦਰਬ ਲੈ ਮੇਰਾ ਸਾਰਾ।** *(ਉਹੀ)*

ਸਿਆਣੇ ਅਹਿਲਕਾਰਾਂ ਦਾ ਇਕ ਵਫਦ ਜਿਸ ਵਿਚ ਦੀਵਾਨ ਕੌੜਾ ਮੱਲ, ਦੀਵਾਨ ਲੱਛੀ-ਰਾਮ, ਦੀਵਾਨ ਸੂਰਤ ਸਿੰਘ, ਭਾਈ ਦੇਸ ਰਾਜ ਆਦਿ ਸ਼ਾਮਲ ਸਨ ਅਤੇ ਇਨ੍ਹਾਂ ਦੀ ਅਗਵਾਈ ਗੋਸਾਂਈ ਜਗਤ ਭਗਤ ਕਰ ਰਿਹਾ ਸੀ। ਇਸ ਵਫਦ ਨੇ ਲਖਪਤਿ ਰਾਏ ਨੂੰ ਬੇਨਤੀ ਕੀਤੀ ਕਿ ਬੇਕਸੂਰ ਸਿੱਖਾਂ ਦਾ ਖੂਨ ਨਾ ਬਹਾ ਪਰ ਉਸ ਨੇ ਵਫਦ ਦੀ ਇਕ ਨਾ ਸੁਣੀ। ਨਗਾਰਾ ਵਜਾ ਕੇ ਲੋਕਾਂ ਨੂੰ ਦੱਸਿਆ ਗਿਆ ਕਿ ਕੋਈ ਵੀ 'ਗੁਰੂ' ਸ਼ਬਦ ਉਚਾਰਨ ਨਾ ਕਰੇ, ਜੋ ਅਜਿਹਾ ਕਰਦਾ ਹੈ ਉਸ ਨੂੰ ਮੌਤ ਦੇ ਘਾਟ ਉਤਾਰਿਆ ਜਾਵੇਗਾ। ਬਹੁਤ ਸਾਰੀਆਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀਆਂ ਪਾਵਨ ਬੀੜਾਂ ਇਕੱਠੀਆਂ ਕਰਕੇ ਬੇਹੁਰਮਤੀ ਕੀਤੀ ਗਈ ਅਤੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ ਗਿਆ। ਲਾਹੌਰ ਦੇ ਮੁਗ਼ਲ ਗਵਰਨਰ ਯਹੀਆ ਖਾਨ ਨਾਲ ਮਿਲ ਕੇ ਲਖਪਤਿ ਰਾਏ ਨੇ ਲਾਹੌਰ ਦੀਆਂ ਫੌਜਾਂ ਨੂੰ ਇਕੱਠਾ ਕੀਤਾ ਅਤੇ ਇਸ ਸਬੰਧ ਵਿਚ ਮੁਲਤਾਨ, ਜਲੰਧਰ ਤੇ ਬਹਾਵਲਪੁਰ ਅਤੇ ਪਹਾੜੀ ਰਾਜਿਆਂ ਸਮੇਤ ਸਿੱਖਾਂ ਦੇ ਖਿਲਾਫ 'ਜਹਾਦ' ਦਾ ਬਿਗਲ ਵਜਾ ਦਿੱਤਾ।

ਸਭ ਤੋਂ ਪਹਿਲਾਂ ਲਖਪਤਿ ਰਾਏ ਨੇ ਲਾਹੌਰ ਦੇ ਨਿਵਾਸੀ ਸਿੱਖਾਂ ਨੂੰ ਫੜ ਲਿਆ ਅਤੇ ਉਨ੍ਹਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਇਹ ਕਤਲੇਆਮ ੧੦ ਮਾਰਚ ੧੭੪੬ ਨੂੰ ਸ਼ੁਰੂ ਹੋਇਆ। ਇਸ ਤੋਂ ਬਾਅਦ ਲਖਪਤਿ ਰਾਏ ਭਾਰੀ

**Swarn Colony, Gole Gujral, Jammu Tawi-180002 (J&K)*

ਫੌਜ ਤੇ ਤੋਪਖਾਨਾ ਆਦਿ ਲੈ ਕੇ ਸਿੱਖਾਂ ਦਾ ਸ਼ਿਕਾਰ ਕਰਨ ਲਈ ਤੁਰ ਪਿਆ। ਕਾਹਨੂੰਵਾਨ ਦੇ ਛੰਬ (ਅਜੋਕੇ ਗੁਰਦਾਸਪੁਰ ਤੋਂ ੧੫ ਕਿਲੋਮੀਟਰ ਦੂਰ) ਅਤੇ ਜੰਗਲਾਂ ਵੱਲ। ਉਸ ਨੇ ਸਾਰੇ ਕਾਹਨੂੰਵਾਨ ਦੇ ਜੰਗਲਾਂ ਨੂੰ ਘੇਰ ਕੇ ਸਿੱਖਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਸਿੱਖ ਵੀ ਆਪਣੀ ਰਣਨੀਤੀ ਨਾਲ ਉਸ ਦਾ ਮੁਕਾਬਲਾ ਕਰਦੇ ਰਹੇ ਅਤੇ ਅਖੀਰ ਉਹ ਉੱਤਰ ਦੀਆਂ ਪਹਾੜੀਆਂ ਵੱਲ ਹੋ ਤੁਰੇ। ਸਿੰਘਾਂ ਦਰਿਆ ਰਾਵੀ ਪਾਰ ਕੀਤਾ ਅਤੇ ਬਸੌਲੀ ਦੀਆਂ ਪਹਾੜੀਆਂ ਵੱਲ ਹੋ ਤੁਰੇ। ਇਨ੍ਹਾਂ ਜਥਿਆਂ ਵਿਚ ਬਹੁਤ ਸਾਰੀਆਂ ਬੀਬੀਆਂ, ਬੱਚੇ ਅਤੇ ਬਜ਼ੁਰਗ ਸਨ ਜੋ ਵਹੀਰ ਦੀ ਸ਼ਕਲ ਵਿਚ ਸਨ। ਇਥੇ ਉਹ ਘੇਰੇ ਗਏ ਅਤੇ ਸਿੱਖਾਂ ਦਾ ਕਾਫ਼ੀ ਨੁਕਸਾਨ ਵਿਚ ਹੋਇਆ। ਕੁਝ ਸਿੰਘ ਵੈਰੀਆਂ ਨੂੰ ਕੱਟ-ਵੱਢ ਕਰਦੇ ਹੋਏ ਕੀਰਤਪੁਰ ਵੱਲ ਚਲੇ ਗਏ। ਬਿਆਸ ਅਤੇ ਸਤਲੁਜ ਦਰਿਆ ਪਾਰ ਕਰਦੇ ਕਈ ਸਿੰਘ ਮਾਲਵੇ ਪੁੱਜੇ, ਕਈਆਂ ਲੱਖੀ-ਜੰਗਲ ਵਿਚ ਆਪਣਾ ਰੈਣ-ਬਸੇਰਾ ਬਣਾ ਲਿਆ। ਤਕਰੀਬਨ ੭੦੦੦ ਸਿੰਘ ਇਥੇ ਸ਼ਹੀਦ ਹੋਏ ਅਤੇ ੩੦੦੦ ਫੜੇ ਗਏ। ਇਹ ੧ ਅਤੇ ੨ ਮਈ, ੧੭੪੬ ਦੀ ਘਟਨਾ ਹੈ।

ਸਿੰਘਾਂ ਦੇ ਮੁਖੀਆਂ ਨੇ ਵਿਚਾਰ ਕਰਕੇ ਦੋ ਜਥੇ ਬਣਾਏ। ਬਹੁਤੇ ਸਿੰਘ ਜੋ ਪੈਦਲ ਸਨ, ਕਾਂਗੜਾ ਮੰਡੀ ਹੁੰਦੇ ਹੋਏ ਕੀਰਤਪੁਰ ਪੁੱਜੇ ਸਨ। ਇਨ੍ਹਾਂ ਦਾ ਚਾਰ ਮਹੀਨੇ ਦੇ ਸਮੇਂ ਅੰਦਰ ਭਾਰੀ ਨੁਕਸਾਨ ਹੋਇਆ। ਦੂਜੇ ਜਥੇ ਜੋ ਘੋੜਸਵਾਰ ਆਦਿ ਵਾਲੇ ਸਨ, ਦੁਸ਼ਮਣਾਂ ਦੇ ਘੇਰੇ ਚੀਰਦੇ, ਵੱਢਦੇ-ਟੁੱਕਦੇ ਦਰਿਆ ਪਾਰ ਕਰਦੇ ਰਹੇ। ਨਵਾਬ ਕਪੂਰ ਸਿੰਘ, ਜੱਥੇਦਾਰ ਜੱਸਾ ਸਿੰਘ ਜੀ ਅਤੇ ਸ. ਸੁੱਖਾ ਸਿੰਘ ਦੇ ਜਥੇ ਲਾਹੌਰ ਦੀਆਂ ਫੌਜਾਂ ਨਾਲ ਤਲਵਾਰਾਂ ਅਤੇ ਬਰਛਿਆਂ ਨਾਲ ਲੜਦੇ ਰਹੇ। ਇਸ ਲੜਾਈ ਵਿਚ ਲਖਪਤਿ ਰਾਏ ਅਤੇ ਯਹੀਆ ਖਾਨ ਦਾ ਇਕ-ਇਕ ਲੜਕਾ ਮਾਰਿਆ ਗਿਆ। ਸ. ਸੁੱਖਾ ਸਿੰਘ ਜਦੋਂ ਲਖਪਤਿ ਰਾਏ ਦੇ ਹਾਥੀ ਵੱਲ ਦੌੜ ਕੇ ਗਿਆ ਤਾਂ ਅਚਾਨਕ ਤੋਪ ਦਾ ਇਕ ਗੋਲਾ ਉਸ ਦੀ ਲੱਤ 'ਤੇ ਆ ਕੇ ਲੱਗਿਆ ਜਿਸ ਕਾਰਨ ਉਹ ਜ਼ਖਮੀ ਹੋ ਗਿਆ। ਉਸੇ ਸਮੇਂ ਜੱਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਉਸ ਦੀ ਮੱਦਦ 'ਤੇ ਆ ਗਿਆ ਅਤੇ ਦੁਸ਼ਮਣਾਂ ਦੀਆਂ ਸਫ਼ਾਂ ਚੀਰਦੇ ਹੋਏ ਸੁਰੱਖਿਅਤ ਜੰਗਲਾਂ ਵੱਲ ਚਲੇ ਗਏ। ਰਾਤ ਸਮੇਂ ਸਿੰਘਾਂ ਨੂੰ ਸ. ਸੁੱਖਾ ਸਿੰਘ ਅਤੇ ਜੱਥੇਦਾਰ ਜੱਸਾ ਸਿੰਘ ਜੀ ਨੇ ਵਲਵਲੇਖੇਜ਼ ਲਫ਼ਜ਼ਾਂ ਨਾਲ ਮੁਖਾਤਬ ਕੀਤਾ। ਇਹ ਸਿੰਘਾਂ ਦੀ ਨਵੀਂ ਰਣਨੀਤੀ ਸੀ, ਜਿਸ ਨੇ ਭੁੱਖੇ-ਭਾਣੇ ਅਤੇ ਮਾਮੂਲੀ ਹਥਿਆਰਾਂ ਨਾਲ ਲੈਸ ਸਿੰਘਾਂ ਵਿਚ ਨਵੀਂ ਰੂਹ ਫੂਕ ਦਿੱਤੀ। ਸਿੱਖ ਗੁਰੀਲਾ ਲੀਡਰਾਂ ਦੀ ਦੂਰ-ਦ੍ਰਿਸ਼ਟੀ ਅਤੇ ਯੁੱਧਨੀਤੀ ਦੀ ਮੁਹਾਰਤ ਦਾ ਹੀ ਸਿੱਟਾ ਸੀ ਕਿ ਸਿੰਘ ਰਾਤ ਸਮੇਂ ਲਖਪਤਿ ਰਾਇ ਦੇ ਖੇਮੇ ਵਿਚ ਆਏ ਅਤੇ ਚੰਗੇ ਘੋੜੇ ਤੇ ਹਥਿਆਰ ਖੋਹ ਕੇ ਦੁਬਾਰਾ ਜੰਗਲਾਂ ਵਿਚ ਵੜ ਗਏ। ਦੂਸਰੀ ਸਵੇਰ ਅੰਮ੍ਰਿਤ ਵੇਲੇ ਉੱਠ ਕੇ ਦਰਿਆ 'ਤੇ ਜਿਥੇ ਪਾਣੀ ਘੱਟ ਸੀ, ਉਥੇ ਬੇੜੀਆਂ ਬਣਾ ਕੇ ਦਰਿਆ ਪਾਰ ਕੀਤਾ। ਸ੍ਰੀ ਹਰਿਗੋਬਿੰਦਪੁਰ ਵੱਲ ਹੋ ਤੁਰੇ ਅਤੇ ਦਰਿਆ ਬਿਆਸ ਪਾਰ ਕਰਕੇ ਦੁਆਬੇ ਪੁੱਜੇ। ਇਥੇ ਅਦੀਨਾ ਬੇਗ ਦੀਆਂ ਫੌਜਾਂ ਨਾਲ ਉਨ੍ਹਾਂ ਦੀਆਂ ਝੜਪਾਂ ਹੋਈਆਂ, ਜਿਸ ਨੂੰ ਲਾਹੌਰ ਦਰਬਾਰ ਦੀ ਪੁਸ਼ਤਪਨਾਹੀ ਹਾਸਲ ਸੀ। ਇਹ ੫੦੦੦ ਸਿੰਘਾਂ ਦਾ ਜਥਾ ਜੂਨ ੧੭੪੬ ਦੇ ਕਰੀਬ ਮਾਲਵੇ ਪੁੱਜਾ ਸੀ।

ਇਸ ਘੱਲੂਘਾਰੇ ਵਿਚ ੧੦੦੦੦ ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ ਸਨ। ਇਨ੍ਹਾਂ ਵਿੱਚੋਂ ੩੦੦੦ ਕੈਦੀ ਬਣਾ ਕੇ ਲਾਹੌਰ ਦੇ ਨਖਾਸ, ਘੋੜਾ ਮੰਡੀ, ਦਿੱਲੀ ਗੇਟ, ਲਾਹੌਰ ਵਿਚ ਕਤਲ ਕੀਤੇ ਗਏ। ਇਥੇ ਹੁਣ 'ਸ਼ਹੀਦ ਗੰਜ' ਉਸਾਰਿਆ ਗਿਆ ਹੈ। ਇਸ ਭਿਅੰਕਰ ਤਬਾਹੀ ਨੂੰ ਸਿੱਖ ਇਤਿਹਾਸ ਵਿਚ 'ਛੋਟਾ ਘੱਲੂਘਾਰਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। (ਵੱਡਾ ਘੱਲੂਘਾਰਾ ੧੬ ਸਾਲਾਂ ਬਾਅਦ ੫ ਫਰਵਰੀ, ੧੭੬੨ ਨੂੰ ਹੋਇਆ ਸੀ।) ਬਚੇ ਹੋਏ ੫੦੦੦ ਸਿੰਘਾਂ ਦੇ ਜਥੇਦਾਰਾਂ ਨੇ ਪੂਰੇ ਪੰਜਾਬ ਵਿਚ ਜ਼ਿਲ੍ਹੇਵਾਰ ਸਿੰਘ ਵੰਡ ਦਿੱਤੇ ਅਤੇ ਨਵੀਂ ਭਰਤੀ ਕਰਕੇ ਹਜ਼ਾਰਾਂ ਸਿੰਘ ਦੁਬਾਰਾ ਇਕੱਠੇ ਹੋ ਕੇ ਨਵੀਂ ਜੱਦੋ-ਜਹਿਦ ਲਈ ਤਿਆਰ ਹੋ ਗਏ। ਸਿੰਘਾਂ ਨੇ ੩੦ ਮਾਰਚ, ੧੭੪੭ ਨੂੰ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਇਕੱਠੇ ਹੋ ਕੇ 'ਸਰਬੱਤ ਖਾਲਸਾ' ਬੁਲਾ ਕੇ 'ਗੁਰਮਤਾ' ਕੀਤਾ। ਸਿੰਘਾਂ ਨੇ 'ਰਾਮ ਰੌਣੀ' ਦਾ ਮਜ਼ਬੂਤ ਕਿਲ੍ਹਾ, ਅੰਮ੍ਰਿਤਸਰ ਵਿਚ ਉਸਾਰ ਲਿਆ।

■

ਕਾਰਵਾਈ

ਲੜੀ ਜੋੜਨ ਲਈ ਵੇਖੋ 'ਗੁਰਦੁਆਰਾ ਗਜ਼ਟ' ਮਹੀਨਾ ਵੈਸਾਖ (ਅਪ੍ਰੈਲ ੨੦੧੮) ਪੰਨਾ ੭੧

## ਮਤਾ ਨੰਬਰ ੦੫

ਜਨਰਲ ਸਕੱਤਰ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਬਜਟ ਪੇਸ਼ ਕਰਨ ਉਪਰੰਤ ਪ੍ਰਧਾਨ ਸਾਹਿਬ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਹਾਊਸ ਨੂੰ ਬਜਟ ਪਾਸ ਕਰਨ ਦੀ ਬੇਨਤੀ ਕੀਤੀ ਗਈ। ਹਾਊਸ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੱਲੋਂ ਮੈਂਬਰ ਸਾਹਿਬਾਨ ਲਈ ਰਾਖਵੀਂ ਸਹਾਇਤਾ ਵਧਾਉਣ ਅਤੇ ਕੈਂਸਰ ਫੰਡ ਦੀ ਰਾਸ਼ੀ ਨੂੰ ਇਸ ਤੋਂ ਇਲਾਵਾ ਹੋਰ ਜ਼ਰੂਰੀ ਸਿਹਤ ਸੇਵਾਵਾਂ ਲਈ ਵੀ ਵਰਤਣ ਦੀ ਕੀਤੀ ਮੰਗ ਦੇ ਅਧਾਰਪੁਰ ਮਾਨਯੋਗ ਪ੍ਰਧਾਨ ਸਾਹਿਬ ਦੀ ਆਗਿਆ ਨਾਲ ਪੇਸ਼ ਹੋਣ ਤੇ ਸਮੁੱਚੇ ਹਾਊਸ ਵੱਲੋਂ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਕਿ ਮਿਤੀ ੦੧-੦੪-੨੦੧੮ ਤੋਂ ਸ਼੍ਰੋਮਣੀ ਗੁ:ਪ੍ਰ: ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਹਰ ਇੱਕ ਮੈਂਬਰ ਸਾਹਿਬਾਨ ਨੂੰ ਬੀਮਾਰੀ, ਗਰੀਬੀ, ਗੁਰਸਿੱਖ ਬੱਚਿਆਂ ਦੀ ਪੜਾਈ, ਗੁਰਦੁਆਰਾ ਸਾਹਿਬਾਨ ਦੀਆਂ ਜ਼ਰੂਰੀ ਮੁਰੰਮਤਾਂ ਲਈ ਸਮਾਨ, ਬਰਤਨ, ਗੱਤਕੇ ਦਾ ਸਮਾਨ,ਕੀਰਤਨੀ ਸਾਜ਼, ਦਰੀਆਂ, ਸੀ.ਸੀ.ਟੀ.ਵੀ. ਕੈਮਰੇ ਤੇ ਹੋਰ ਪੰਥਕ ਕਾਰਜਾਂ ਲਈ ਦਿੱਤੀ ਜਾਣ ਵਾਲੀ ਸਹਾਇਤਾ ੧,੦੦,੦੦੦/-ਅੱਖਰੀਂ ਇੱਕ ਲੱਖ ਰੁਪਏ ਤੋਂ ਵਧਾ ਕੇ ੩,੦੦,੦੦੦/-ਅੱਖਰੀਂ ਤਿੰਨ ਲੱਖ ਰੁਪਏ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਹਾਊਸ ਵੱਲੋਂ ਮੈਂਬਰ ਸਾਹਿਬਾਨ ਲਈ ਰਾਖਵੀਂ ਸਹਾਇਤਾ ਵਿੱਚੋਂ ੨੦,੦੦੦/-ਅੱਖਰੀਂ ਵੀਹ ਹਜ਼ਾਰ ਰੁਪਏ ਤੀਕ ਦੀ ਆਗਿਆ ਕਰਨ ਦੇ ਅਧਿਕਾਰ ਮੀਤ ਸਕੱਤਰ (ਪ੍ਰਚਾਰ), ੩੦,੦੦੦/-ਅੱਖਰੀਂ ਤੀਹ ਹਜ਼ਾਰ ਰੁਪਏ ਤੀਕ ਦੀ ਆਗਿਆ ਕਰਨ ਦੇ ਅਧਿਕਾਰ ਐਡੀ:ਸਕੱਤਰ (ਪ੍ਰਚਾਰ), ੪੦,੦੦੦/-ਅੱਖਰੀਂ ਚਾਲੀ ਹਜ਼ਾਰ ਰੁਪਏ ਤੀਕ ਦੀ ਆਗਿਆ ਕਰਨ ਦੇ ਅਧਿਕਾਰ ਸਕੱਤਰ, ਸ਼੍ਰੋਮਣੀ ਗੁ:ਪ੍ਰ:ਕਮੇਟੀ/ ਸਕੱਤਰ-ਪ੍ਰਚਾਰ ਅਤੇ ੪੦,੦੦੦/-ਅੱਖਰੀਂ ਚਾਲੀ ਹਜ਼ਾਰ ਰੁਪਏ ਤੋਂ ਉੱਪਰ ਦੀ ਆਗਿਆ ਕਰਨ ਦੇ ਅਧਿਕਾਰ ਮੁੱਖ ਸਕੱਤਰ, ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਦਿੱਤੇ ਗਏ।

ਹਾਊਸ ਵੱਲੋਂ ਕੈਂਸਰ ਫੰਡ ਦੀ ਰਾਸ਼ੀ ਨੂੰ ਇਸ ਤੋਂ ਇਲਾਵਾ ਹੋਰ ਜ਼ਰੂਰੀ ਸਿਹਤ-ਸੇਵਾਵਾਂ ਲਈ ਵੀ ਵਰਤਣ ਦੀ ਪ੍ਰਵਾਨਗੀ ਦਿੱਤੀ ਗਈ।

ਉਪਰੰਤ ਸਮੁੱਚੇ ਹਾਊਸ ਵੱਲੋਂ ਸਰਬ-ਸੰਮਤੀ ਨਾਲ ਬਜਟ ਪ੍ਰਵਾਨ ਕੀਤਾ ਗਿਆ।

## ਮਤਾ ਨੰਬਰ ੦੬

ਜੂਨ, ੧੯੮੪ ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਤੇ ਭਾਰਤੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਜਿਥੇ ਅਨਗਿਣਤ ਮਨੁਖੀ ਜਾਨਾਂ ਗਈਆਂ, ਸਾਨੂੰ ਆਰਥਿਕ ਤੌਰ ਤੇ ਨੁਕਸਾਨ ਹੋਇਆ, ਉਥੇ ਸਿੱਖ ਕੌਮ ਦਾ ਵੱਡਮੁੱਲਾ ਸਰਮਾਇਆ ਜੋ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਖੇ ਸੰਭਾਲਿਆ ਹੋਇਆ ਸੀ, ਵੀ ਭਾਰਤੀ ਫੌਜ ਚੁੱਕ ਕੇ ਆਪਣੇ ਨਾਲ ਲੈ ਗਈ ਜੋ ਅੱਜ ਤੀਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਵਾਪਿਸ ਨਹੀਂ ਕੀਤਾ ਗਿਆ। ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਹੱਥ-ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਰਲੱਭ ਪਾਵਨ ਸਰੂਪ, ਹੱਥ ਲਿਖਤ ਖਰੜੇ, ਹੁਕਮਨਾਮੇ ਅਤੇ ਗੁਰੂ ਸਾਹਿਬਾਨ ਨਾਲ ਸਬੰਧਤ ਹੋਰ ਇਤਿਹਾਸਕ ਦਸਤਾਵੇਜਾਂ ਤੋਂ ਬਿਨਾਂ ਹਜ਼ਾਰਾਂ ਦੀ ਗਿਣਤੀ ਵਿਚ ਦੁਰਲੱਭ ਪੁਸਤਕਾਂ ਅਤੇ ਹਿੰਦੋਸਤਾਨ ਦੀ ਅਜ਼ਾਦੀ ਨਾਲ ਸਬੰਧਤ ਸਾਹਿਤ ਵੀ ਸੰਭਾਲਿਆ ਹੋਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਸਮੇਂ ਤੋਂ ਹੀ ਸਰਕਾਰ ਪਾਸ ਪਹੁੰਚ ਕੀਤੀ ਜਾ ਰਹੀ ਹੈ ਕਿ ਇਹ ਅਮੁੱਲਾ ਸਰਮਾਇਆ ਸਿੱਖ ਕੌਮ ਨੂੰ ਵਾਪਿਸ ਕੀਤਾ ਜਾਵੇ, ਪਰ ਭਾਰਤ ਸਰਕਾਰ ਦੇ ਰਾਸ਼ਟਰਪਤੀ, ਸਾਬਕਾ ਪ੍ਰਧਾਨ ਮੰਤਰੀਆਂ, ਰੱਖਿਆ ਮੰਤਰੀਆਂ ਵੱਲੋਂ ਇਸ ਸਬੰਧੀ ਵਿਸ਼ਵਾਸ ਦਿਵਾਏ ਜਾਣ ਦੇ ਬਾਵਜੂਦ ਇਹ ਕੌਮੀ ਸਰਮਾਇਆ ਸਿੱਖ ਕੌਮ ਨੂੰ ਵਾਪਿਸ ਨਹੀਂ ਕੀਤਾ ਗਿਆ। ਹੁਣ ਜਦ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ

ਹਰਿਮੰਦਰ ਸਾਹਿਬ ਦਰਸ਼ਨਾਂ ਲਈ ਪੁੱਜੇ ਸਨ ਤਾਂ ਉਨ੍ਹਾਂ ਨੂੰ ਵੀ ਯਾਦ ਪੱਤਰ ਦਿੱਤਾ ਗਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਸਿੱਖ ਕੌਮ ਦਾ ਇਹ ਨਾਯਾਬ ਖਜ਼ਾਨਾ ਤੁਰੰਤ ਵਾਪਿਸ ਕੀਤਾ ਜਾਵੇ।

## ਮਤਾ ਨੰਬਰ ੦੭

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਸ੍ਰੀ ਹਰਿਮੰਦਰ ਸਾਹਿਬ ਉੱਪਰ ੧੯੮੪ ਵਿੱਚ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਅਤੇ ਨਵੰਬਰ ੧੯੮੪ ਵਿੱਚ ਸਮੁੱਚੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕੇਂਦਰ ਦੀ ਕਾਂਗਰਸ ਸਰਕਾਰ ਦੇ ਇਸ਼ਾਰੇ 'ਤੇ ਸਿੱਖਾਂ ਦੇ ਬੇਰਹਮੀ ਨਾਲ ਕੀਤੇ ਕਤਲੇਆਮ ਦੀ ਪੁਰਜ਼ੋਰ ਨਿਖੇਧੀ ਕਰਦਾ ਹੈ। ੧੯੮੪ ਵਿੱਚ ਸਿੱਖਾਂ ਦੀਆਂ ਜਾਇਦਾਦਾਂ ਤੇ ਕਾਰੋਬਾਰ ਬੇਰਹਿਮੀ ਨਾਲ ਤਬਾਹ ਕਰ ਦਿੱਤੇ ਗਏ। ਧੀਆਂ-ਭੈਣਾਂ ਦੀਆਂ ਪੱਤਾਂ ਲੁੱਟੀਆਂ ਗਈਆਂ। ਭਾਵੇਂ ਇਸ ਕਤਲੇਆਮ ਦੇ ਦੋਸ਼ੀਆਂ ਦੀ ਨਿਸ਼ਾਨਦੇਹੀ ਲਈ ਸਰਕਾਰ ਵੱਲੋਂ ਕਈ ਕਮਿਸ਼ਨ ਨੀਯਤ ਕੀਤੇ ਗਏ ਪਰ ਅਫਸੋਸ ਕਿ ਉਹਨਾਂ ਦੀਆਂ ਰਿਪੋਰਟਾਂ ਆਈਆਂ ਨੂੰ ਕਈ ਸਾਲ ਬੀਤ ਜਾਣ ਦੇ ਬਾਵਜੂਦ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਇਨਸਾਫ਼ ਵਿੱਚ ਏਨੀ ਦੇਰੀ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਤੁੱਲ ਹੈ।

ਅੱਜ ਦਾ ਇਜਲਾਸ ਜੂਨ ੧੯੮੪ ਵਿੱਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੀ ਸਖ਼ਤ ਨਿਖੇਧੀ ਕਰਦਿਆਂ ਹੋਇਆਂ ਨਵੰਬਰ ੧੯੮੪ ਸਮੇਂ ਸਿੱਖਾਂ 'ਤੇ ਹੋਏ ਨਸਲੀ ਹਮਲੇ ਦੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦੇਣ ਦੀ ਪੁਰਜ਼ੋਰ ਮੰਗ ਕਰਦਾ ਹੈ।

## ਮਤਾ ਨੰਬਰ ੦੮

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਕਿ, ਮਾਂ ਬੋਲੀ ਪੰਜਾਬੀ ਨਾਲ ਪੰਜਾਬ ਵਿਚ ਹੀ ਵਿਤਕਰਾ ਤੇ ਵਖਰੇਵਾਂ ਕੀਤਾ ਜਾ ਰਿਹਾ ਹੈ। ਪੰਜਾਬ ਦੇ ਵਾਸੀਆਂ ਦੀ ਬਦਕਿਸਮਤੀ ਹੈ ਕਿ ਉਹ ਆਪਣੀ ਮਾਂ ਬੋਲੀ ਨਾਲ ਵਿਤਕਰਾ/ਵਖਰੇਵਾਂ ਕਰਦੇ ਹੋਏ ਆਪਣੇ ਵਿੱਦਿਅਕ, ਵਿੱਤੀ ਅਦਾਰਿਆਂ ਤੇ ਆਪਣੇ ਨਾਵਾਂ ਦੀਆਂ ਤਖ਼ਤੀਆਂ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਅਤੇ ਅੰਗਰੇਜ਼ੀ ਵਿਚ ਲਿਖਦੇ ਹਨ। ਮਾਂ-ਬੋਲੀ ਦਾ ਸਤਿਕਾਰ ਕਰਨਾ ਹਰੇਕ ਦਾ ਪ੍ਰਥਮ ਕਰਤੱਵ ਹੈ। ਪਰ ਪੰਜਾਬ ਵਿਚ ਮਾਂ ਬੋਲੀ ਪੰਜਾਬੀ ਨੂੰ ਧਰਮ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ, ਜੋ ਕਿ ਕਦਾਚਿਤ ਵੀ ਉਚਿਤ ਨਹੀਂ। ਘਰਾਂ ਵਿਚ ਅੰਗਰੇਜੀ ਜਾਂ ਹਿੰਦੀ ਬੋਲੀ ਜਾਣੀ, ਚੰਡੀਗੜ੍ਹ ਵਿਚ ਪੰਜਾਬੀ ਨੂੰ ਪਹਿਲਾ ਸਥਾਨ ਨਾ ਮਿਲਣਾ ਦੁਖਦਾਈ ਚਲਣ ਹੈ। ਮਾਂ-ਬੋਲੀ ਪੰਜਾਬੀ ਦੇ ਵਿਕਾਸ ਤੇ ਵਿਸਥਾਰ ਲਈ ਪੰਜਾਬ ਸਰਕਾਰ ਵੱਲੋਂ ਸਥਾਪਤ ਭਾਸ਼ਾ ਵਿਭਾਗ ਪੰਜਾਬ ਆਪਣੀ ਬਣਦੀ ਜੁੰਮੇਵਾਰੀ ਨਹੀਂ ਨਿਭਾ ਰਿਹਾ।

ਅੱਜ ਦਾ ਇਜਲਾਸ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਹੋਰ ਪੰਜਾਬੀ ਵਸੋਂ ਵਾਲੇ ਸੂਬਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਸਮੁੱਚੇ ਪੰਜਾਬੀਆਂ ਨੂੰ ਬੇਨਤੀ ਕਰਦਾ ਹੈ ਕਿ ਉਹ ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੁੜ ਕੇ ਬੋਲ-ਚਾਲ ਤੇ ਲਿਖਤ ਵਿੱਚ ਪੰਜਾਬੀ ਭਾਸ਼ਾ ਨੂੰ ਸਨਮਾਨਯੋਗ ਰੁਤਬਾ ਦੇਣ।

## ਮਤਾ ਨੰਬਰ ੦੯

ਗੁਰਦੁਆਰਾ ਕਰਤਾਰਪੁਰ ਸਾਹਿਬ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਅਸਥਾਨ ਹੈ, ਜਿਸ ਨਾਲ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਹ ਅਸਥਾਨ ਭਾਰਤ ਅੰਦਰ ਪੰਜਾਬ ਦੇ ਸਰਹੱਦੀ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੀ ਸਰਹੱਦ ਤੋਂ ਕੋਈ ੫-੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੋਣ ਕਾਰਨ

ਸਾਫ਼ ਨਜ਼ਰ ਆਉਂਦਾ ਹੈ। ਭਾਰਤ ਦੀ ਸਰਹੱਦ ਤੋਂ ਇਸ ਪਵਿੱਤਰ ਸਥਾਨ ਦੇ ਦਰਸ਼ਨ ਕਰਨ ਲਈ ਰੋਜ਼ਾਨਾ ਵੱਡੀ ਗਿਣਤੀ ਵਿੱਚ ਸੰਗਤਾਂ ਪੁੱਜਦੀਆਂ ਹਨ। ਇਸ ਸਥਾਨ ਦੇ ਖੁੱਲੇ ਲਾਂਘੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਲੰਮੇ ਸਮੇਂ 'ਤੋਂ ਭਾਰਤ ਸਰਕਾਰ ਪਾਸੋਂ ਮੰਗ ਕੀਤੀ ਜਾਂਦੀ ਰਹੀ ਹੈ।

ਅੱਜ ਦਾ ਇਜਲਾਸ ਭਾਰਤ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਪਾਕਿਸਤਾਨ ਸਰਕਾਰ ਨਾਲ ਸੁਹਿਦਰ ਪੁਹੰਚ ਆਪਣਾ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ-ਦੀਦਾਰ ਲਈ ਖੁੱਲ੍ਹਾ ਲਾਂਘਾ ਦਿੱਤਾ ਜਾਵੇ।

## ਮਤਾ ਨੰਬਰ ੧੦

ਸਿੱਖ ਰਹਿਤ ਮਰਯਾਦਾ ਅਨੁਸਾਰ ਦਸਤਾਰ ਸਿੱਖ ਦੇ ਪਹਿਰਾਵੇ ਦਾ ਅਨਿਖੜਵਾਂ ਅੰਗ ਹੈ। ਦਸਤਾਰ ਸਿੱਖਾਂ ਦਾ ਕੇਵਲ ਧਾਰਮਿਕ ਚਿੰਨ੍ਹ ਹੀ ਨਹੀਂ ਬਲਕਿ ਉਨ੍ਹਾਂ ਦੀ ਨਿਆਰੀ ਅਤੇ ਵੱਖਰੀ ਪਛਾਣ ਦੀ ਪ੍ਰਤੀਕ ਵੀ ਹੈ। ਵਿਸ਼ਵ ਪੱਧਰ 'ਤੇ ਸਿੱਖ ਦੀ ਪਛਾਣ ਸਾਬਤ ਸੂਰਤ ਦਸਤਾਰਧਾਰੀ ਦੇ ਰੂਪ ਵਿਚ ਸਥਾਪਿਤ ਹੋ ਚੁੱਕੀ ਹੈ। ਸਿੱਖ ਧਰਮ ਸਾਬਤ ਸੂਰਤ ਦਸਤਾਰ ਸਿਰਾ ਦਾ ਧਾਰਨੀ ਹੈ। ਸੰਸਾਰ ਯੁੱਧਾਂ ਵਿਚ ਵੀ ਫੌਜੀ ਸਿੱਖ ਦਸਤਾਰਧਾਰੀ ਫੌਜ ਦੇ ਰੂਪ ਵਿਚ ਹੀ ਲੜੇ। ਫਰਾਂਸ ਦੀ ਅਜਾਦੀ ਲਈ ਵੀ ਜੂਝੇ ਪਰ ਅਫਸੋਸ ਦੀ ਗੱਲ ਹੈ ਕਿ ਫਰਾਂਸ ਵਿਚ ਹੀ ਸਕੂਲੀ ਬੱਚਿਆਂ ਨੂੰ ਦਸਤਾਰ ਸਜਾਉਣ ਦੇ ਬੁਨਿਆਦੀ ਅਤੇ ਧਾਰਮਿਕ ਹੱਕ ਤੋਂ ਮਹਿਰੂਮ ਕੀਤਾ ਗਿਆ ਹੈ। ਦੁਨੀਆਂ ਭਰ ਤੋਂ ਇਸ ਵਿਰੁੱਧ ਕੀਤੀਆਂ ਗਈਆਂ ਅਪੀਲਾਂ, ਦਲੀਲਾਂ ਦੀ ਪ੍ਰਵਾਹ ਨਾ ਕਰਦਿਆਂ ਫਰਾਂਸ ਸਰਕਾਰ ਨੇ ਸਿੱਖ ਬੱਚਿਆਂ ਦੇ ਦਸਤਾਰ ਸਜਾਉਣ 'ਤੇ ਲਾਈ ਪਾਬੰਦੀ ਜਾਰੀ ਰੱਖੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਸਿੱਖਾਂ ਦੀ ਨਿਆਰੀ ਹੋਂਦ ਹਸਤੀ ਅਤੇ ਅੰਮ੍ਰਿਤਧਾਰੀ ਸਿੰਘ ਦੀ ਪਛਾਣ ਸੰਸਾਰ ਪੱਧਰ 'ਤੇ ਮਨਵਾਉਣ ਲਈ ਤੁਰੰਤ ਲੋੜੀਂਦੇ ਉਪਰਾਲੇ ਕੀਤੇ ਜਾਣ। ਫਰਾਂਸ ਸਰਕਾਰ ਨੂੰ ਇਸ ਨਵੇਂ ਕਾਨੂੰਨ ਤੇ ਮੁੜ ਨਜ਼ਰਸਾਨੀ ਦੀ ਵੀ ਮੰਗ ਕਰਦਾ ਹੋਇਆ ਅੱਜ ਦਾ ਇਜਲਾਸ ਭਾਰਤ ਸਰਕਾਰ, ਅੰਤਰ-ਰਾਸ਼ਟਰੀ ਸੰਗਠਨਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਅਪੀਲ ਕਰਦਾ ਹੈ ਕਿ ਫਰਾਂਸ ਵਿੱਚ ਸਿੱਖ ਬੱਚਿਆਂ ਦੇ ਦਸਤਾਰ ਸਜਾਉਣ 'ਤੇ ਲਾਈ ਪਾਬੰਦੀ ਤੁਰੰਤ ਵਾਪਸ ਲੈਣ ਲਈ ਫਰਾਂਸ ਸਰਕਾਰ ਨੂੰ ਜ਼ੋਰਦਾਰ ਤਰੀਕੇ ਨਾਲ ਪ੍ਰੇਰਿਆ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਇਹ ਵੀ ਮੰਗ ਕਰਦਾ ਹੈ ਕਿ ਘੱਟ-ਗਿਣਤੀ ਸਿੱਖਾਂ ਦੇ ਧਾਰਮਿਕ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਏਅਰਪੋਰਟਾਂ ਤੇ ਦਸਤਾਰ ਦੀ ਸ਼ਾਨ ਨੂੰ ਬਹਾਲ ਰੱਖਿਆ ਜਾਵੇ।

## ਮਤਾ ਨੰਬਰ ੧੧

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਪੰਜਾਬ ਸਰਕਾਰ ਵਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲੰਗਰ ਲਈ ਖ੍ਰੀਦ ਕੀਤੀਆਂ ਜਾਂਦੀਆਂ ਰਸਦਾਂ ਪੁਰ ਜੀ.ਐਸ.ਟੀ. ਵਿੱਚੋਂ ਆਪਣੇ ਹਿੱਸੇ ਦੀ ਛੋਟ ਦੇਣ ਦੇ ਕੀਤੇ ਐਲਾਨ ਦਾ ਸਵਾਗਤ ਕਰਦਿਆਂ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਸੀ.ਜੀ.ਐਸ.ਟੀ. ਸਮੂੰਹ ਗੁਰਦੁਆਰਾ ਸਾਹਿਬਾਨ ਤੋਂ ਹਟਾਇਆ ਜਾਵੇ ਅਤੇ ਨਾਲ ਹੀ ਪੰਜਾਬ ਸਰਕਾਰ ਤੋਂ ਵੀ ਮੰਗ ਕਰਦਾ ਹੈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਾਂਗ ਬਾਕੀ ਗੁਰਦੁਆਰਾ ਸਾਹਿਬਾਨ ਤੋਂ ਜੀ.ਐਸ.ਟੀ. ਖਤਮ ਕਰੇ ਤਾਂ ਕਿ ਟੈਕਸ ਰੂਪ ਵਿੱਚ ਦਿੱਤੀ ਜਾਣ ਵਾਲੀ ਰਾਸ਼ੀ ਸਮਾਜ ਦੇ ਕਲਿਆਣਕਾਰੀ ਕੰਮਾਂ 'ਚ ਵਰਤੀ ਜਾ ਸਕੇ।

## ਮਤਾ ਨੰਬਰ ੧੨

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਫਿਲਮਾਂ, ਨਾਟਕਾਂ ਅਤੇ ਟੀ.ਵੀ. ਸੀਰੀਅਲਾਂ ਵਿੱਚ ਸਿੱਖ ਪਾਤਰਾਂ ਨੂੰ ਮਜ਼ਾਕੀਆ ਲਹਿਜੇ ਵਿੱਚ ਪੇਸ਼ ਕਰਨ ਦੀ ਸਖ਼ਤ ਨਿਖੇਧੀ ਕਰਦਾ ਹੈ। ਸਿੱਖਾਂ ਨੇ ਭਾਰਤ ਦੀ ਅਜ਼ਾਦੀ ਤੇ ਨਿਰਮਾਣ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਸਿੱਖਾਂ ਦੇ ਮਾਣ-ਸਤਿਕਾਰ ਨੂੰ ਦੇਸ਼ ਵਿੱਚ ਬਹਾਲ ਕੀਤਾ ਜਾਵੇ। ਇਹ ਇਜਲਾਸ ਭਾਰਤ ਸਰਕਾਰ ਪਾਸੋਂ ਮੰਗ ਕਰਦਾ ਹੈ ਕਿ ਫਿਲਮਾਂ, ਨਾਟਕਾਂ ਅਤੇ ਟੀ.ਵੀ ਸੀਰੀਅਲਾਂ ਵਿੱਚ ਸਿੱਖਾਂ ਦੇ ਕਿਰਦਾਰ ਨੂੰ ਮਜ਼ਾਕੀਆ ਲਹਿਜੇ ਵਿੱਚ ਪੇਸ਼ ਕਰਨ ਤੋਂ ਰੋਕਣ ਲਈ ਫਿਲਮ ਸੈਂਸਰ ਬੋਰਡ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇੱਕ ਨੁਮਾਇੰਦੇ ਨੂੰ ਪੱਕੇ ਤੌਰ 'ਤੇ ਸ਼ਾਮਿਲ ਕੀਤਾ ਜਾਵੇ।

## ਮਤਾ ਨੰਬਰ ੧੩

ਪੰਜਾਬ ਵਿੱਚ ਅਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼- ੨੦੧੬ ਪਾਸ ਕੀਤੇ ਗਏ ਸਨ ਜਿਸ ਤਹਿਤ ਸਿੱਖਾਂ ਦੇ ਹੋਣ ਵਾਲੇ ਅਨੰਦ ਕਾਰਜ/ਵਿਆਹ ਇਹਨਾਂ ਰੂਲਾਂ ਅਨੁਸਾਰ ਅਨੰਦ ਮੈਰਿਜ ਐਕਟ ੧੯੦੯ ਅਧੀਨ ਰਜਿਸਟਰਡ ਕੀਤੇ ਜਾਣੇ ਹਨ, ਪ੍ਰੰਤੂ ਅਜੇ ਵੀ ਸਿੱਖਾਂ ਦੇ ਅਨੰਦ ਕਾਰਜ/ਵਿਆਹ ਅਨੰਦ ਮੈਰਿਜ ਐਕਟ ਤਹਿਤ ਰਜਿਸਟਰਡ ਨਾ ਹੋ ਕੇ ਪਹਿਲਾਂ ਦੀ ਤਰ੍ਹਾਂ ਹਿੰਦੂ ਮੈਰਿਜ ਐਕਟ ਅਧੀਨ ਹੀ ਰਜਿਸਟਰਡ ਕੀਤੇ ਜਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਭਾਰਤ ਸਰਕਾਰ, ਸੂਬਾ ਸਰਕਾਰ ਪਾਸ ਪੰਜਾਬ ਅਨੰਦ ਮੈਰਿਜ ਐਕਟ ਰਜਿਸਟ੍ਰੇਸ਼ਨ ਰੂਲਜ਼-੨੦੧੬ ਅਧੀਨ ਸਿੱਖਾਂ ਦੇ ਅਨੰਦ ਕਾਰਜ/ਵਿਆਹ ਰਜਿਸਟਰਡ ਕਰਨ ਨੂੰ ਯਕੀਨੀ ਬਨਾਉਣ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਪੁਰਜ਼ੋਰ ਮੰਗ ਕਰਦਾ ਹੈ। ਭਾਰਤ ਦੇ ਜਿਨ੍ਹਾਂ ਪ੍ਰਾਤਾਂ ਵਿੱਚ ਅਨੰਦ ਮੈਰਿਜ ਰੂਲਜ਼ ੨੦੧੬ ਲਾਗੂ ਨਹੀਂ ਹੋਏ ਉਨ੍ਹਾਂ ਵਿੱਚ ਤੁਰੰਤ ਲਾਗੂ ਕੀਤੇ ਜਾਣ।

## ਮਤਾ ਨੰਬਰ ੧੪

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਵਿਦੇਸ਼ਾਂ ਵਿੱਚ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਸਿੱਖਾਂ ਨੇ ਦੁਨੀਆਂ-ਭਰ ਵਿੱਚ ਮਿਹਨਤ ਮੁਸ਼ੱਕਤ ਕਰਕੇ ਸਬੰਧਤ ਦੇਸ਼ਾਂ ਦੇ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਗੁਰਸਿੱਖਾਂ ਦੇ ਮਾਣ-ਸਤਿਕਾਰ ਤੇ ਪਹਿਚਾਣ ਨੂੰ ਬਣਾਈ ਰੱਖਣਾ ਸਬੰਧਤ ਸਰਕਾਰਾਂ ਦਾ ਪਰਮ ਧਰਮ ਕਰਤੱਵ ਹੈ ਕਿ ਸਿੱਖਾਂ ਦੀ ਨਿਵੇਕਲੀ ਪਹਿਚਾਣ ਤੋਂ ਆਪਣੇ ਨਾਗਰਿਕਾਂ ਨੂੰ ਜਾਣੂੰ ਕਰਵਾਉਣ। ਅੱਜ ਦਾ ਇਹ ਇਜਲਾਸ ਯੂ.ਐਸ.ਏ., ਕਨੇਡਾ, ਯੂ.ਕੇ., ਫਰਾਂਸ, ਆਸਟਰੇਲੀਆ ਅਤੇ ਹੋਰ ਦੇਸ਼ ਜਿੱਥੇ ਵੀ ਸਿੱਖ ਵੱਸਦੇ ਹਨ, ਦੀਆਂ ਸਰਕਾਰਾਂ ਤੋਂ ਮੰਗ ਕਰਦਾ ਹੈ ਕਿ ਸਿੱਖਾਂ ਦੀ ਜਾਨ ਅਤੇ ਮਾਲ ਦੀ ਸੁਰੱਖਿਆ ਲਈ ਢੁਕਵੇਂ ਪ੍ਰਬੰਧ ਕੀਤੇ ਜਾਣ। ਇਹ ਇਜਲਾਸ ਭਾਰਤ ਸਰਕਾਰ ਤੋਂ ਵੀ ਮੰਗ ਕਰਦਾ ਹੈ ਕਿ ਵਿਦੇਸ਼ਾਂ ਵਿੱਚ ਸਿੱਖਾਂ 'ਤੇ ਹੁੰਦੇ ਨਸਲੀ ਹਮਲਿਆਂ ਸਬੰਧੀ ਉਥੋਂ ਦੀਆਂ ਸਰਕਾਰਾਂ ਨਾਲ ਵਿਦੇਸ਼ ਵਿਭਾਗ ਰਾਹੀਂ ਗੱਲਬਾਤ ਕਰਕੇ ਅਜਿਹੇ ਹਮਲਿਆਂ ਨੂੰ ਰੋਕਣ ਦੇ ਉਪਰਾਲੇ ਕੀਤੇ ਜਾਣ।

## ਮਤਾ ਨੰਬਰ ੧੫

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਯਾਤਰੂਆਂ,ਸ਼ਰਧਾਲੂਆਂ ਤੇ ਪ੍ਰੇਮੀਆਂ ਦੀ ਸਹੂਲਤ ਵਾਸਤੇ ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਘਿਉ ਮੰਡੀ ਚੌਂਕ ਅਤੇ ਗੁਰਦੁਆਰਾ ਸ਼ਹੀਦ ਗੰਜ

ਬਾਬਾ ਦੀਪ ਸਿੰਘ ਜੀ ਅਤੇ ਚਾਟੀਵਿੰਡ ਗੇਟ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਤੀਕ ਆਉਣ ਵਾਲੇ ਸਾਰੇ ਰਸਤਿਆਂ ਨੂੰ ਖੁੱਲਾ ਕਰਕੇ ਸਿੱਖ ਵਿਰਾਸਤੀ ਦਿੱਖ ਦਿੱਤੀ ਜਾਵੇ। ਇਨ੍ਹਾਂ ਰਸਤਿਆਂ 'ਤੇ ਹਰੇ-ਭਰੇ ਦਰੱਖਤ ਲਗਾਏ ਜਾਣ ਅਤੇ ਆਰਜੀ ਕਬਜਿਆਂ, ਦੁਕਾਨਾਂ ਤੇ ਫੜੀਆਂ ਨੂੰ ਬੰਦ ਕੀਤਾ ਜਾਵੇ ਤਾਂ ਜੋ ਦੇਸ਼-ਵਿਦੇਸ਼ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਸ੍ਰੀ ਅੰਮ੍ਰਿਤਸਰ ਬਾਰੇ ਵਧੀਆ ਪ੍ਰਭਾਵ ਲੈ ਕੇ ਵਾਪਸ ਜਾਣ।

### ਮਤਾ ਨੰਬਰ ੧੬

ਜੰਮੂ-ਕਸ਼ਮੀਰ ਵਿੱਚ ਵੱਸਦੇ ਸਿੱਖਾਂ ਦੀ ਗਿੱਣਤੀ ਬਹੁਤ ਘੱਟ ਹੋਣ ਅਤੇ ਘੱਟ ਗਿਣਤੀ ਵਾਲੀਆਂ ਸਹੂਲਤਾਂ ਆਦਿ ਨਾ ਮਿਲਣ ਕਰਕੇ ਅਤੇ ਮੌਜੂਦਾ ਹਾਲਾਤਾਂ 'ਚ ਉਨ੍ਹਾਂ ਵਿੱਚ ਅਸੁਰੱਖਿਆ ਅਤੇ ਬੇਗਾਨਗੀ ਦੀ ਭਾਵਨਾ ਦਿਨ-ਬ-ਦਿਨ ਬਹੁਤ ਵੱਧ ਰਹੀ ਹੈ। ਉਨ੍ਹਾਂ ਦੇ ਬੱਚੇ ਚੰਗੇਰੀ ਸਿੱਖਿਆ ਹਾਸਲ ਕਰਨ ਤੋਂ ਵੀ ਵਾਂਝੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਕੇਂਦਰ ਸਰਕਾਰ ਤੋਂ ਮੰਗ ਕਰਦਾ ਹੈ ਕਿ ਜੰਮੂ-ਕਸ਼ਮੀਰ ਵਿੱਚ ਵੱਸਦੇ ਸਿੱਖਾਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਦਿਆਂ ਉਨ੍ਹਾਂ ਦੇ ਜਾਨ-ਮਾਲ ਦੀ ਰਾਖੀ ਯਕੀਨੀ ਬਣਾਈ ਜਾਵੇ।

### ਮਤਾ ਨੰਬਰ ੧੭

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਆਈ.ਸੀ.ਐੱਸ.ਈ.ਅਤੇ ਸੀ.ਬੀ.ਐੱਸ.ਈ ਦੇ ਸਿਲੇਬਸ ਦੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ ਨੂੰ ਤਰੋੜ-ਮਰੋੜ ਕੇ ਗਲਤ ਤਰੀਕੇ ਨਾਲ ਲਿਖਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ ਅਤੇ ਭਾਰਤ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਐੱਨ.ਸੀ.ਈ.ਆਰ.ਟੀ ਦੀਆਂ ਕਿਤਾਬਾਂ ਲਿਖਣ ਵਾਲੇ ਪੈਨਲ ਵਿੱਚ ਪੱਕੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਨੁਮਾਇੰਦਾ ਸ਼ਾਮਿਲ ਕੀਤਾ ਜਾਵੇ।

### ਮਤਾ ਨੰਬਰ ੧੮

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅੱਜ ਦਾ ਇਜਲਾਸ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ 'ਟਾਡਾ' ਤੇ ਹੋਰ ਕਾਲੇ ਕਾਨੂੰਨਾਂ ਅਧੀਨ ਨਿਰਦੋਸ਼ ਨਜ਼ਰਬੰਦ ਸਿੱਖਾਂ ਦੀ ਰਿਹਾਈ ਵਾਸਤੇ ਭਾਰਤ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਨੂੰ ਪੁਰਜ਼ੋਰ ਅਪੀਲ ਕਰਦਾ ਹੈ।

### ਮਤਾ ਨੰਬਰ ੧੯

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਜਲਾਸ ਗੁਰਦੁਆਰਾ ਐਕਟ ਸੈਕਸ਼ਨ ੮੭ ਦੀਆਂ ਸ਼ਡਿਊਲਡ ਅਤੇ ਅਨਸ਼ਡਿਊਲਡ ਗੁਰਦੁਆਰਾ ਕਮੇਟੀਆਂ ਜਿਨ੍ਹਾਂ ਦੀ ਸਲਾਨਾ ਆਮਦਨ ੩੦,੦੦੦੦੦/-ਅੱਖਰੀਂ ਤੀਹ ਲੱਖ ਰੁਪਏ ਤੋਂ ਵੱਧ ਹੈ ਉਨ੍ਹਾਂ ਦਾ ਪ੍ਰਬੰਧ ਸੈਕਸ਼ਨ ੮੭ (੧) ਬੀ ਤੋਂ ਸੈਕਸ਼ਨ ੮੫ ਵਿਚ ਤਬਦੀਲ ਕਰਨ ਦੀ ਪ੍ਰਵਾਨਗੀ ਦੇਂਦਾ ਹੈ। ਇਸ ਸਬੰਧੀ ਸਰਕਾਰ ਨਾਲ ਲਿਖਾ-ਪੜ੍ਹੀ ਕੀਤੀ ਜਾਵੇ।

### ਮਤਾ ਨੰਬਰ ੨੦

ਸਿੱਖ ਸੰਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੈਂਬਰ ਸਾਹਿਬਾਨਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸਾਹਿਬਾਨਾਂ ਨਾਲ ਸਬੰਧਤ ਜਮੀਨਾਂ ਬਿਨਾਂ ਨਿਲਾਮੀ/ਪਬਲਿਕ ਨੋਟਿਸ ਤੋਂ ਲੰਮੇ ਸਮੇਂ ਲਈ ਬਜਾਰ ਮੁੱਲ ਤੋਂ ਬਹੁਤ ਹੀ ਘੱਟ ਰੇਟ ਤੇ ਕੁਝ

ਵਿਅਕਤੀਆਂ ਜਾਂ ਉਹਨਾਂ ਟਰੱਸਟਾਂ/ਸੁਸਾਇਟੀਆਂ/ਨਿੱਜੀ ਸੰਸਥਾਵਾਂ ਨੂੰ ਦੇਣਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਬੰਧਨ ਜਾਂ ਕੰਟਰੋਲ ਵਿੱਚ ਨਹੀਂ ਹਨ ਅਤੇ ਇਹਨਾਂ ਟਰੱਸਟਾਂ/ਸੁਸਾਇਟੀਆਂ/ ਸੰਸਥਾਵਾਂ ਦਾ ਪ੍ਰਧਾਨ/ਚੇਅਰਮੈਂਨ, ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਪ੍ਰਧਾਨ ਵੀ ਨਹੀਂ ਹੈ, ਗੁਰੂ ਘਰ ਨੂੰ ਜਮੀਨ ਦੀ ਵਰਤੋਂ/ ਆਮਦਨ ਤੋਂ ਵਾਂਝੇ ਰੱਖ ਕੇ ਗੁਰੂ ਘਰ ਨੂੰ ਲਗਾਤਾਰ ਹੋ ਰਹੇ ਮਾਲੀ ਨੁਕਸਾਨ ਨੂੰ ਰੋਕਣ ਲਈ ਉਚਿਤ ਕਾਰਵਾਈ ਕੀਤੀ ਜਾਵੇ।

ਅੱਜ ਦਾ ਇਜਲਾਸ ਅੰਤ੍ਰਿੰਗ ਕਮੇਟੀ ਨੂੰ ਆਦੇਸ਼ ਦੇਂਦਾ ਹੈ ਕਿ ਜੋ ਸ਼੍ਰੋਮਣੀ ਗੁ:ਪ੍ਰ:ਕਮੇਟੀ ਅਤੇ ਗੁਰਦੁਆਰਾ ਸਾਹਿਬਾਨਾਂ ਨਾਲ ਸਬੰਧਤ ਜਮੀਨਾਂ ਬਿਨਾਂ ਨਿਲਾਮੀ/ਪਬਲਿਕ ਨੋਟਿਸ ਤੋਂ ਲੰਮੇ ਸਮੇਂ ਲਈ ਬਜਾਰ ਮੁੱਲ ਤੋਂ ਬਹੁਤ ਘੱਟ ਰੇਟ 'ਤੇ ਕੁੱਝ ਵਿਅਕਤੀਆਂ ਜਾਂ ਉਹਨਾਂ ਟਰੱਸਟਾਂ/ਸੁਸਾਇਟੀਆਂ/ਨਿੱਜੀ ਸੰਸਥਾਵਾਂ ਨੂੰ ਦੇਣਾ ਜੋ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਬੰਧਨ ਜਾਂ ਕੰਟਰੋਲ ਵਿੱਚ ਨਹੀਂ ਹਨ ਅਤੇ ਇਹਨਾਂ ਟਰੱਸਟਾਂ/ਸੁਸਾਇਟੀਆਂ/ਸੰਸਥਾਵਾਂ ਦਾ ਪ੍ਰਧਾਨ/ਚੇਅਰਮੈਂਨ, ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਪ੍ਰਧਾਨ ਵੀ ਨਹੀਂ ਹੈ, ਉਹਨਾਂ ਟਰੱਸਟਾਂ/ਸੁਸਾਇਟੀਆਂ/ਸੰਸਥਾਵਾਂ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ/ਕੰਟਰੋਲ ਅਧੀਨ ਲਿਆਉਣ ਲਈ ਜਾਂ ਇਹਨਾਂ ਟਰੱਸਟਾਂ/ ਸੁਸਾਇਟੀਆਂ/ਸੰਸਥਾਵਾਂ ਪਾਸੋਂ ਜਮੀਨਾਂ ਵਾਪਿਸ ਲੈਣ ਲਈ ਲੋੜੀਂਦੀ ਕਾਰਵਾਈ/ਚਾਰਾਜੋਈ ਕੀਤੀ ਜਾਵੇ ਤਾਂ ਕਿ ਜਮੀਨਾਂ ਨੂੰ ਗੁਰੂ ਘਰ ਅਤੇ ਸੰਗਤ ਦੀ ਬਿਹਤਰੀ ਲਈ ਸੁਚੱਜੇ ਢੰਗ ਨਾਲ ਵਰਤਿਆ ਜਾ ਸਕੇ।

## ਮਤਾ ਨੰਬਰ ੨੧

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਰਿਕਾਰਡ ਬ੍ਰਾਂਚ-੮੭ ਵਿਚ ਪਏ ਪੁਰਾਣੇ ਰਿਕਾਰਡ ਨੂੰ ਵੀਹ ਸਾਲਾਂ ਤੀਕ ਰੱਖ ਕੇ ਬਾਕੀ ਰਿਕਾਰਡ ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸੀਨੀਅਰ ਅਧਿਕਾਰੀ ਅਤੇ ਚੀਫ ਗੁ: ਇੰਸਪੈਕਟਰ ਦੀ ਹਾਜ਼ਰੀ ਵਿਚ ਸਾੜਣ/ਰਾਈਟ ਆਫ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

## ੨੨) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਬਜਟ ਸਾਲ ੨੦੧੮-੧੯ (ਜਨਰਲ ਬੋਰਡ ਫੰਡ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

**ਭਾਗ ਆਮਦਨ**

| | | |
|---|---|---|
| ੧ | ਦਸਵੰਧ ਦਫਾ ੮੫ | ੪੭੯੦੦੦੦੦੦ |
| ੨ | ਦਸਵੰਧ ਦਫਾ ੮੭ | ੫੧੪੦੦੦੦੦ |
| ੩ | ਸੂਦ ਬੈਂਕਾਂ ਤੋਂ | ੩੧੦੦੦੦੦੦ |
| ੪ | ਵਿਕਰੀ ਸਟੇਸ਼ਨਰੀ ਸਟਾਕ | ੯੦੦੦੦ |
| ੫ | ਆਮਦਨ ਗੁਰਦੁਆਰਾ ਗਜ਼ਟ | ੧੦੦੦੦ |
| ੬ | ਕਿਰਾਇਆ ਕੁਆਰਟਰ ਅਤੇ ਜੁਡੀਸ਼ੀਅਲ ਕਮਿਸ਼ਨ | ੩੦੦੦੦੦ |
| ੭ | ਜਾਇਦਾਦ ਗੁ: ਪਿੰਡ ਕੰਗਮਾਈ,ਪਿੰਡ ਝੱਜੀਆਂ, ਗੁ: ਕਪੂਰਗੜ੍ਹ, ਠੱਠਾ ਜੀਰਾ, ਬਦਰਾ ਬਰਨਾਲਾ, ਅਤੇ ਚੀਮਾ ਸੰਗਰੂਰ (ਆਦਿ) | ੫੦੦੦੦੦ |
| ੮ | ਸਹਾਇਤਾ ਇਮਾਰਤ ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ (ਹਰਿਆਣਾ) ਗੁ:ਸਾਹਿਬਾਨ ਦਫਾ ੮੫ ਤੋਂ | ੨੧੫੦੦੦੦੦ |
| ੯ | ਸਹਾਇਤਾ ਇਮਾਰਤ ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ (ਹਰਿਆਣਾ) ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ | ੩੭੦੦੦੦੦੦ |

*(ਬਾਕੀ ਪੰਨਾ ੫੧ 'ਤੇ)*



ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਵਿਚੋਂ ਸਿੱਖ ਇਤਿਹਾਸ ਨੂੰ ਕਾਂਗਰਸ ਸਰਕਾਰ ਵੱਲੋਂ ਮਨਫ਼ੀ ਕਰਨ ਵਿਰੁੱਧ ਸ਼੍ਰੋਮਣੀ ਕਮੇਟੀ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਵੱਖ-ਵੱਖ ਮੈਂਬਰ ਸਾਹਿਬਾਨ।
ਹੇਠਾਂ- ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ। (7 ਮਈ)



ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਧਾਰਮਿਕ ਅਧਿਆਪਕਾਂ ਦੀ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ। ਉਨ੍ਹਾਂ ਨਾਲ ਡਾ. ਰੂਪ ਸਿੰਘ ਮੁੱਖ ਸਕੱਤਰ, ਸ. ਮਨਜੀਤ ਸਿੰਘ ਤੇ ਸ. ਅਵਤਾਰ ਸਿੰਘ ਸਕੱਤਰ ਅਤੇ ਹੋਰ। (25 ਅਪ੍ਰੈਲ)



ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ ਦੀ ਅਕਾਦਮਿਕ ਰੂਪ-ਰੇਖਾ ਸਬੰਧੀ ਇਕੱਤਰਤਾ ਦੀ ਪ੍ਰਧਾਨਗੀ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ। ਉਨ੍ਹਾਂ ਨਾਲ ਸ. ਰਘੂਜੀਤ ਸਿੰਘ ਵਿਰਕ, ਡਾ. ਸਰਦਾਰਾ ਸਿੰਘ ਜੌਹਲ, ਡਾ. ਬਲਕਾਰ ਸਿੰਘ, ਡਾ. ਰੂਪ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ ਅਤੇ ਹੋਰ। (26 ਅਪ੍ਰੈਲ)



ਫਤਹਿਗੜ੍ਹ ਸਾਹਿਬ ਦੇ ਪਿੰਡ ਦਾਲੋਮਾਜਰਾ ਵਿਖੇ ਦੋ ਗੁਰਦੁਆਰਾ ਸਾਹਿਬਾਨ ਤੋਂ ਇੱਕ ਗੁਰਦੁਆਰਾ ਸਾਹਿਬ ਕਰਨ ਸਮੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਇੱਕ ਗੁਰਦੁਆਰਾ ਸਾਹਿਬ ਤੋਂ ਦੂਸਰੇ ਗੁਰਦੁਆਰਾ ਸਾਹਿਬ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਅਦਬ ਨਾਲ ਲੈ ਕੇ ਜਾਂਦੇ ਹੋਏ। (30 ਅਪ੍ਰੈਲ)



ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਛੱਤੀਸਗੜ੍ਹ ਤੋਂ ਪਹੁੰਚੇ ਸਿਕਲੀਗਰ ਸਿੱਖ ਜਥੇ ਦੇ ਆਗੂਆਂ ਨੂੰ ਸਨਮਾਨਿਤ ਕਰਦੇ ਹੋਏ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਐਡੀ: ਸਕੱਤਰ ਸ. ਜਸਵਿੰਦਰ ਸਿੰਘ ਦੀਨਪੁਰ ਅਤੇ ਹੋਰ। (27 ਅਪ੍ਰੈਲ)



ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਕਰਵਾਏ ਗਏ ਸਮਾਗਮ ਮੌਕੇ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੂੰ ਸਨਮਾਨਿਤ ਕਰਦੇ ਹੋਏ ਸ. ਦਿਲਜੀਤ ਸਿੰਘ ਬੇਦੀ, ਸ. ਜਗਜੀਤ ਸਿੰਘ ਜੱਗੀ, ਸ. ਪ੍ਰਦੀਪ ਸਿੰਘ ਵਾਲੀਆ ਅਤੇ ਹੋਰ। (3 ਮਈ)




ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਵਾਏ ਗਏ ਮੁੱਖ ਸਮਾਗਮ ਸਮੇਂ ਸੋਵੀਨਰ ਜਾਰੀ ਕਰਦੇ ਹੋਏ ਜੱਥੇਦਾਰ ਗੁਰਬਚਨ ਸਿੰਘ, ਬਾਬਾ ਬਲਬੀਰ ਸਿੰਘ, ਸ. ਰਜਿੰਦਰ ਸਿੰਘ ਮਹਿਤਾ, ਡਾ. ਰੂਪ ਸਿੰਘ, ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸੁਲੱਖਣ ਸਿੰਘ ਭੰਗਾਲੀ ਤੇ ਹੋਰ। (3 ਮਈ)




ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ। (3 ਮਈ)



ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਪ੍ਰਕਾਸ਼ ਵਿਸ਼ੇਸ਼ ਅੰਕ ਜਾਰੀ ਕਰਦੇ ਹੋਏ ਜੱਥੇਦਾਰ ਗੁਰਬਚਨ ਸਿੰਘ, ਬਾਬਾ ਬਲਬੀਰ ਸਿੰਘ, ਸ. ਰਜਿੰਦਰ ਸਿੰਘ ਮਹਿਤਾ, ਡਾ. ਰੂਪ ਸਿੰਘ, ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸੁਲੱਖਣ ਸਿੰਘ ਤੇ ਹੋਰ। (3 ਮਈ)



ਜੱਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਤ ਦਿੱਲੀ ਦੇ ਲਾਲ ਕਿਲ੍ਹੇ ਤਕ ਕੱਢੇ ਗਏ ਫਤਹਿ ਮਾਰਚ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ,
ਦਿੱਲੀ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀ.ਕੇ., ਜਨਰਲ ਸਕੱਤਰ ਸ. ਮਨਜਿੰਦਰ ਸਿੰਘ ਸਿਰਸਾ,
ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ,
ਅਕਾਲੀ ਆਗੂ ਸ. ਬਲਵਿੰਦਰ ਸਿੰਘ ਭੂੰਦੜ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਤੇ ਹੋਰ।



ਉਪ ਦਫ਼ਤਰ ਚੰਡੀਗੜ੍ਹ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਸਮੇਂ ਪ੍ਰਧਾਨਗੀ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਇਕੱਤਰਤਾ 'ਚ ਹਾਜ਼ਰ ਮੈਂਬਰ ਸਾਹਿਬਾਨ। (4 ਮਈ)



ਸ. ਕੁਲਵਿੰਦਰ ਸਿੰਘ ਜੋਧਪੁਰੀ ਇੰਸਪੈਕਟਰ ਨੂੰ ਸੇਵਾ ਮੁਕਤ ਹੋਣ ਸਮੇਂ ਸਨਮਾਨਿਤ ਕਰਦੇ ਹੋਏ ਸਕੱਤਰ ਸ. ਮਨਜੀਤ ਸਿੰਘ ਬਾਠ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਮੀਤ ਸਕੱਤਰ ਸ. ਸਤਿੰਦਰ ਸਿੰਘ ਤੇ ਗੁਰਮੀਤ ਸਿੰਘ ਬੁੱਟਰ।(2 ਅਪ੍ਰੈਲ)



ਪਿੰਡ ਕੈਰੋਂ (ਤਰਨ ਤਾਰਨ) ਦੇ ਗੁਰਦੁਆਰਾ ਝਾੜ ਸਾਹਿਬ ਪਾਤਸ਼ਾਹੀ ਪੰਜਵੀਂ, ਛੇਵੀਂ ਵਿਖੇ ਖ਼ਾਲਸਾ ਸਾਜਣਾ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਖੁਸ਼ਵਿੰਦਰ ਸਿੰਘ ਪੱਟੀ ਦੀ ਅਗਵਾਈ ਵਿਚ ਕਰਵਾਏ ਗਏ ਅੰਮ੍ਰਿਤ ਸੰਚਾਰ ਸਮਾਗਮ ਸਮੇਂ 705 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ (14 ਅਪ੍ਰੈਲ)




ਧਰਮ ਪ੍ਰਚਾਰ ਕਮੇਟੀ ਦੇ ਅਕਾਊਂਟਸ ਕਲਰਕ ਸ. ਗੁਰਦੀਪ ਸਿੰਘ ਨੂੰ ਸੇਵਾ ਮੁਕਤ ਹੋਣ ਸਮੇਂ ਸਨਮਾਨਤ ਕਰਦੇ ਹੋਏ ਸ. ਜਗਜੀਤ ਸਿੰਘ ਜੱਗੀ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਕੁਲਵਿੰਦਰ ਸਿੰਘ ਰਮਦਾਸ ਤੇ ਹੋਰ। (30 ਅਪ੍ਰੈਲ)

*(ਪੰਨਾ ੪੨ ਦਾ ਬਾਕੀ)*



*(ਪੰਨਾ ੪੨ ਦਾ ਬਾਕੀ)*

| | |
|---|---|
| ੧੦ ਕਿਰਾਇਆ ਕਮਰੇ ਸ੍ਰੀ ਕਲਗੀਧਰ ਨਿਵਾਸ,ਚੰਡੀਗੜ੍ਹ | ੫੦੦੦੦ |
| ੧੧ ਗੋਲਕ ਗੁ:ਸ੍ਰੀ ਕਲਗੀਧਰ ਨਿਵਾਸ, ਚੰਡੀਗੜ੍ਹ | ੨੫੦੦੦ |
| ੧੨ ਸ੍ਰੀ ਗੁਰੂ ਗ੍ਰੰਥ ਸਾਹਿਬ ਚੌਥੀ ਸ਼ਤਾਬਦੀ ਮੈਮੋਰੀਅਲ ਟਰੱਸਟ (ਵਿਸ਼ਵ ਸਿੱਖ ਯੂਨੀਵਰਸਿਟੀ) ਫਤਹਿਗੜ੍ਹ ਸਾਹਿਬ (ਵਸੂਲੀ ਗੁ: ਸਾਹਿਬਾਨ ਸੈਕਸ਼ਨ ੮੫ ਤੋਂ) | ੧੦੩੦੦੦੦੦ |
| ੧੩ ਸ੍ਰੀ ਗੁਰੂ ਗ੍ਰੰਥ ਸਾਹਿਬ ਚੌਥੀ ਸ਼ਤਾਬਦੀ ਮੈਮੋਰੀਅਲ ਟਰੱਸਟ (ਵਿਸ਼ਵ ਸਿੱਖ ਯੂਨੀਵਰਸਿਟੀ) ਫਤਹਿਗੜ੍ਹ ਸਾਹਿਬ (ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਧਰਮ ਪ੍ਰਚਾਰ ਕਮੇਟੀ ਤੋਂ) | ੩੦੦੦੦੦੦੦ |
| ੧੪ ਫੁਟਕਲ ਆਮਦਨ ਅਤੇ ਚੜ੍ਹਤ ਆਦਿ | ੭੫੦੦੦ |
| **ਜੋੜ ਆਮਦਨ** | **੬੬੧੨੫੦੦੦੦** |
| ੧੫ ਕਰਜ਼ਾ ਧਰਮ ਪ੍ਰਚਾਰ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ | ੦ |
| ੧੬ ਕਰਜ਼ਾ ਧਰਮ ਪ੍ਰਚਾਰ ਕਮੇਟੀ (ਵਿਸ਼ਵ ਸਿੱਖ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਾਸਤੇ) | |
| ੧੭ ਵਸੂਲੀ ਵਾਪਸੀ ਕਰਜ਼ਾ ਦੂਜੇ ਅਦਾਰਿਆਂ ਤੋਂ (ਗੁਰੂ ਕਾ ਬਾਗ ਘੁੱਕੇਵਾਲੀ ਪਾਸੋਂ) | ੧੨੫੦੦੦੦ |
| **ਜੋੜ ਕਰਜ਼ਾ** | **੧੨੫੦੦੦੦** |
| **ਜੋੜ ਕੁੱਲ ਆਮਦਨ** | **੬੬੨੫੦੦੦੦੦** |
| **ਬੱਚਤ ਵਿੱਚੋਂ** | **੦** |
| **ਕੁੱਲ ਜੋੜ** | **੬੬੨੫੦੦੦੦੦** |

## ਭਾਗ ਖਰਚ

### ਰੁਟੀਨ ਦੇ ਖਰਚੇ

| | |
|---|---|
| ੧ ਤਨਖਾਹ ਸਟਾਫ ਜਨਰਲ ਵਿਭਾਗ | ੧੯੧੦੦੦੦੦੦ |
| ੨ ਤਨਖਾਹ ਇੰਸਪੈਕਸ਼ਨ ਵਿਭਾਗ | ੬੨੩੦੦੦੦੦ |
| ੩ ਮੁਕੱਦਮੇਂ ਸਮੇਤ ਖਰਚਾ ਜੁਡੀਸ਼ੀਅਲ ਕਮਿਸ਼ਨ | ੧੩੦੦੦੦੦ |
| ੪ ਸਬ-ਆਫਿਸ ਚੰਡੀਗੜ੍ਹ | ੧੨੫੦੦੦੦੦ |
| ੫ ਡਾਕ ਤੇ ਤਾਰ ਖਰਚ | ੧੭੫੦੦੦ |
| ੬ ਟੈਲੀਫੂਨ ਦਫਤਰ | ੨੩੦੦੦੦ |
| ੭ ਸਟੇਸ਼ਨਰੀ ਦਫਤਰ | ੭੫੦੦੦੦ |
| ੮ ਰੋਸ਼ਨੀ ਦਫ਼ਤਰ (ਬਿੱਲ ਬਿਜਲੀ ਤੇ ਫੁੱਟਕਲ) | ੨੧੦੦੦੦ |
| ੯ ਮੁਰੰਮਤ ਸਮਾਨ | ੪੨੦੦੦੦ |
| ੧੦ ਦਰੀਆਂ ਅਤੇ ਗਲੀਚੇ ਤੇਜਾ ਸਿੰਘ ਸਮੁੰਦਰੀ ਹਾਲ | ੨੦੦੦੦੦ |
| ੧੧ ਆਡਿਟ ਫੀਸ | ੨੧੪੦੦੦ |
| ੧੨ ਇੰਟਰਨਲ ਆਡਿਟ ਫੀਸ | ੧੦੦੦੦੦੦ |
| ੧੩ ਆਡਿਟ ਰਿਪੋਰਟ ਛਪਾਈ | ੨੪੮੦੦੦ |
| ੧੪ ਸਫਰ ਖਰਚ ਮੁਲਾਜ਼ਮਾਂ | ੪੫੦੦੦੦੦ |

| | | |
|---|---|---|
| ੧੫ | ਸਫਰ ਖਰਚ ਪ੍ਰਧਾਨ ਸਾਹਿਬ ਅਤੇ ਮੈਂਬਰ ਸਾਹਿਬਾਨ | ੧੦੦੦੦੦੦ |
| ੧੬ | ਖਰਚ ਜਨਰਲ ਸਮਾਗਮ | ੧੦੦੦੦੦ |
| ੧੭ | ਖ਼ਰਚ ਗੱਡੀਆਂ (ਤੇਲ, ਮੁਰੰਮਤ ਤੇ ਬੀਮਾ ਆਦਿ) | ੪੫੦੦੦੦੦ |
| ੧੮ | ਪਬਲੀਸਿਟੀ | ੩੦੦੦੦੦੦ |
| ੧੯ | ਖਰਚ ਗੁਰਦੁਆਰਾ ਗਜ਼ਟ | ੬੫੦੦੦੦ |
| ੨੦ | ਮੁਰੰਮਤ ਇਮਾਰਤ ਤੇਜਾ ਸਿੰਘ ਸਮੁੰਦਰੀ ਹਾਲ ਤੇ ਦਫਤਰ ਗੁਰੂ ਨਾਨਕ ਨਿਵਾਸ | ੫੦੦੦੦੦ |
| ੨੧ | ਵੱਟਾ ਖਾਤਾ ਘਸਾਈ ਆਦਿ | ੭੦੦੦੦੦ |
| ੨੨ | ਤਨਖਾਹ ਗਰੈਚੁਇਟੀ ਅਤੇ ਛੁੱਟੀਆਂ | ੨੦੦੦੦੦੦੦ |
| ੨੩ | ਵਰਦੀਆਂ ਮੁਲਾਜ਼ਮਾਂ (ਸੇਵਾਦਾਰ, ਹੈਲਪਰ ਅਤੇ ਡਰਾਇਵਰ ਆਦਿ) | ੫੦੦੦੦੦ |
| ੨੪ | ਫੁੱਟਕਲ (ਕਿਰਾਇਆ ਰਿਕਸ਼ਾ,ਫੋਟੋ ਸਟੇਟ ਤੇ ਕਮਿਸ਼ਨ ਆਦਿ) | ੫੦੮੦੦੦ |
| ੨੫ | ਗੁ: ਸੁਧਾਰ ਸਹਾਇਤਾ ਸੇਵਕ ਫੰਡ | ੦ |
| ੨੬ | ਟੈਲੀਫੂਨ ਇੰਟਰਨਲ | ੧੨੦੦੦੦ |
| ੨੭ | ਐਂਟਰਟੇਨਮੈਂਟ ਫੰਡ | ੩੫੦੦੦੦ |
| ੨੮ | ਮੁਰੰਮਤ ਇਮਾਰਤ ਗੁ: ਜੁਡੀਸ਼ੀਅਲ ਕਮਿਸ਼ਨ | ੨੦੦੦੦੦ |
| ੨੯ | ਪੰਥਕ ਮੁਕੱਦਮਾਤ | ੧੨੦੦੦੦੦ |
| ੩੦ | ਕੁਆਰਟਰ ਸਟਾਫ ਧਰਮਸ਼ਾਲਾ ਭਾਈ ਚਾਨਣਾ ਸਿੰਘ | ੫੦੦੦੦੦ |
| ੩੧ | ਬੀਮਾ ਮੁਲਾਜ਼ਮਾਂ (ਮੈਡੀਕਲ ਅਤੇ ਐਕਸੀਡੈਂਟਲ) | ੫੦੦੦੦੦੦ |
| ੩੨ | ਬੀਮਾ ਸਾਬਕਾ ਮੁਲਾਜ਼ਮਾਂ (ਮੈਡੀਕਲ ਅਤੇ ਐਕਸੀਡੈਂਟਲ) | ੫੦੦੦੦੦ |
| ੩੩ | ਬੀਮਾ ਮੈਂਬਰ ਸਾਹਿਬਾਨ (ਮੈਡੀਕਲ ਅਤੇ ਐਕਸੀਡੈਂਟਲ) | ੪੦੦੦੦੦੦ |
| ੩੪ | ਇਨਾਮ ਮੁਲਾਜਮਾਂ | ੫੦੦੦੦ |
| ੩੫ | ਸ੍ਰੀ ਕਲਗੀਧਰ ਨਿਵਾਸ ਚੰਡੀਗੜ੍ਹ | ੫੧੫੦੦੦੦ |
| ੩੬ | ਗਰਾਊਂਡ ਰੈਂਟ ਸ੍ਰੀ ਕਲਗੀਧਰ ਨਿਵਾਸ ਚੰਡੀਗੜ੍ਹ | ੫੦੦੦੦ |
| ੩੭ | ਇੰਸ਼ੋਰੈਂਸ ਮਸ਼ੀਨਰੀ ਅਤੇ ਕੈਸ਼ | ੨੫੦੦੦ |
| ੩੮ | ਖਰਚ ਜਮੀਨ ਗੁ: ਪਿੰਡ ਕੰਗ ਮਾਈ | ੧੫੦੦੦੦ |
| ੩੯ | ਸਬ-ਆਫਿਸ ਸ਼੍ਰੋਮਣੀ ਕਮੇਟੀ, ਕੁਰੂਕਸ਼ੇਤਰ, ਹਰਿਆਣਾ। | ੩੫੦੦੦੦੦ |
| ੪੦ | ਕੰਪਿਊਟਰ ਖਰਚ | ੧੦੦੦੦੦੦ |
| ੪੧ | ਇੰਟਰਨੈੱਟ (ਨਵੀ ਵੈਬਸਾਈਟ ਡਿਵਲਮੈਂਟ) | ੧੦੦੦੦੦੦੦ |
| ੪੨ | ਕਿਰਾਇਆ ਕੋਠੀ | ੦ |
| | **ਜੋੜ ਰੁਟੀਨ ਖਰਚ** | **੩੨੮੩੦੦੦੦੦** |
| ੪੩ | ਵਾਪਸੀ ਯੋਗ ਕਰਜ਼ਾ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ। | ੬੨੫੦੦੦੦੦ |
| ੪੪ | ਵਾਪਸੀ ਯੋਗ ਕਰਜ਼ਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ | ੮੦੦੦੦੦੦੦ |
| ੪੫ | ਕਰਜਾ ਗੁ: ਸੂਲੀਸਰ ਕੋਟ ਧਰਮੂ | ੦ |
| ੪੬ | ਵਾਪਸੀ ਯੋਗ ਕਰਜ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ (ਧਰਮ ਪ੍ਰਚਾਰ ਕਮੇਟੀ ਪਾਸੋਂ ਪ੍ਰਾਪਤ ਕਰਕੇ ਦਿੱਤਾ) | ੦ |
| | **ਜੋੜ ਕਰਜ਼ਾ (ਵਾਪਸੀ ਤੇ ਅਦਾਇਗੀ)** | **੧੪੨੫੦੦੦੦੦** |
| | **ਜੋੜ** | **੪੭੦੮੦੦੦੦੦** |

**ਭਾਗ ਖਰਚ**

**ਸਹਾਇਤਾ**

| | | |
|---|---|---|
| ੧ | (ੳ) ਸਹਾਇਤਾ ਇਤਿਹਾਸਿਕ ਗੁਰਦੁਆਰੇ ਤੇ ਸ਼ਹੀਦੀ ਯਾਦਗਾਰਾਂ ਪੰਜਾਬ ਤੇ ਬਾਹਰਲੇ ਸੂਬੇ | ੨੫੦੦੦੦੦ |
| ੨ | (ਅ) ਸਹਾਇਤਾ ਇਤਿਹਾਸਕ ਤੇ ਸ਼ਹੀਦੀ ਯਾਦਗਾਰਾਂ (ਹਰਿਆਣਾ) | ੫੦੦੦੦੦ |
| ੩ | ਸਹਾਇਤਾ ਤੁਫਾਨ ਤੇ ਭੁਚਾਲ ਪੀੜ੍ਹਤਾਂ ਅਤੇ ਕੈਂਸਰ ਫੰਡ | ੧੨੦੦੦੦੦੦ |
| ੪ | ਸਹਾਇਤਾ/ਇਮਾਰਤ ਮੀਰੀ ਪੀਰੀ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰੀਸਰਚ ਸ਼ਾਹਬਾਦ ਮਾਰਕੰਡਾ (ਹਰਿਆਣਾ) | ੬੦੦੦੦੦੦੦ |
| ੫ | ਸਹਾਇਤਾ ਗੁਰਦੁਆਰੇ ਸਾਹਿਬਾਨ ਬੰਗਲਾ ਦੇਸ਼ | ੫੦੦੦੦੦ |
| ੬ | ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ | ੨੦੦੦੦੦੦੦ |
| ੭ | ਸਹਾਇਤਾ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰੀਸਰਚ ਅਤੇ ੭੦੦ ਬੈਡਜ਼ ਹਸਪਤਾਲ ਸ੍ਰੀ ਅੰਮ੍ਰਿਤਸਰ | ੦ |
| ੮ | ਗਰੀਬ ਵਿਦਿਆਰਥੀਆਂ ਲਈ ਸਹਾਇਤਾ | ੨੫੦੦੦੦੦ |
| ੯ | ਸਹਾਇਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ, ਅੰਬਾਲਾ | ੫੦੦੦੦੦੦ |
| ੧੦ | ਸਹਾਇਤਾ ਗੱਡੀ ਸ੍ਰੀ ਗੁਰੂ ਰਾਮਦਾਸ ਹਸਪਤਾਲ ਟਰੱਸਟ ਸ੍ਰੀ ਅੰਮ੍ਰਿਤਸਰ | ੦ |
| | **ਜੋੜ** | **੧੦੩੦੦੦੦੦੦** |

**ਭਾਗ ਖਰਚ**

**ਪੂੰਜੀਗਤ ਖਰਚ**

| | | |
|---|---|---|
| ੧ | ਸਮਾਨ ਤੇ ਕਿਤਾਬਾਂ ਸਬ ਆਫਿਸ, ਚੰਡੀਗੜ੍ਹ | ੫੦੦੦੦੦ |
| ੨ | ਸਮਾਨ ਤੇ ਫਰਨੀਚਰ ਦਫਤਰ | ੨੦੦੦੦੦੦ |
| ੩ | ਸਟੇਸ਼ਨਰੀ ਸਟਾਕ | ੨੦੦੦੦੦ |
| ੪ | ਇਮਾਰਤ ਸਬ ਆਫਿਸ ਅਤੇ ਸ੍ਰੀ ਕਲਗੀਧਰ ਨਿਵਾਸ ਚੰਡੀਗੜ੍ਹ | ੦ |
| ੫ | ਨਵੀਆਂ ਗੱਡੀਆਂ | ੪੦੦੦੦੦੦ |
| ੬ | ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਅਤੇ ੭੦੦ ਬੈਡਜ਼ ਹਸਪਤਾਲ ਸ੍ਰੀ ਅੰਮ੍ਰਿਤਸਰ (ਇਮਾਰਤ) | ੦ |
| ੭ | ਸਮਾਨ ਕੰਪਿਊਟਰ | ੧੫੦੦੦੦੦ |
| ੮ | ਸਮਾਨ ਸ੍ਰੀ ਕਲਗੀਧਰ ਨਿਵਾਸ ਚੰਡੀਗੜ੍ਹ | ੩੦੦੦੦੦ |
| ੯ | ਸਮਾਨ ਸਬ ਆਫਿਸ ਹਰਿਆਣਾ | ੨੦੦੦੦੦ |
| ੧੧ | ਸਮਾਨ ਇੰਟਰਨੈੱਟ (ਕੰਪਿਊਟਰ) | ੫੦੦੦੦੦ |
| ੧੨ | ਸਹਾਇਤਾ ਇਮਾਰਤਾਂ ਨਵੇਂ ਵਿਦਿਅਕ ਅਦਾਰੇ | ੨੯੫੦੦੦੦੦ |
| ੧੩ | ਜ਼ਮੀਨ ਜਾਇਦਾਦ | ੦ |
| ੧੪ | ਖ਼੍ਰੀਦ ਜਮੀਨ ਖਾਲਸਾ ਕਾਲਜ ਪਟਿਆਲਾ | ੦ |
| ੧੫ | ਰਿਜ਼ਰਵ ਫੰਡ | ੫੦੦੦੦੦੦੦ |
| | **ਜੋੜ (ਪੂੰਜੀਗਤ ਖਰਚ)** | **੮੮੭੦੦੦੦੦** |
| | **ਵੱਡਾ ਜੋੜ** | **੬੬੨੫੦੦੦੦੦** |
| | **ਬੱਚਤ** | **੦** |
| | **ਕੁੱਲ ਜੋੜ** | **੬੬੨੫੦੦੦੦੦** |

### ੨੩) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਬਜਟ ਸਾਲ ੨੦੧੮-੧੯ (ਟਰੱਸਟ ਫੰਡਜ਼) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

**੧. ਸਿੱਖ ਇਤਿਹਾਸ ਖੋਜ ਫੰਡ**

**ਭਾਗ ਆਮਦਨ**

| | | |
|---|---|---|
| ੧ | ਵਸੂਲੀ ਦਫ਼ਾ ੮੫ ਦੇ ਗੁਰਦੁਆਰਾ ਸਾਹਿਬਾਨ ਤੋਂ | ੧੮੦੦੦੦੦੦ |
| ੨ | ਸੂਦ | ੭੦੦੦੦੦੦ |
| ੩ | ਵਿਕਰੀ ਪੁਸਤਕਾਂ ਦੁਕਾਨ ਸਿੱਖ ਇਤਿਹਾਸ | ੫੦੦੦੦੦ |
| | **ਜੋੜ** | **੨੫੫੦੦੦੦੦** |
| | **ਬੱਚਤ ਵਿਚੋਂ** | **੦** |
| | **ਵੱਡਾ ਜੋੜ** | **੨੫੫੦੦੦੦੦** |

**ਭਾਗ ਖ਼ਰਚ**

| | | |
|---|---|---|
| ੧ | ਤਨਖਾਹ ਸਟਾਫ | ੭੦੦੦੦੦੦ |
| ੨ | ਹਿੱਸਾ ਖਰਚ ਦਫਤਰ | ੪੫੦੦੦੦੦ |
| ੩ | ਸਮਾਨ,ਫਰਨੀਚਰ ਤੇ ਏ.ਸੀ. ਆਦਿ | ੮੦੦੦੦੦ |
| ੪ | ਪਬਲੀਸਿਟੀ | ੬੦੦੦੦ |
| ੫ | ਛਪਾਈ ਪੁਸਤਕਾਂ | ੭੦੦੦੦੦ |
| ੬ | ਅਖਬਾਰਾਂ ਅਤੇ ਰਸਾਲੇ | ੪੦੦੦੦ |
| ੭ | ਰਾਇਲਟੀ | ੪੦੦੦੦ |
| ੮ | ਸਿੱਖ ਇਤਿਹਾਸ ਦੀ ਖੋਜ,ਲਿਖਾਈ,ਛਪਾਈ ਅਤੇ ਹੋਰ ਪੁਰਾਤਨ ਗ੍ਰੰਥਾਂ ਦੀ ਛਪਾਈ ਆਦਿ | ੬੫੦੦੦੦੦ |
| ੯ | ਸਿੱਖ ਰੈਫਰੈਂਸ ਲਾਇਬ੍ਰੇਰੀ ਲਈ ਨਵੀਆਂ ਅਤੇ ਪੁਰਾਤਨ ਪੁਸਤਕਾਂ ਦੀ ਪ੍ਰਾਪਤੀ | ੪੦੦੦੦੦ |
| ੧੦ | ਸਫਰ ਖਰਚ, ਫੁਟਕਲ ਅਤੇ ਮਿਹਨਤਾਨਾ | ੧੫੦੦੦੦ |
| ੧੧ | ਗਰੈਚੁਇਟੀ ਅਤੇ ਛੁੱਟੀਆਂ ਦਾ ਸੇਵਾਫਲ | ੭੦੦੦੦੦ |
| ੧੨ | ਬੀਮਾ ਸਟਾਫ | ੨੫੦੦੦੦ |
| ੧੩ | ਟੈਲੀਫੂਨ | ੪੦੦੦੦ |
| ੧੪ | ਕਾਰ ਖਰਚ | ੧੨੦੦੦੦ |
| ੧੫ | ਕੰਪਿਊਟਰ (ਸੀ.ਸੀ.ਟੀ.ਵੀ. ਕੈਮਰੇ) ਅਤੇ ਕੰਪਿਊਟਰੀਕਰਨ ਲਾਇਬ੍ਰੇਰੀ | ੨੫੦੦੦੦੦ |
| ੧੬ | ਪੁਰਾਤਨ ਹੱਥ ਲਿਖਤ ਖਰੜੇ (ਸਿੱਖ ਰੈਫਰੈਂਸ ਲਾਇਬ੍ਰੇਰੀ) | ੫੦੦੦੦੦ |
| ੧੭ | ਦਫ਼ਤਰ ਪਾਰਟੀਸ਼ਨ ਤੇ ਸੀਲਿੰਗ ਆਦਿ | ੧੨੦੦੦੦੦ |
| | **ਜੋੜ** | **੨੫੫੦੦੦੦੦** |
| | **ਬਚਤ** | **੦** |
| | **ਵੱਡਾ ਜੋੜ** | **੨੫੫੦੦੦੦੦** |

**੨. ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ**

**ਭਾਗ ਆਮਦਨ**

| | | |
|---|---|---|
| ੧ | ਵਸੂਲੀ ਦਫ਼ਾ ੮੫ ਦੇ ਗੁਰਦੁਆਰਾ ਸਾਹਿਬਾਨ ਤੋਂ | ੪੬੦੦੦੦੦੦ |

| | | |
|---|---|---|
| ੨ | ਵਿਕਰੀ ਪੁਸਤਕਾਂ ਤੇ ਭੇਟਾ ਸ੍ਰੀ ਪਾਵਨ ਸਰੂਪ | ੧੭੯੦੦੦੦੦ |
| ੩ | ਸੂਦ | ੨੦੦੦੦੦੦੦ |
| ੪ | ਫੁੱਟਕਲ ਅਤੇ ਗੱਡੀ ਸ੍ਰੀ ਪਾਵਨ ਸਰੂਪ ਲਈ ਸੰਗਤਾਂ ਵੱਲੋਂ ਸਹਾਇਤਾ | ੫੦੦੦੦੦ |
| ੫ | ਜਿਲਦਬੰਦੀ | ੫੪੦੦੦੦ |
| ੬ | ਗੋਲਕ(ਪ੍ਰੇਮ ਭੇਟਾ ਸ੍ਰੀ ਗੁਰੂ ਗ੍ਰੰਥ ਸਾਹਿਬ) | ੬੦੦੦੦ |
| | **ਜੋੜ** | **੮੫੦੦੦੦੦੦** |
| | **ਬਚਤ ਵਿਚੋਂ** | **੦** |
| | **ਵੱਡਾ ਜੋੜ** | **੮੫੦੦੦੦੦੦** |

**ਭਾਗ ਖ਼ਰਚ**

| | | |
|---|---|---|
| ੧ | ਹਿੱਸਾ ਖਰਚ ਦਫਤਰ | ੯੦੦੦੦੦੦ |
| ੨ | ਤਨਖਾਹ ਸਟਾਫ | ੮੦੦੦੦੦੦ |
| ੩ | ਪਬਲੀਸਿਟੀ | ੧੦੦੦੦੦੦ |
| ੪ | ਸਮਾਨ | ੭੦੦੦੦੦ |
| ੫ | ਰੈਕ ਤੇ ਗਧੇਲੇ ਬਿਰਧ ਸਰੂਪ | ੧੫੦੦੦੦੦ |
| ੬ | ਛਪਾਈ ਸ੍ਰੀ ਪਾਵਨ ਸਰੂਪ, ਗੁਰਬਾਣੀ ਅਤੇ ਗੁਰਮਤਿ ਲਿਟਰੇਚਰ | ੧੭੦੦੦੦੦੦ |
| ੭ | ਜਿਲਦਬੰਦੀ | ੬੯੦੦੦੦੦ |
| ੮ | ਤਨਖਾਹ ਜਿਲਦਬੰਦੀ ਵਿਭਾਗ | ੪੫੦੦੦੦੦ |
| ੯ | ਦਰਸ਼ਨ ਵਿਚਾਰ ਭੇਟਾ | ੧੦੦੦੦੦੦ |
| ੧੦ | ਖਰਚ ਗੱਡੀਆਂ ਸ੍ਰੀ ਪਾਵਨ ਸਰੂਪ (ਤੇਲ ਅਤੇ ਮੁਰੰਮਤ ਆਦਿ ) | ੨੦੦੦੦੦੦ |
| ੧੧ | ਸਫਰ ਖਰਚ | ੨੦੦੦੦੦ |
| ੧੨ | ਸ੍ਰੀ ਪਾਵਨ ਸਰੂਪਾਂ ਲਈ ਨਵੀਂ ਗੱਡੀ | ੬੦੦੦੦੦੦ |
| ੧੩ | ਰਾਇਲਟੀ | ੨੦੦੦੦ |
| ੧੪ | ਟੈਲੀਫੂਨ | ੨੫੦੦੦ |
| ੧੫ | ਸਹਾਇਤਾ ਵਿਸਥਾਰ ਗੋਲਡਨ ਆਫਸੈਟ ਪ੍ਰੈਸ | ੦ |
| ੧੬ | ਗਰੈਚੂਇਟੀ ਤੇ ਛੁੱਟੀਆਂ ਦਾ ਸੇਵਾਫਲ | ੨੬੦੦੦੦੦ |
| ੧੭ | ਬੀਮਾ ਸਟਾਫ(ਜਿਲਦਬੰਦੀ,ਪਬਲੀਕੇਸ਼ਨ) | ੩੦੦੦੦੦ |
| ੧੮ | ਵਿਦੇਸ਼ਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਅਨੁਸਾਰ ਛਪਾਈ ਲਈ ਪ੍ਰੈਸ (ਯੂ.ਐਸ.ਏ.) | ੨੪੦੦੦੦੦੦ |
| ੧੯ | ਫੁੱਟਕਲ | ੨੫੫੦੦੦ |
| | **ਜੋੜ** | **੮੫੦੦੦੦੦੦** |
| | **ਬੱਚਤ** | **੦** |
| | **ਵੱਡਾ ਜੋੜ** | **੮੫੦੦੦੦੦੦** |

**੩.ਧਰਮ ਅਰਥ ਤੇ ਪੰਥਕ ਭਲਾਈ ਫੰਡ**

**ਭਾਗ ਆਮਦਨ**

| | | | |
|---|---|---|---|
| ੧ | ਵਸੂਲੀ ਦਫ਼ਾ ੮੫ ਦੇ ਗੁਰਦੁਆਰਾ ਸਾਹਿਬਾਨ ਤੋਂ (ਧਰਮ ਅਰਥ ਫੰਡ) | | ੧੧੦੦੦੦੦੦ |
| ੨ | ਵਸੂਲੀ ਦਫ਼ਾ ੮੫ ਦੇ ਗੁਰਦੁਆਰਾ ਸਾਹਿਬਾਨ ਤੋਂ (ਪੰਥਕ ਭਲਾਈ ਫੰਡ) | | ੬੮੦੦੦੦੦ |
| ੩ | ਸੂਦ | | ੪੨੦੦੦੦੦ |
| ੪ | ਫੁੱਟਕਲ ਆਮਦਨ ਸੰਗਤਾਂ ਅਤੇ ਮੁਲਾਜਮਾਂ ਪਾਸੋਂ | | ੭੦੦੦੦੦੦ |
| | | **ਜੋੜ** | **੨੯੦੦੦੦੦੦** |
| | | **ਬਚਤ ਵਿਚੋਂ** | **੦** |
| | | **ਵੱਡਾ ਜੋੜ** | **੨੯੦੦੦੦੦੦** |

**ਭਾਗ ਖ਼ਰਚ**

| | | | |
|---|---|---|---|
| ੧ | ਧਰਮ ਅਰਥ | | ੧੭੯੦੦੦੦੦ |
| ੨ | ਪੰਥਕ ਭਲਾਈ ਫੰਡ | | ੯੭੦੦੦੦੦ |
| ੩ | ਸਫਰ ਖ਼ਰਚ | | ੨੦੦੦੦੦ |
| ੪ | ਪੈਨਸ਼ਨ | | ੨੦੦੦੦੦ |
| ੫ | ਫੁੱਟਕਲ | | ੧੦੦੦੦੦੦ |
| | | **ਜੋੜ** | **੨੯੦੦੦੦੦੦** |
| | | **ਬੱਚਤ** | **੦** |
| | | **ਵੱਡਾ ਜੋੜ** | **੨੯੦੦੦੦੦੦** |

**੪. ਜਨਰਲ ਟਰੱਸਟ ਫੰਡਜ਼**

**ਭਾਗ ਆਮਦਨ**

| | | | |
|---|---|---|---|
| ੧ | ਸੂਦ ਤੇ ਫੁਟਕਲ ਆਮਦਨ | | ੭੦੦੦੦ |
| ੨ | ਜ਼ਮੀਨ ਜਲਾਲਾਬਾਦ ਤੇ ਮਾੜੇ ਖੁਰਦ | | ੩੦੦੦੦ |
| | | **ਜੋੜ** | **੧੦੦੦੦੦** |
| | | **ਬੱਚਤ ਵਿਚੋਂ** | **੦** |
| | | **ਵੱਡਾ ਜੋੜ** | **੧੦੦੦੦੦** |

**ਭਾਗ ਖ਼ਰਚ**

| | | | |
|---|---|---|---|
| ੧ | ਜ਼ਮੀਨ ਜਲਾਲਾਬਾਦ ਤੇ ਮਾੜੇ ਖੁਰਦ | | ੧੦੦੦੦੦ |
| | | ਜੋੜ | ੧੦੦੦੦੦ |
| | | ਬੱਚਤ | ੦ |
| | | ਵੱਡਾ ਜੋੜ | ੧੦੦੦੦੦ |

**੫. ਦਸਤਕਾਰੀ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ | ੨੦੦੦੦ |

| | | |
|---|---|---|
| ੨ | ਵਿਕਰੀ ਕ੍ਰਿਪਾਨਾਂ | ੦ |
| ੩ | ਕੰਡਮ ਸਮਾਨ,ਘਸਾਈ,ਕਿ:ਇਮਾਰਤ ਤੇ ਫੁੱਟਕਲ | ੦ |
| | **ਜੋੜ** | **੨੦੦੦੦** |
| | **ਬੱਚਤ ਵਿਚੋਂ** | **੦** |
| | **ਵੱਡਾ ਜੋੜ** | **੨੦੦੦੦** |

**ਭਾਗ ਖ਼ਰਚ**

| | | |
|---|---|---|
| ੧ | ਤਨਖਾਹ ਸਟਾਫ | ੦ |
| ੨ | ਕਿਰਾਇਆ ਇਮਾਰਤ, ਘਸਾਈ, ਬਿਲ ਬਿਜਲੀ ਤੇ ਫੁਟਕਲ | ੦ |
| | **ਜੋੜ** | **੦** |
| | **ਬੱਚਤ** | **੨੦੦੦੦** |
| | **ਵੱਡਾ ਜੋੜ** | **੨੦੦੦੦** |

**੬. ਯਾਤਰਾ ਗੁਰਦੁਆਰਾ ਸਾਹਿਬਾਨ ਪਾਕਿਸਤਾਨ ਅਤੇ ਬੰਗਲਾ ਦੇਸ਼**

**ਭਾਗ ਆਮਦਨ**

| | | |
|---|---|---|
| ੧ | ਆਮਦਨ (ਵੀਜਾ ਫੀਸ) | ੧੦੦੦੦੦੦ |
| ੨ | ਸੂਦ ਬੈਂਕਾਂ ਤੋਂ | ੪੦੦੦੦੦ |
| | **ਜੋੜ** | **੧੪੦੦੦੦੦** |
| | **ਬੱਚਤ ਵਿਚੋਂ** | **੪੩੦੦੦੦੦** |
| | **ਵੱਡਾ ਜੋੜ** | **੫੭੦੦੦੦੦** |

**ਭਾਗ ਖ਼ਰਚ**

| | | |
|---|---|---|
| ੧ | ਤਨਖਾਹ ਸਟਾਫ | ੩੯੭੦੦੦੦ |
| ੨ | ਬੀਮਾ ਸਟਾਫ | ੭੦੦੦੦ |
| ੩ | ਖਰਚ ਪਕਿਸਤਾਨ (ਵੀਜ਼ਾ ਫੀਸ,ਤੇਲ ਖਰਚ,ਸਫਰ ਖਰਚ ਆਦਿ) | ੬੬੦੦੦੦ |
| ੪ | ਖਰਚ ਬੰਗਲਾ ਦੇਸ਼ (ਤੇਲ ਖਰਚ,ਸਫਰ ਖਰਚ ਆਦਿ) | ੧੦੦੦੦੦੦ |
| | **ਜੋੜ** | **੫੭੦੦੦੦੦** |
| | **ਬੱਚਤ** | **੦** |
| | **ਵੱਡਾ ਜੋੜ** | **੫੭੦੦੦੦੦** |

**੭ ਭਾਈਚਾਰਕ ਸੁਧਾਰ ਫੰਡ**

**ਭਾਗ ਆਮਦਨ**

| | | |
|---|---|---|
| ੧ | ਵਸੂਲੀ ਦਫਾ ੮੫ ਦੇ ਗੁਰਦੁਆਰਾ ਸਾਹਿਬਾਨ ਤੋਂ | ੧੧੦੦੦੦੦੦ |
| ੨ | ਸੂਦ | ੨੦੦੦੦੦੦ |
| | **ਜੋੜ** | **੧੩੦੦੦੦੦੦** |
| | **ਬੱਚਤ ਵਿਚੋਂ** | **੦** |
| | **ਵੱਡਾ ਜੋੜ** | **੧੩੦੦੦੦੦੦** |

**ਭਾਗ ਖ਼ਰਚ**

| | | | |
|---|---|---|---|
| ੧ | ਤਨਖਾਹ ਸਟਾਫ | | ੪੪੦੦੦੦੦ |
| ੨ | ਬੀਮਾ ਸਟਾਫ | | ੧੫੦੦੦੦ |
| ੩ | ਪੰਥਕ ਵਿਦਵਾਨਾਂ ਤੇ ਸੰਤਾਂ ਮਹਾਂਪੁਰਸ਼ਾਂ ਨੂੰ ਸਨਮਾਨ | | ੫੦੦੦੦੦੦ |
| ੪ | ਸਹਾਇਤਾ | | ੧੪੫੦੦੦੦ |
| | | **ਜੋੜ** | **੧੧੦੦੦੦੦੦** |
| | | **ਬੱਚਤ** | **੨੦੦੦੦੦੦** |
| | | **ਵੱਡਾ ਜੋੜ** | **੧੩੦੦੦੦੦੦** |

**੮. ਗੁਰਦੁਆਰਾ ਪਾਕਿਸਤਾਨ ਜਨਰਲ (ਸਸਪੈਂਸ)**

**ਭਾਗ ਆਮਦਨ**

| | | | |
|---|---|---|---|
| ੧ | ਸੂਦ | | ੧੩੦੦੦ |
| | | **ਜੋੜ** | **੧੩੦੦੦** |
| | | **ਬੱਚਤ ਵਿਚੋਂ** | **੦** |
| | | **ਵੱਡਾ ਜੋੜ** | **੧੩੦੦੦** |

**ਭਾਗ ਖ਼ਰਚ**

| | | | |
|---|---|---|---|
| ੧ | ਸਹਾਇਤਾ ਗੁ:ਸ੍ਰੀ ਡੇਹਰਾ ਸਾਹਿਬ ਲਾਹੌਰ | | ੧੩੦੦੦ |
| | | **ਜੋੜ** | **੧੩੦੦੦** |
| | | **ਬੱਚਤ** | **੦** |
| | | **ਵੱਡਾ ਜੋੜ** | **੧੩੦੦੦** |

**੯ ਜਨਰਲ ਪ੍ਰੋਵੀਡੈਂਟ ਫੰਡ**

**ਭਾਗ ਆਮਦਨ**

| | | | |
|---|---|---|---|
| ੧ | ਆਮਦਨ | | ੫੦੦੦੦੦ |
| ੨ | ਸੂਦ | | ੧੦੨੪੦੦੦ |
| | | **ਜੋੜ** | **੧੫੨੪੦੦੦** |
| | | **ਬੱਚਤ ਵਿਚੋਂ** | **੦** |
| | | **ਵੱਡਾ ਜੋੜ** | **੧੫੨੪੦੦੦** |

**ਭਾਗ ਖ਼ਰਚ**

| | | | |
|---|---|---|---|
| ੧ | ਸਹਾਇਤਾ | | ੧੫੨੪੦੦੦ |
| | | **ਜੋੜ** | **੧੫੨੪੦੦੦** |
| | | **ਬੱਚਤ** | **੦** |
| | | **ਵੱਡਾ ਜੋੜ** | **੧੫੨੪੦੦੦** |

**੧੦. ਸ੍ਰ: ਸੁੰਦਰ ਸਿੰਘ ਮਨਚੰਦਾ ਟਰੱਸਟ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ, ਸਹਾਇਤਾ ਪਿਛਲੀ ਬਚਤ ਵਿਚੋਂ ਤੇ ਜੋੜ | ੧੩੦੦੦ |

**ਭਾਗ ਖ਼ਰਚ**

| | | |
|---|---|---|
| ੧ | ਗੁਰਪੁਰਬ ਸਮੇਂ ਟਰੈਕਟ, ਪੂੰਜੀ, ਬਚਤ ਤੇ ਜੋੜ | ੧੩੦੦੦ |

**੧੧. ਬਾਬਾ ਮੰਗਲ ਸਿੰਘ ਟਰੱਸਟ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ ਪਿਛਲੀ ਬਚਤ ਵਿਚੋਂ ਤੇ ਜੋੜ | ੫੫੦੦੦ |

**ਭਾਗ ਖ਼ਰਚ**

| | | |
|---|---|---|
| ੧ | ਵਜ਼ੀਫਾ(੧) ਸਹਾਇਤਾ ਵਿਦਿਆਰਥੀਆਂ ਬਚਤ ਤੇ ਜੋੜ | ੫੫੦੦੦ |

**੧੨ ਸ੍ਰ. ਜੈ ਸਿੰਘ ਖੋਸਲਾ ਟਰੱਸਟ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ ਪਿਛਲੀ ਬਚਤ ਵਿਚੋਂ ਤੇ ਜੋੜ | ੮੦੦ |

**ਭਾਗ ਖ਼ਰਚ**

| | | |
|---|---|---|
| ੧ | ਵਜ਼ੀਫਾ (੧) ਬਚਤ ਤੇ ਜੋੜ | ੮੦੦ |

**੧੩. ਸ੍ਰ. ਬਲਵੰਤ ਸਿੰਘ ਨਲੂਆ ਟਰੱਸਟ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ ਪਿਛਲੀ ਬਚਤ ਵਿਚੋਂ ਤੇ ਜੋੜ | ੧੮੦੦੦ |

**ਭਾਗ ਖ਼ਰਚ**

| | | |
|---|---|---|
| ੧ | ਜੀਵਨ ਸ੍ਰ:ਹਰੀ ਸਿੰਘ ਨਲੂਆ ਬਚਤ ਤੇ ਜੋੜ | ੧੮੦੦੦ |

੧੪. ਗਿਆਨੀ ਆਤਮਾ ਸਿੰਘ ਟਰੱਸਟ ਫੰਡ

**ਭਾਗ ਆਮਦਨ**

| | | | |
|---|---|---|---|
| ੧ | ਸੂਦ ਤੇ ਸਹਾਇਤਾ ਧਰਮ ਅਰਥ ਫੰਡ ਤੋਂ | | ੨੨੦੦ |
| | | **ਜੋੜ** | **੨੨੦੦** |
| | | **ਬੱਚਤ ਵਿਚੋਂ** | **੦** |
| | | **ਵੱਡਾ ਜੋੜ** | **੨੨੦੦** |

**ਭਾਗ ਖ਼ਰਚ**

| | | | |
|---|---|---|---|
| ੧ | ਗੁ: ਬੀਬੀ ਵੀਰੋ ਜੀ ਝਬਾਲ ਤੇ ਜੋੜ | | ੨੨੦੦ |
| ੨ | ਪੂੰਜੀ | | ੦ |
| | | **ਜੋੜ** | **੨੨੦੦** |
| | | **ਬੱਚਤ** | **੦** |
| | | **ਵੱਡਾ ਜੋੜ** | **੨੨੦੦** |

**੧੫. ਮਾਈ ਖੁਸ਼ਹਾਲ ਕੌਰ ਟਰੱਸਟ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ ਤੇ ਜੋੜ | ੫੦੦੦ |

**ਭਾਗ ਖ਼ਰਚ**

| | | |
|---|---|---|
| ੧ | ਬਚਤ ਤੇ ਜੋੜ | ੫੦੦੦ |

**੧੬. ਸਵ: ਸ੍ਰ: ਹਰਬੰਸ ਸਿੰਘ ਤੇ ਸਰਦਾਰਨੀ ਹਰਚਰਨ ਕੌਰ ਟਰੱਸਟ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ ਤੇ ਜੋੜ | ੨੬੦੦੦ |

**ਭਾਗ ਖ਼ਰਚ**

| | | |
|---|---|---|
| ੧ | ਵਜ਼ੀਫਾ (੧) ਤੇ ਜੋੜ | ੨੬੦੦੦ |

**੧੭.ਸਵ:ਮਾਸਟਰ ਦਲਜੀਤ ਸਿੰਘ ਇੰਚਾਰਜ਼ ਫਲਾਇੰਗ ਸੁਕਐਡ ਟਰੱਸਟ ਫੰਡ**

**ਭਾਗ ਆਮਦਨ**

| | | |
|---|---|---|
| ੧ | ਸੂਦ | ੨੩੦੦੦ |
| | **ਜੋੜ** | **੨੩੦੦੦** |
| | **ਬੱਚਤ ਵਿਚੋਂ** | **੦** |
| | **ਵੱਡਾ ਜੋੜ** | **੨੩੦੦੦** |

**ਭਾਗ ਖ਼ਰਚ**

| | | |
|---|---|---|
| ੧ | ਸਹਾਇਤਾ ਗਰੀਬ ਸਿੱਖ ਅੰਮ੍ਰਿਤਧਾਰੀ ਬੱਚਿਆਂ (ਵਿਦਿਆਰਥੀਆਂ) ਲਈ | ੨੩੦੦੦ |
| | **ਜੋੜ** | **੨੩੦੦੦** |
| | **ਬੱਚਤ** | **੦** |
| | **ਵੱਡਾ ਜੋੜ** | **੨੩੦੦੦** |

**੧੮. ਕੁਦਰਤੀ ਆਫਤਾਂ ਅਤੇ ਕੈਂਸਰ ਰਲੀਫ ਫੰਡ**

**ਭਾਗ ਆਮਦਨ**

| | | |
|---|---|---|
| ੧ | ਗੁਰਦੁਆਰਾ ਸਾਹਿਬਾਨ ਦਫਾ ੮੫,ਜਨਰਲ ਬੋਰਡ ਫੰਡ ਅਤੇ ਧਰਮ ਪ੍ਰਚਾਰ ਕਮੇਟੀ ਤੋਂ ਵਸੂਲੀ | ੮੦੦੦੦੦੦੦ |
| ੨ | ਮੁਲਾਜਮਾਂ ਵੱਲੋਂ ਸਹਾਇਤਾ | ੧੭੫੦੦੦੦੦ |
| ੩ | ਸੰਗਤਾਂ ਵੱਲੋ ਸਹਾਇਤਾ | ੨੦੦੦੦੦੦ |
| ੪ | ਸੂਦ | ੩੫੦੦੦੦੦ |
| | **ਜੋੜ** | **੧੦੩੦੦੦੦੦੦** |
| | **ਬੱਚਤ ਵਿਚੋਂ** | **੨੦੦੦੦੦੦** |
| | **ਵੱਡਾ ਜੋੜ** | **੧੦੫੦੦੦੦੦੦** |

**ਭਾਗ ਖ਼ਰਚ**

| | | |
|---|---|---|
| ੧ | ਕੁਦਰਤੀ ਆਫਤਾਂ ਅਤੇ ਹੜ੍ਹ ਪੀੜਤਾਂ ਲਈ ਸਹਾਇਤਾ | ੬੧੫੦੦੦੦ |
| ੨ | ਕੈਂਸਰ ਪੀੜ੍ਹਤ ਮਰੀਜਾਂ ਲਈ ਸਹਾਇਤਾ | ੯੫੦੦੦੦੦੦ |
| ੩ | ਤਨਖਾਹ ਸਟਾਫ | ੩੫੦੦੦੦੦ |
| ੪ | ਬੀਮਾ ਸਟਾਫ | ੧੦੦੦੦੦ |

| | | |
|---|---|---|
| ੫ ਸਮਾਨ | | |
| ੬ ਸਫਰ ਖਰਚ ਅਤੇ ਹੋਰ ਖਰਚੇ/ਇਸ਼ਤਿਹਾਰ | | ੨੫੦੦੦੦ |
| | **ਜੋੜ** | **੧੦੫੦੦੦੦੦੦** |
| | **ਬੱਚਤ** | **੦** |
| | **ਵੱਡਾ ਜੋੜ** | **੧੦੫੦੦੦੦੦੦** |

**੧੯. ਗਰੈਚੂਇਟੀ ਅਤੇ ਛੁੱਟੀਆਂ ਦੀ ਤਨਖਾਹ ਦਾ ਫੰਡ**
**(ਰੀਟਾਇਰਮੈਂਟ ਤੇ ਦਿੱਤਾ ਜਾਣ ਵਾਲਾ ਸੇਵਾ ਫਲ)**

**ਭਾਗ ਆਮਦਨ**

| | | |
|---|---|---|
| ੧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਧਰਮ ਪ੍ਰਚਾਰ ਕਮੇਟੀ ਸਮੂੰਹ ਗੁਰਦੁਆਰਾ ਸਾਹਿਬਾਨ ਦਫਾ-੮੫ ਤੋਂ ਵਸੂਲੀ | | ੨੪੭੦੦੦੦੦੦ |
| ੨ ਸੂਦ | | ੧੩੦੦੦੦੦੦ |
| | **ਜੋੜ** | **੨੬੦੦੦੦੦੦੦** |
| | **ਬੱਚਤ ਵਿਚੋਂ** | **੦** |
| | **ਵੱਡਾ ਜੋੜ** | **੨੬੦੦੦੦੦੦੦** |

**ਭਾਗ ਖ਼ਰਚ**

| | | |
|---|---|---|
| ੧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ,ਸਮੂੰਹ ਗੁ:ਸਾਹਿਬਾਨ ਦਫਾ-੮੫ ਦੇ ਮੁਲਾਜ਼ਮਾਂ ਦੀ ਰੀਟਾਇਰਮੈਂਟ ਤੇ ਗ੍ਰੈਚੂਇਟੀ ਤੇ ਛੁੱਟੀਆਂ ਦੀ ਤਨਖਾਹ | | ੨੬੦੦੦੦੦੦੦ |
| | **ਜੋੜ** | **੨੬੦੦੦੦੦੦੦** |
| | **ਬੱਚਤ** | **੦** |
| | **ਵੱਡਾ ਜੋੜ** | **੨੬੦੦੦੦੦੦੦** |

**੨੦. ਸ਼ਹੀਦੀ ਫੰਡ ਤੇ ਰਲੀਫ ਫੰਡ**

**ਭਾਗ ਆਮਦਨ**

| | | |
|---|---|---|
| ੧ ਗੁਰਦੁਆਰਾ ਸਾਹਿਬਾਨ ਸੈਕਸ਼ਨ ੮੫ ਤੋਂ ਸਹਾਇਤਾ ਸ਼ਹੀਦੀ ਫੰਡ ਅਤੇ ਰਲੀਫ ਫੰਡ | | ੨੯੫੦੦੦੦੦ |
| ੨ ਸੂਦ | | ੫੫੦੦੦੦੦ |
| | **ਜੋੜ** | **੩੫੦੦੦੦੦੦** |
| | **ਬੱਚਤ ਵਿਚੋਂ** | **੦** |
| | **ਵੱਡਾ ਜੋੜ** | **੩੫੦੦੦੦੦੦** |

**ਭਾਗ ਖ਼ਰਚ**

| | |
|---|---|
| ੧ ਸਹਾਇਤਾ ਜੋਧਪੁਰ ਨਜ਼ਰਬੰਦ ਰਹੇ ਕੈਦੀ ਸਿੰਘਾਂ ਲਈ | ੫੦੦੦੦੦ |
| ੨ ਸਹਾਇਤਾ ਸ਼ਹੀਦ ਤੇ ਜ਼ਖਮੀ ਸਿੰਘਾਂ ਦੇ ਪ੍ਰੀਵਾਰਾਂ ਨੂੰ | ੩੫੦੦੦੦੦ |

| | | |
|---|---|---|
| ੩ | ਸਪੈਸ਼ਲ ਕੋਰਟਾਂ ਦੇ ਕੇਸਾਂ ਦੀ ਪੈਰਵੀ ਲਈ ਅਤੇ ਵਕੀਲਾਂ ਦੀ ਫੀਸ ਆਦਿ | ੮੦੦੦੦੦੦ |
| ੪ | ਧਰਮੀ ਫੌਜੀਆਂ ਅਤੇ ਉਹਨਾਂ ਦੇ ਪ੍ਰੀਵਾਰਾਂ ਨੂੰ ਸਹਾਇਤਾ | ੧੮੦੦੦੦੦੦ |
| ੫ | ੧੯੮੪ ਦੇ ਦਿੱਲੀ ਦੰਗਿਆਂ ਦੌਰਾਨ ਪ੍ਰਭਾਵਤ ਹੋਏ ਸਿੱਖ ਪ੍ਰੀਵਾਰਾਂ ਦੇ ਬੱਚਿਆਂ ਦੀ ਉਚੇਰੀ ਸਿਖਿਆ ਲਈ ਸਹਾਇਤਾ। | ੩੦੦੦੦੦੦ |
| ੬ | ਸ਼ਹੀਦੀ ਰਲੀਫ ਫੰਡ | ੨੦੦੦੦੦੦ |
| | **ਜੋੜ** | **੩੫੦੦੦੦੦੦** |
| | **ਬੱਚਤ** | **੦** |
| | **ਵੱਡਾ ਜੋੜ** | **੩੫੦੦੦੦੦੦** |

**੨੪) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਬਜਟ ਸਾਲ ੨੦੧੮-੧੯ (ਵਿਦਿਆ ਫੰਡ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

**ਵਿਦਿਆ ਫੰਡ**

**ਭਾਗ ਆਮਦਨ**

| | | |
|---|---|---|
| ੧ | ਵਸੂਲੀ ਗੁਰਦੁਆਰਾ ਸਾਹਿਬਾਨ ਦਫਾ ੮੫ ਤੋਂ | ੨੩੪੫੦੦੦੦੦ |
| ੨ | ਸੂਦ ਬੈਂਕਾਂ ਤੋਂ | ੫੦੦੦੦੦੦ |
| ੩ | ਕਿਰਾਇਆ ਦੁਕਾਨਾਂ ਸ੍ਰੀ ਗੁਰੂ ਰਾਮਦਾਸ ਸਕੂਲ ਸ੍ਰੀ ਅੰਮ੍ਰਿਤਸਰ | ੧੨੦੦੦੦ |
| ੪ | ਸਹਾਇਤਾ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਗੁ: ਸਾਹਿਬਾਨ ਸੈਕਸ਼ਨ ੮੫ ਤੋਂ (ਇਮਾਰਤਾਂ) | ੪੩੦੦੦੦੦੦ |
| ੫ | ਵਿਸ਼ੇਸ ਸਹਾਇਤਾ ਉਚੇਰੀ ਸਿੱਖਿਆ | ੧੬੦੦੦੦੦੦ |
| ੬ | ਕਿਰਾਇਆ ਦੁਕਾਨ ਸ੍ਰੀ ਗੁਰੂ ਨਾਨਕ ਗਰਲਜ਼ ਸਕੂਲ, ਰਾਮਸਰ ਰੋਡ ਸ੍ਰੀ ਅੰਮ੍ਰਿਤਸਰ | ੦ |
| ੭ | ਗ੍ਰੈਚੂਇਟੀ ਫੰਡ | ੧੪੨੮੦੦੦੦ |
| ੮ | ਸ੍ਰੀ ਗੁਰੂ ਰਾਮਦਾਸ ਖਾਲਸਾ ਸੀ:ਸੈ: ਸਕੂਲ ਸ੍ਰੀ ਅੰਮ੍ਰਿਤਸਰ | ੦ |
| ੯ | ਸ੍ਰੀ ਗੁਰੂ ਨਾਨਕ ਗਰਲਜ਼ ਸੀ:ਸੈ:ਸਕੂਲ, ਸ੍ਰੀ ਅੰਮ੍ਰਿਤਸਰ | ੦ |
| ੧੦ | ਹਾਕੀ ਵਿੰਗ ਧਰਮ ਪ੍ਰਚਾਰ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਸੈਕਸ਼ਨ-੮੫ ਤੋਂ | ੧੦੦੦੦੦੦੦ |
| ੧੧ | ਫੁੱਟਕਲ ਆਦਿ। | ੧੦੦੦੦੦ |
| ੧੨ | ਡਾਇਰੈਕਟੋਰੇਟ ਆਫ ਐਜੂਕੇਸ਼ਨ, ਚੰਡੀਗੜ੍ਹ | ੦ |
| ੧੩ | ਵਸੂਲਣਯੋਗ ਕਰਜਾ ਵੱਖ-ਵੱਖ ਸਕੂਲਾਂ/ਕਾਲਜਾਂ | ੨੦੦੦੦੦੦ |
| ੧੪ | ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖਾਲਸਾ ਕਾਲਜ, ਪਟਿਆਲਾ | ੨੦੦੦੦੦੦੦ |
| ੧੫ | ਮਾਤਾ ਗੁਜਰੀ ਖਾਲਸਾ ਕਾਲਜ, ਫਤਹਿਗੜ੍ਹ ਸਾਹਿਬ | ੧੦੦੦੦੦੦੦ |
| ੧੬ | ਗੁਰੂ ਨਾਨਕ ਕਾਲਜ ਬੁਢਲਾਡਾ (ਮਾਨਸਾ) | ੫੦੦੦੦੦੦ |
| ੧੭ | ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅੰਨਦਪੁਰ ਸਾਹਿਬ | ੨੫੦੦੦੦੦ |

| | | |
|---|---|---|
| ੧੮ | ਸ੍ਰੀ ਗੁਰੂ ਨਾਨਕ ਕਾਲਜ ਗਵਰਨਿੰਗ ਬਾਡੀ, ਮਟੂੰਗਾ, ਮੁੰਬਈ | ੨੫੦੦੦੦੦ |
| | **ਆਮਦਨ ਜੋੜ** | **੩੬੫੦੦੦੦੦੦** |
| | **ਬੱਚਤ ਵਿੱਚੋਂ** | **੦** |
| | **ਕੁੱਲ ਜੋੜ** | **੩੬੫੦੦੦੦੦੦** |

**ਭਾਗ ਖਰਚ**

**ਰੁਟੀਨ ਦੇ ਖਰਚੇ**

| | | |
|---|---|---|
| ੧ | ਹਿੱਸਾ ਖਰਚ ਦਫਤਰ | ੪੦੦੦੦੦੦ |
| ੨ | ਅਖਬਾਰਾਂ 'ਚ ਇਸ਼ਤਿਹਾਰ, ਸਫਰ ਖਰਚ ਤੇ ਫੁਟਕਲ ਆਦਿ | ੫੦੦੦੦੦੦ |
| ੩ | ਨਵੀਂ ਇਮਾਰਤ ਸ੍ਰੀ ਗੁਰੂ ਰਾਮਦਾਸ ਖਾਲਸਾ ਸੀ:ਸੈ: ਸਕੂਲ ਸ੍ਰੀ ਅੰਮ੍ਰਿਤਸਰ | ੦ |
| ੪ | ਗ੍ਰੈਚੁਇਟੀ | ੩੩੦੦੦੦੦੦ |
| ੫ | ਖਰਚ ਹਾਕੀਵਿੰਗ (ਤਨਖਾਹਾਂ,ਸਮਾਨ ਅਤੇ ਫੁੱਟਕਲ) | ੧੨੦੦੦੦੦੦ |
| ੬ | ਡਾਇਰੈਕਟੋਰੇਟ ਆਫ ਐਜੂਕੇਸ਼ਨ, ਚੰਡੀਗੜ੍ਹ (ਤਨਖਾਹਾਂ ਅਤੇ ਫੁੱਟਕਲ) | ੦ |
| | **ਜੋੜ** | **੫੪੦੦੦੦੦੦** |

**ਭਾਗ ਖਰਚ**

**ਸਹਾਇਤਾ**

| | | |
|---|---|---|
| ੧ | ਸਹਾਇਤਾ ਸਕੂਲਾਂ /ਕਾਲਜਾਂ ਪੰਜਾਬ ਆਦਿ | ੩੦੦੦੦੦੦ |
| ੨ | ਸਹਾਇਤਾ ਸਕੂਲਾਂ /ਕਾਲਜਾਂ ਹਰਿਆਣਾ | ੨੫੦੦੦੦੦ |
| ੩ | ਸਹਾਇਤਾ ਸਕੂਲਾਂ /ਕਾਲਜਾਂ ਹਿਮਾਚਲ | ੫੦੦੦੦੦ |

**੪. ਸਹਾਇਤਾ ਕਾਲਜਿਜ਼ (ਸ਼੍ਰੋਮਣੀ ਗੁ: ਪ੍ਰ: ਕਮੇਟੀ)**

| | |
|---|---|
| (ੳ) ਤ੍ਰੈ ਸ਼ਤਾਬਦੀ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ | ੧੫੦੦੦੦੦ |
| (ਅ) ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ | ੧੫੦੦੦੦੦ |
| (ੲ) ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ, ਕਪੂਰਥਲਾ | ੩੫੦੦੦੦੦ |
| (ਸ) ਮਾਤਾ ਗੰਗਾ ਖਾਲਸਾ ਕਾਲਜ ਫਾਰ ਗਰਲਜ਼ ਕੋਟਾਂ (ਲੁਧਿਆਣਾ) | ੬੦੦੦੦੦੦ |
| (ਹ) ਸ੍ਰੀ ਗੁਰੂ ਨਾਨਕ ਖਾ:ਕਾਲਜ ਡਰੋਲੀ ਕਲਾਂ (ਜਲੰਧਰ) | ੨੫੦੦੦੦੦ |
| (ਕ) ਸ੍ਰੀ ਗੁਰੂ ਨਾਨਕ ਕਾਲਜ ਫਾਰ ਗਰਲਜ਼ ਸ੍ਰੀ ਮੁਕਤਸਰ ਸਾਹਿਬ | ੦ |
| (ਖ) ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੋਮੈਨ ਝਾੜ ਸਾਹਿਬ (ਲੁਧਿਆਣਾ) | ੩੦੦੦੦੦੦ |
| (ਗ) ਸ੍ਰੀ ਗੁਰੂ ਨਾਨਕ ਕਾਲਜ ਬਟਾਲਾ (ਗੁਰਦਾਸਪੁਰ) | ੩੦੦੦੦੦੦ |
| (ਘ) ਮਾਤਾ ਸੁੰਦਰੀ ਖਾਲਸਾ ਗਰਲਜ਼ ਕਾਲਜ ਨੀਸਿੰਗ ਕਰਨਾਲ (ਹਰਿਆਣਾ) | ੧੩੮੫੦੦੦ |
| (ਙ) ਬਾਬਾ ਜੀਵਨ ਸਿੰਘ ਸਕੂਲ ਤੇ ਕਾਲਜ ਸਤਲਾਣੀ ਸਾਹਿਬ (ਸ੍ਰੀ ਅੰਮ੍ਰਿਤਸਰ) | ੪੦੦੦੦੦੦ |
| (ਚ) ਮੀਰੀ ਪੀਰੀ ਖਾਲਸਾ ਕਾਲਜ ਭਦੌੜ (ਬਰਨਾਲਾ) | ੨੦੨੮੦੦੦ |
| (ਛ) ਮਾਤਾ ਸਾਹਿਬ ਕੋਰ ਗਰਲਜ਼ ਕਾਲਜ ਤਲਵੰਡੀ ਭਾਈ (ਫਿਰੋਜਪੁਰ) | ੩੦੦੦੦੦੦ |
| (ਜ) ਸ੍ਰੀ ਗੁਰੂ ਹਰਿਕ੍ਰਿਸ਼ਨ ਖਾਲਸਾ ਕਾਲਜ ਪੰਜੋਖਰਾ ਸਾਹਿਬ (ਹਰਿਆਣਾ) | ੪੫੦੦੦੦੦ |
| (ਝ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਰਲਜ਼ ਕਾਲਜ ਕਰਹਾਲੀ ਸਾਹਿਬ (ਪਟਿਆਲਾ) | ੧੫੦੦੦੦੦ |
| (ਞ) ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਫਾਰ ਐਜੂਕੇਸ਼ਨ ਧਾਮੋ ਮਾਜਰਾ (ਪਟਿਆਲਾ) | ੩੦੦੦੦੦੦ |

| | |
|---|---|
| (ਟ) ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ,ਪਿੰਡ ਆਕੜ (ਪਟਿਆਲਾ) | ੨੫੦੦੦੦੦ |
| (ਠ) ਭਾਈ ਬਹਿਲੋ ਖਾਲਸਾ ਗਰਲਜ਼ ਕਾਲਜ, ਫਫੜੇ ਭਾਈ ਕੇ, (ਮਾਨਸਾ) | ੨੫੦੦੦੦੦ |
| (ਡ) ਦਸਮੇਸ਼ ਇੰਸਟੀਚਿਊਟ ਹਾਇਰ ਐਜੂਕੇਸ਼ਨ, ਜ਼ੀਰਕਪੁਰ, ਨਾਭਾ ਸਾਹਿਬ (ਮੁਹਾਲੀ) | ੩੦੦੦੦੦੦ |
| (ਢ) ਮਾਤਾ ਗੁਜ਼ਰੀ ਗਰਲਜ਼ ਕਾਲਜ ਕਰਤਾਰਪੁਰ (ਜਲੰਧਰ) | ੨੫੦੦੦੦੦ |
| (ਣ) ਬਾਬਾ ਅਜੈ ਸਿੰਘ ਖਾਲਸਾ ਕਾਲਜ ਫਾਰ ਗਰਲਜ਼ ਗੁਰਦਾਸ ਨੰਗਲ (ਗੁਰਦਾਸਪੁਰ) | ੧੫੦੦੦੦੦ |
| (ਤ) ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਗਹਿਲ (ਬਰਨਾਲਾ) | ੨੫੦੦੦੦੦ |
| (ਥ) ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਭਗਤਾ ਭਾਈ ਕਾ (ਬਠਿੰਡਾ) | ੪੦੦੦੦੦੦ |
| (ਦ) ਬੀਬੀ ਸ਼ਰਨ ਕੌਰ ਖਾਲਸਾ ਕਾਲਜ ਚਮਕੌਰ ਸਾਹਿਬ, ਰੋਪੜ | ੨੫੦੦੦੦੦ |
| (ਧ) ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ, ਬਠਿੰਡਾ | ੨੫੦੦੦੦੦ |
| (ਨ) ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ, ਸ਼ਹੀਦ ਭਗਤ ਸਿੰਘ ਨਗਰ | ੩੦੦੦੦੦੦ |

**੫. ਸਹਾਇਤਾ ਸਕੂਲਜ਼ (ਸ਼੍ਰੋਮਣੀ ਗੁ: ਪ੍ਰ: ਕਮੇਟੀ)**

| | |
|---|---|
| (ੳ) ਭੁਪਿੰਦਰਾ ਖਾਲਸਾ ਸੀ: ਸੈ: ਸਕੂਲ ਮੋਗਾ (ਗ੍ਰਾਂਟ ਇਨ ਏਡ) | ੨੪੦੦੦੦੦ |
| (ਅ) ਸ੍ਰੀ ਗੁਰੂ ਗੋਬਿੰਦ ਸਿੰਘ ਸੀ:ਸੈ:ਸਕੂਲ ਖੰਨਾ,ਲੁਧਿਆਣਾ (ਗ੍ਰਾਂਟ ਇਨ ਏਡ) | ੨੬੦੦੦੦੦ |
| (ੲ) ਕੱਲਰ ਖਾਲਸਾ ਸੀ:ਸੈ: ਸਕੂਲ ਹਰਿਆਣਾ (ਹੁਸ਼ਿਆਰਪੁਰ) (ਗ੍ਰਾਂਟ ਇਨ ਏਡ) | ੨੪੦੦੦੦੦ |
| (ਸ) ਖਾਲਸਾ ਹਾਈ ਸਕੂਲ, ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) (ਗ੍ਰਾਂਟ ਇਨ ਏਡ) | ੧੨੫੦੦੦੦ |
| (ਹ) ਸ੍ਰੀ ਗੁਰੂ ਨਾਨਕ ਸੀ:ਸੈ: ਸਕੂਲ ਤਖਤੂਪੁਰਾ, ਮੋਗਾ (ਗ੍ਰਾਂਟ ਇਨ ਏਡ) | ੧੦੦੦੦੦੦ |
| (ਕ) ਸ੍ਰੀ ਗੁਰੂ ਰਾਮਦਾਸ ਖਾਲਸਾ ਸੀ:ਸੈ:ਸਕੂਲ ਸ੍ਰੀ ਅੰਮ੍ਰਿਤਸਰ (ਗ੍ਰਾਂਟ ਇਨ ਏਡ) | ੨੫੦੦੦੦੦ |
| (ਖ) ਸ੍ਰੀ ਗੁਰੂ ਨਾਨਕ ਗਰਲਜ਼ ਸੀ:ਸੈ:ਸਕੂਲ, ਘਿਉ-ਮੰਡੀ, ਸ੍ਰੀ ਅੰਮ੍ਰਿਤਸਰ (ਗ੍ਰਾਂਟ ਇਨ ਏਡ) | ੪੫੯੩੦੦੦ |
| (ਗ) ਬਾਬਾ ਬੁੱਢਾ ਪਬਲਿਕ ਸੀ:ਸੈ:ਸਕੂਲ ਬੀੜ ਸਾਹਿਬ ਠੱਠਾ (ਤਰਨ ਤਾਰਨ) | ੧੦੦੦੦੦੦ |
| (ਘ) ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਸੀ:ਸੈ:ਸਕੂਲ, ਬਾਬਾ ਬਕਾਲਾ (ਸ੍ਰੀ ਅੰਮ੍ਰਿਤਸਰ) | ੪੨੦੦੦੦੦ |
| (ਙ) ਮਾਤਾ ਗੰਗਾ ਕੰਨਿਆ ਸੀ:ਸੈ:ਸਕੂਲ, ਬਾਬਾ ਬਕਾਲਾ (ਸ੍ਰੀ ਅੰਮ੍ਰਿਤਸਰ) | ੨੪੦੦੦੦੦ |

**੬. ਸਹਾਇਤਾ ਪਬਲਿਕ ਸਕੂਲਜ਼ (ਸ਼੍ਰੋ:ਗੁ:ਪ੍ਰ:ਕਮੇਟੀ)**

| | |
|---|---|
| (ੳ) ਬਾਬਾ ਮੱਖਣ ਸ਼ਾਹ ਪਬਲਿਕ ਹਾਈ ਸਕੂਲ ਟਾਂਡਾ ਰਾਮ ਸਹਾਏ (ਹੁਸ਼ਿਆਰਪੁਰ) | ੩੫੦੦੦੦੦ |
| (ਅ) ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ ਦਿਆਲਪੁਰਾ (ਤਰਨ ਤਾਰਨ) | ੦ |
| (ੲ) ਸ੍ਰੀ ਗੁਰੂ ਨਾਨਕ ਅਕੈਡਮੀ, ਜਲੰਧਰ ਰੋਡ, ਬਟਾਲਾ (ਗੁਰਦਾਸਪੁਰ) | ੧੫੦੦੦੦੦ |
| (ਸ) ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਰੱਤੋਕੇ (ਤਰਨ ਤਾਰਨ) | ੫੦੦੦੦੦ |
| (ਹ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਹਾਈ ਸਕੂਲ ਛੇਹਰਟਾ ਸਾਹਿਬ (ਸ੍ਰੀ ਅੰਮ੍ਰਿਤਸਰ) | ੨੮੦੦੦੦੦ |
| (ਕ) ਬੀਬੀ ਰਜਨੀ ਪਬਲਿਕ ਸੀ: ਸੈ: ਸਕੂਲ ਪੱਟੀ (ਤਰਨ ਤਾਰਨ) | ੫੦੦੦੦੦ |
| (ਖ) ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਹਾਈ ਸਕੂਲ ਗੜ੍ਹਸ਼ੰਕਰ (ਹੁਸ਼ਿਆਰਪੁਰ) | ੧੫੦੦੦੦੦ |
| (ਗ) ਖਾਲਸਾ ਪਬਲਿਕ ਸਕੂਲ ਜੰਡ ਸਾਹਿਬ (ਰੋਪੜ) | ੩੦੦੦੦੦੦ |
| (ਘ) ਮਾਤਾ ਦਮੋਦਰੀ ਖਾਲਸਾ ਕੰਨਿਆ ਮਹਾਂ ਵਿਦਿਆਲਾ ਡਰੋਲੀ ਭਾਈ (ਮੋਗਾ) | ੧੦੦੦੦੦੦ |
| (ਙ) ਮਾਤਾ ਗੁਜਰੀ ਪਬਲਿਕ ਸਕੂਲ ਥੇਹੜੀ ਸਾਹਿਬ ਗਿੱਦੜਬਾਹਾ ਸ੍ਰੀ ਮੁਕਤਸਰ ਸਾਹਿਬ | ੦ |
| (ਚ) ਮਾਤਾ ਸੁੰਦਰੀ ਪਬਲਿਕ ਸਕੂਲ ਕੋਟ ਸ਼ਮੀਰ (ਬਠਿੰਡਾ) | ੦ |

| | |
|---|---|
| (ਛ) ਦਸ਼ਮੇਸ਼ ਸੀ:ਸੈ:ਸਕੂਲ ਕਪਾਲ ਮੋਚਨ ਯਮੁਨਾਨਗਰ (ਹਰਿਆਣਾ) | ੧੦੦੦੦੦੦ |
| (ਜ) ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ ਤਿਰਲੋਕੇਵਾਲਾ, ਸਿਰਸਾ (ਹਰਿਆਣਾ) | ੩੫੦੦੦੦੦ |
| (ਝ) ਦਸਮੇਸ਼ ਪਬਲਿਕ ਸਕੂਲ ਮਾਣੂੰਕੇ (ਲੁਧਿਆਣਾ) | ੫੦੦੦੦੦ |
| (ਞ) ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਮਾਹਿਲਪੁਰ, (ਹੁਸ਼ਿਆਰਪੁਰ) | ੦ |
| (ਟ) ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, (ਅੰਗਰੇਜੀ ਮਾਧਿਅਮ) ਖੰਨਾ (ਲੁਧਿਆਣਾ) | ੨੨੦੦੦੦੦ |
| (ਠ) ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਬਜ਼ੀਦਪੁਰ (ਫਿਰੋਜ਼ਪੁਰ) | ੦ |
| (ਡ) ਦਸਮੇਸ਼ ਪਬਲਿਕ ਸਕੂਲ ਗੁਰਪਲਾਹ ਸਾਹਿਬ, ਊਨਾ (ਹਿ:ਪ੍ਰ:) | ੬੦੦੦੦੦ |
| (ਢ) ਬਾਬਾ ਅਜੈ ਸਿੰਘ ਪਬਲਿਕ ਸਕੂਲ ਗੁਰਦਾਸ ਨੰਗਲ (ਗੁਰਦਾਸਪੁਰ) | ੧੦੦੦੦੦੦ |
| (ਣ) ਸੰਤ ਹਰਚੰਦ ਸਿੰਘ ਲੌਂਗੋਵਾਲ ਪਬਲਿਕ ਸਕੂਲ ਸ਼ੇਰਪੁਰ (ਸੰਗਰੂਰ) | ੫੦੦੦੦੦ |
| (ਤ) ਭਾਈ ਮਹਾਂ ਸਿੰਘ ਖਾਲਸਾ ਪਬਲਿਕ ਸਕੂਲ ਜਲਾਲਾਬਾਦ, (ਫਿਰੋਜਪੁਰ) | ੦ |
| (ਥ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਸਕੂਲ ਸ੍ਰੀ ਹਰਿਗੋਬਿੰਦਪੁਰ ਸਾਹਿਬ (ਗੁਰਦਾਸਪੁਰ) | ੦ |
| (ਦ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਸਕੂਲ ਰਮਦਾਸ, (ਸ੍ਰੀ ਅੰਮ੍ਰਿਤਸਰ) | ੦ |
| (ਧ) ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਬਾਰਠ ਸਾਹਿਬ, (ਪਠਾਨਕੋਟ) | ੫੫੦੦੦੦ |
| (ਨ) ਸ੍ਰੀ ਗੁਰੂ ਨਾਨਕ ਅਕੈਡਮੀ ਓਠੀਆ, ਬਟਾਲਾ (ਗੁਰਦਾਸਪੁਰ) | ੯੫੦੦੦੦ |
| (ਪ) ਭਾਈ ਬਹਿਲੋ ਜੀ ਪਬਲਿਕ ਸਕੂਲ ਫਫੜੇ ਭਾਈ ਕੇ, ਮਾਨਸਾ | ੦ |
| (ਫ) ਸੰਤ ਬਾਬਾ ਫਤਿਹ ਸਿੰਘ ਪਬਲਿਕ ਸਕੂਲ ਬੱਲੋ ਬਦਿਆਲਾ, ਬਠਿੰਡਾ | ੦ |
| (ਬ) ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਗੋਲਡਨ ਟੈਂਪਲ, ਸ੍ਰੀ ਅੰਮ੍ਰਿਤਸਰ | ੪੦੦੦੦੦੦ |
| (ਭ) ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ, ਬਠਿੰਡਾ | ੦ |
| (ਮ) ਦਸ਼ਮੇਸ਼ ਪਬਲਿਕ ਸਕੂਲ ਟਾਹਲੀਆਣਾ ਰਾਏ ਕੋਟ, ਲੁਧਿਆਣਾ | ੭੦੦੦੦੦ |
| (ਯ) ਬਾਬਾ ਅਜਾਪਾਲ ਸਿੰਘ ਖਾਲਸਾ ਹਾਈ ਸਕੂਲ ਨਾਭਾ (ਪਟਿਆਲਾ) | ੧੮੦੦੦੦੦ |
| (ਰ) ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਛਾਜਲੀ (ਸੰਗਰੂਰ) | ੧੦੦੦੦੦੦ |
| (ਲ) ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੀ:ਸੈ:ਪਬਲਿਕ ਸਕੂਲ, ਮੰਜੀ ਸਾਹਿਬ ਕੋਟਾਂ (ਲੁਧਿਆਣਾ) | ੭੦੦੦੦੦ |
| **ਜੋੜ ਸਕੂਲ / ਕਾਲਜ਼ਿਜ਼ (ਸ਼੍ਰੋ:ਗੁ:ਪ੍ਰ:ਕਮੇਟੀ)** | **੧੨੪੫੫੬੦੦੦** |
| **ਕੁੱਲ ਜੋੜ ਸਹਾਇਤਾਵਾਂ** | **੧੩੦੫੫੬੦੦੦** |

| | | |
|---|---|---|
| ੭ | ਬਾਕੀ ਵਿਦਿਅਕ ਅਦਾਰੇ (ਸ਼੍ਰੋ:ਗੁ:ਪ੍ਰ:ਕਮੇਟੀ) | ੧੫੦੦੦੦੦੦ |
| ੮ | ਇਨਾਮ ਸਹਾਇਤਾ ਖਿਡਾਰੀਆਂ ਤੇ ਟਰਾਫੀਆਂ | ੫੦੦੦੦੦ |
| ੯ | ਕਾਲਜਾਂ 'ਚ ਖਾਲਸਾਈ ਖੇਡਾਂ/ਕੇਸਾਧਾਰੀ ਖਿਡਾਰੀਆਂ ਦੀਆਂ ਟੀਮਾਂ ਨੂੰ ਉਤਸ਼ਾਹਿਤ ਕਰਨ ਲਈ | ੪੦੦੦੦੦੦ |
| ੧੦ | ਸਕੂਲਾਂ 'ਚ ਖਾਲਸਾਈ ਖੇਡਾਂ/ਕੇਸਾਧਾਰੀ ਖਿਡਾਰੀਆਂ ਦੀਆਂ ਟੀਮਾਂ ਨੂੰ ਉਤਸ਼ਾਹਿਤ ਕਰਨ ਲਈ | ੨੩੦੦੦੦੦ |
| ੧੧ | ਨਵੇਂ ਵਿਦਿਅਕ ਅਦਾਰਿਆਂ ਪਬਲਿਕ ਸਕੂਲਾਂ ਅਤੇ ਤਰੱਕੀ ਇਮਾਰਤਾਂ ਕਾਲਜ ਤੇ ਸਕੂਲਜ਼ | ੧੫੦੦੦੦੦੦ |
| ੧੨ | ਮੌਜੂਦਾ ਸਕੂਲਾਂ ਕਾਲਜਾਂ ਦਾ ਨਵੀਨੀਕਰਣ,ਇਨਫਰਾਸਟਰਕਚਰ, ਨਵੀਆਂ ਗੱਡੀਆਂ ਆਦਿ ਲਈ | ੫੧੧੪੪੦੦੦ |
| ੧੩ | ਖੋਜ ਪ੍ਰਤਿਭਾ ਪ੍ਰੋਤਸ਼ਾਹਨ ਫੰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ) | ੧੦੦੦੦੦੦ |

| | | |
|---|---|---|
| ੧੪ | ਗੁਰਮਤਿ ਸਭਿਆਚਾਰ ਮੁਕਾਬਲੇ (ਖਾਲਸਾਈ ਯੁਵਕ ਮੇਲਾ) | ੧੫੦੦੦੦੦ |
| | **ਜੋੜ** | **੯੦੪੪੪੦੦੦** |

**ਭਾਗ ਖਰਚ**

**ਕਰਜਾ**

| | | |
|---|---|---|
| ੧ | ਵੱਖ-ਵੱਖ ਸਕੂਲਾਂ/ਕਾਲਜਾਂ | ੦ |
| ੨ | ਸ੍ਰੀ ਗੁਰੂ ਗ੍ਰੰਥ ਸਾਹਿਬ ਚੌਥੀ ਸ਼ਤਾਬਦੀ ਮੈਮੋਰੀਅਲ ਟਰੱਸਟ (ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ),ਸ੍ਰੀ ਫਤਹਿਗੜ੍ਹ ਸਾਹਿਬ | ੯੦੦੦੦੦੦੦ |
| | **ਜੋੜ** | **੯੦੦੦੦੦੦੦** |
| | **ਵੱਡਾ ਜੋੜ** | **੩੬੫੦੦੦੦੦੦** |
| | **ਬਚਤ** | **੦** |
| | **ਕੁੱਲ ਜੋੜ** | **੩੬੫੦੦੦੦੦੦** |

**੨੫) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਗੋਲਡਨ ਆਫ਼ਸੈਟ ਪ੍ਰੈਸ ਗੁਰਦੁਆਰਾ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਬਜਟ ਸਾਲ ੨੦੧੮-੧੯ (ਗੁ:ਰਾਮਸਰ ਸਾਹਿਬ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

**ਭਾਗ ਆਮਦਨ**

| | | |
|---|---|---|
| ੧ | ਕਾਗਜ਼ | ੩੦੦੦੦੦੦੦ |
| ੨ | ਪ੍ਰੋਸੈਸਿੰਗ/ਪਲੈਨਿੰਗ | ੬੦੦੦੦੦ |
| ੩ | ਪਲੇਟ ਮੇਕਿੰਗ | ੧੫੦੦੦੦੦ |
| ੪ | ਛਪਾਈ | ੮੦੦੦੦੦੦ |
| ੫ | ਦਫਤਰੀਆਨਾ | ੪੦੦੦੦੦੦ |
| ੬ | ਕੰਪੋਜਿੰਗ/ਸਕੈਨਿੰਗ | ੨੫੦੦੦੦ |
| ੭ | ਸੂਦ ਬੈਂਕਾਂ | ੫੦੦੦੦ |
| ੮ | ਫੁਟਕਲ (ਵਿੱਕਰੀ ਰੱਦੀ ਆਦਿ) | ੧੩੦੦੦੦੦ |
| | **ਜੋੜ** | **੪੫੭੦੦੦੦੦** |

**ਭਾਗ ਖਰਚ**

**ਰੁਟੀਨ ਦੇ ਖਰਚੇ**

| | | |
|---|---|---|
| ੧ | ਤਨਖਾਹ | ੧੯੦੦੦੦੦੦ |
| ੨ | ਕਾਗਜ਼ | ੨੨੦੦੦੦੦੦ |
| ੩ | ਛਪਾਈ | ੨੦੦੦੦੦ |
| ੪ | ਪ੍ਰੋਸੈਸਿੰਗ (ਫਿਲਮਾਂ) | ੨੫੦੦੦੦ |
| ੫ | ਪਲੇਟਾਂ | ੯੦੦੦੦੦ |
| ੬ | ਦਫ਼ਤਰੀਆਨਾ | ੨੨੦੦੦੦੦ |

| | | |
|---|---|---|
| ੭ | ਤੇਲ-ਸ਼ਿਆਹੀ | ੧੦੦੦੦੦੦ |
| ੮ | ਕੈਮੀਕਲ | ੪੭੦੦੦੦ |
| ੯ | ਬਿੱਲ, ਬਿਜਲੀ ਤੇ ਸਮਾਨ | ੧੫੫੦੦੦੦ |
| ੧੦ | ਬਿੱਲ ਟੈਲੀਫੋਨ ਅਤੇ ਇੰਟਰਨੈੱਟ | ੪੦੦੦੦ |
| ੧੧ | ਫੁਟਕਲ | ੫੦੦੦੦ |
| ੧੨ | ਸਟੇਸ਼ਨਰੀ | ੨੩੦੦੦ |
| ੧੩ | ਡਾਕ-ਖਰਚ | ੨੦੦੦ |
| ੧੪ | ਆਡਿਟ ਫੀਸ | ੫੦੦੦੦ |
| ੧੫ | ਪ੍ਰੋਫੈਸ਼ਨਲ ਸਰਵਿਸ ਖਰਚ | ੩੦੦੦੦ |
| ੧੬ | ਸਫ਼ਰ ਖਰਚ | ੩੦੦੦੦ |
| ੧੭ | ਮੁਰੰਮਤਾਂ ਮਸ਼ੀਨਰੀ ਤੇ ਕੰਪਿਊਟਰ | ੫੦੦੦੦੦ |
| ੧੮ | ਮਰੰਮਤਾਂ ਸਮਾਨ | |
| ੧੯ | ਹਿੱਸਾ ਖਰਚ ਦਫ਼ਤਰ | ੧੩੦੦੦੦੦ |
| ੨੦ | ਇੰਸ਼ੋਰੈਂਸ | |
| ੨੧ | ਬੋਨਸ | ੧੧੦੦੦੦੦ |
| ੨੨ | ਜਨਰੇਟਰ ਮੁਰੰਮਤ ਤੇ ਡੀਜ਼ਲ | ੬੦੦੦੦ |
| ੨੩ | ਲਿਫਟ ਮੈਨਟੇਨੈਂਸ | |
| ੨੪ | ਈ.ਐੱਸ.ਆਈ. (ਦਫ਼ਤਰੀ ਹਿੱਸਾ) | ੧੫੦੦੦੦ |
| ੨੫ | ਵਰਦੀਆਂ ਸਟਾਫ | ੫੦੦੦੦ |
| ੨੬ | ਤਨਖਾਹ ਗਰੈਚੁਇਟੀ ਤੇ ਛੁਟੀਆਂ (ਟੈਕਨੀਕਲ) | ੧੧੫੦੦੦੦ |
| ੨੭ | ਤਨਖਾਹ ਗਰੈਚੁਇਟੀ ਤੇ ਛੁਟੀਆਂ ਦਫਤਰੀ ਸਟਾਫ | ੫੫੦੦੦੦ |
| ੨੮ | ਐਂਟਰਟੇਨਮੈਂਟ | ੧੦੦੦੦ |
| ੨੯ | ਬਿਲਡਿੰਗ ਮੁਰੰਮਤ ਤੇ ਕਿਰਾਇਆ | ੫੦੦੦ |
| ੩੦ | ਏ.ਡੀ. ਚਾਰਜਿਜ਼ | ੧੦੦੦੦੦ |
| ੩੧ | ਬੀਮਾ ਮੁਲਾਜਮਾਂ | ੨੫੦੦੦੦ |
| | **ਜੋੜ** | **੫੩੦੨੦੦੦੦** |
| ੩੪ | ਪੂੰਜੀਗਤ ਖਰਚੇ | |
| ੳ | ਸਮਾਨ | ੩੦੦੦੦ |
| ਅ | ਨਵੀਂ ਮਸ਼ੀਨਰੀ | |
| ੲ | ਇੰਟਰਨੈੱਟ/ਕੰਪਿਊਟਰ | |
| ਸ | ਘਸਾਈ ਮਸ਼ੀਨਰੀ | ੧੨੫੦੦੦੦ |
| | **ਜੋੜ** | **੧੨੮੦੦੦੦** |
| | **ਕੁੱਲ ਜੋੜ** | **੫੪੩੦੦੦੦੦** |

**੨੬) ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਦਾ ਬਜਟ ਸਾਲ ੨੦੧੮-੧੯ (ਗੁ:ਰਾਮਸਰ ਸਾਹਿਬ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

**ਭਾਗ ਆਮਦਨ**

| | | |
|---|---|---|
| ੧ | ਕਾਗਜ਼ | ੫੬੦੦੦੦੦ |
| ੨ | ਛਪਾਈ | ੩੮੦੦੦੦੦ |
| ੩ | ਦਫ਼ਤਰੀਆਨਾ | ੨੮੦੦੦੦੦ |
| ੪ | ਬਲਾਕ | |
| ੫ | ਫੁਟਕਲ (ਵਿੱਕਰੀ ਰੱਦੀ ਆਦਿ) | ੧੦੦੦੦੦ |
| ੬ | ਸੂਦ ਬੈਂਕਾ | ੫੦੦੦੦੦ |
| | **ਜੋੜ :-** | **੧੨੮੦੦੦੦੦** |

**ਭਾਗ ਖਰਚ**

**ਰੁਟੀਨ ਦੇ ਖਰਚੇ**

| | | |
|---|---|---|
| ੧ | ਕਾਗਜ਼ | ੩੧੦੦੦੦੦ |
| ੨ | ਛਪਾਈ | ੬੦੦੦੦੦ |
| ੩ | ਦਫ਼ਤਰੀਆਨਾ | ੭੦੦੦੦੦ |
| ੪ | ਤਨਖਾਹ | ੬੩੦੦੦੦੦ |
| ੫ | ਹਿੱਸਾ ਖਰਚ ਦਫ਼ਤਰ | ੫੦੦੦੦੦ |
| ੬ | ਕਿਰਾਇਆ | ੧੦੦੦੦ |
| ੭ | ਬਿਜਲੀ | ੧੪੦੦੦੦ |
| ੮ | ਤੇਲ ਸਿਆਹੀ | ੧੦੦੦੦੦ |
| ੯ | ਮੁਰੰਮਤਾਂ ਮਸ਼ੀਨਰੀ | ੭੫੦੦੦ |
| ੧੦ | ਸਫਰ ਖਰਚ | ੨੦੦੦ |
| ੧੧ | ਕਾਨੂੰਨੀ ਮੁਕੱਦਮੇ | ੧੦੦੦ |
| ੧੨ | ਡਾਕ ਖਰਚ | ੨੦੦੦ |
| ੧੩ | ਫੁਟਕਲ | ੨੫੦੦੦ |
| ੧੪ | ਸਟੇਸ਼ਨਰੀ | ੨੦੦੦੦ |
| ੧੫ | ਟੈਲੀਫੋਨ | ੨੫੦੦੦ |
| ੧੬ | ਬੋਨਸ | ੩੦੦੦੦੦ |
| ੧੭ | ਏ.ਡੀ. ਖਰਚੇ | ੭੦੦੦੦ |
| ੧੮ | ਈ.ਐੱਸ.ਆਈ. | ੧੫੦੦੦੦ |
| ੧੯ | ਵਰਦੀਆਂ ਸਟਾਫ | ੨੫੦੦੦ |
| ੨੦ | ਐਂਟਰਟੇਨਮੈਂਟ | ੨੫੦੦੦ |
| ੨੧ | ਬੀਮਾ ਸਟਾਫ | ੧੦੦੦੦੦ |

| | | |
|---|---|---|
| ੨੨ ਟਾਈਪ ਸਿੱਕਾ | | ੩੦੦੦੦ |
| ੨੩ ਗ੍ਰੈਚੁਇਟੀ ਫੰਡ (ਸ਼੍ਰੋਮਣੀ ਕਮੇਟੀ) | | ੩੫੦੦੦੦ |
| ੨੪ ਆਡਿਟ ਫੀਸ | | ੩੦੦੦੦ |
| | **ਜੋੜ** | **੧੨੬੮੦੦੦੦** |

**੨੫ ਪੂੰਜੀਗਤ ਖਰਚੇ**

| | | | |
|---|---|---|---|
| ੳ | ਸਮਾਨ ਜਨਰਲ | | ੪੦੦੦੦ |
| ਅ | ਨਵੀਂ ਮਸ਼ੀਨਰੀ | | |
| ੲ | ਨਵੇਂ ਕੰਪਿਊਟਰ | | ੫੦੦੦੦ |
| ਸ | ਘਸਾਈ ਮਸ਼ੀਨਰੀ | | ੩੦੦੦੦ |
| | | **ਜੋੜ** | **੧੨੦੦੦੦** |
| | | **ਕੁੱਲ ਜੋੜ** | **੧੨੮੦੦੦੦੦** |

**੨੭) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਪ੍ਰਿੰਟਿਗ ਪ੍ਰੈਸ,**
**(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦਾ**
**ਬਜਟ ਸਾਲ ੨੦੧੮-੧੯ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

**ਭਾਗ ਆਮਦਨ**

| | | | |
|---|---|---|---|
| ੧ | ਛਪਾਈ | | ੧੫੦੦੦੦੦ |
| ੨ | ਦਫ਼ਤਰੀਆਨਾ | | ੧੬੦੦੦੦੦ |
| ੩ | ਕਾਗਜ਼ | | ੧੨੫੦੦੦੦੦ |
| ੪ | ਸੂਦ ਬੈਂਕਾਂ | | ੪੨੦੦੦੦੦ |
| ੫ | ਫੁਟਕਲ (ਵਿੱਕਰੀ ਰੱਦੀ ਆਦਿ) | | ੫੦੦੦੦ |
| | | **ਜੋੜ :-** | **੮੬੦੦੦੦੦** |

**ਭਾਗ ਖਰਚ**

**ਰੁਟੀਨ ਦੇ ਖਰਚੇ**

| | | |
|---|---|---|
| ੧ | ਤਨਖਾਹ | ੪੬੦੦੦੦੦ |
| ੨ | ਛਪਾਈ | ੧੦੦੦੦੦ |
| ੩ | ਦਫ਼ਤਰੀਆਨਾ | ੧੫੦੦੦੦ |
| ੪ | ਕਾਗਜ਼ | ੧੨੦੦੦੦੦ |
| ੫ | ਰੌਸ਼ਨੀ | ੧੫੦੦੦੦ |
| ੬ | ਮੁਰੰਮਤ ਮਸ਼ੀਨਰੀ ਆਦਿ | ੧੨੦੦੦੦ |
| ੭ | ਸਫ਼ਰ ਖਰਚ | ੧੦੦੦੦ |
| ੮ | ਸਟੇਸ਼ਨਰੀ | ੯੦੦੦ |
| ੯ | ਡਾਕ ਖਰਚ | ੧੦੦੦ |
| ੧੦ | ਹਿੱਸਾ ਖਰਚ ਦਫ਼ਤਰ | ੬੦੦੦੦੦ |

| | | |
|---|---|---|
| ੧੧ ਫੁਟਕਲ | | ੫੦੦੦੦ |
| ੧੨ ਵਰਦੀਆਂ | | ੪੦੦੦੦ |
| ੧੩ ਐਂਟਰਟੇਨਮੈਂਟ | | ੧੦੦੦੦ |
| ੧੪ ਬੀਮਾਂ ਸਟਾਫ | | ੧੩੦੦੦੦ |
| ੧੫ ਆਡਿਟ ਫੀਸ | | ੫੦੦੦੦ |
| ੧੬ ਪ੍ਰਫੈਸ਼ਨਲ ਖਰਚ | | ੨੦੦੦੦ |
| ੧੭ ਗਰੈਚੂਇਟੀ ਫੰਡ (ਸ਼੍ਰੋਮਣੀ ਕਮੇਟੀ) | | ੩੫੦੦੦੦ |
| | **ਜੋੜ** | **੭੫੯੦੦੦੦** |
| ੧੮ **ਪੂੰਜੀਗਤ ਖਰਚੇ** | | |
| ੳ ਨਵੀ ਮਸ਼ੀਨਰੀ | | ੭੦੦੦੦੦ |
| ਅ ਖ੍ਰੀਦ ਕੰਪਿਊਟਰ ਤੇ ਏ. ਸੀ. ਆਦਿ | | ੬੦੦੦੦ |
| ੲ ਸਮਾਨ ਦਫ਼ਤਰ | | ੫੦੦੦੦ |
| ਸ ਘਸਾਈ | | ੨੦੦੦੦੦ |
| | **ਜੋੜ** | **੧੦੧੦੦੦੦** |
| | **ਕੁੱਲ ਜੋੜ** | **੮੬੦੦੦੦੦** |

**੨੮) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ (ਅੰਬਾਲਾ ਕੈਂਟ) ਦਾ ਬਜਟ ਸਾਲ ੨੦੧੮-੧੯ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

**ਭਾਗ ਆਮਦਨ**

| | | |
|---|---|---|
| ੧ ਚੜ੍ਹਤ | | ੩੨੦੦੦੦ |
| ੨ ਕੜਾਹਿ ਪ੍ਰਸ਼ਾਦਿ | | |
| ੩ ਸਹਾਇਤਾ ਲੰਗਰ | | ੫੪੦੦੦ |
| ੫ ਕਿਰਾਇਆ ਮਕਾਨਾਂ, ਦੁਕਾਨਾਂ | | ੩੬੦੦੦ |
| ੬ ਪਾਵਨ ਸਰੂਪ | | |
| ੭ ਛਪਾਈ | | ੪੬੦੦੦੦ |
| ੮ ਦਫਤਰੀਆਨਾ | | ੩੫੦੦੦੦ |
| ੯ ਕਾਗਜ | | ੪੫੦੦੦੦ |
| ੧੦ ਬਿਜਲੀ ਰੋਸ਼ਨੀ ਪਾਣੀ | | |
| ੧੨ ਸਹਾਇਤਾ ਗੁਰਦੁਆਰਾ ਪੰਜੋਖਰਾ ਸਾਹਿਬ ਤੋਂ | | ੧੨੦੦੦੦੦ |
| ੧੪ ਠੇਕਾ ਜਮੀਨ | | ੨੩੦੦੦੦ |
| ੧੧ ਸੂਦ ਬੈਂਕਾਂ | | ੧੦੦੦੦੦੦ |
| ੧੫ ਬੀਮਾ ਸਟਾਫ | | |
| ੧੬ ਫੁੱਟਕਲ | | |
| | **ਜੋੜ :-** | **੪੧੦੦੦੦੦** |

**ਭਾਗ ਖਰਚ**

**ਰੁਟੀਨ ਦੇ ਖਰਚੇ**

| | | | |
|---|---|---|---|
| ੧ | ਤਨਖਾਹ ਟੈਕਨੀਕਲ ਸਟਾਫ | | ੧੬੫੦੦੦੦ |
| ੨ | ਤਨਖਾਹ ਦਫਤਰੀ ਸਟਾਫ | | ੫੫੦੦੦੦ |
| ੩ | ਲੰਗਰ | | ੪੩੦੦੦੦ |
| ੪ | ਮੁਰੰਮਤ ਇਮਾਰਤ | | ੧੦੦੦੦੦ |
| ੫ | ਮਸ਼ੀਨਰੀ ਮੁਰੰਮਤ | | ੫੦੦੦੦ |
| ੬ | ਪਾਵਨ ਸਰੂਪ | | |
| ੭ | ਫੁੱਟਕਲ | | ੬੦੦੦੦ |
| ੮ | ਮੇਲੇ ਗੁਰਪੁਰਬ | | ੪੫੦੦੦ |
| ੯ | ਦਫ਼ਤਰ | | ੧੨੦੦੦ |
| ੧੦ | ਆਡਿਟ ਫੀਸ | | ੩੫੦੦੦ |
| ੧੧ | ਡਾਕ ਖਰਚ | | ੩੦੦੦ |
| ੧੨ | ਟੈਲੀਫੋਨ | | ੧੦੦੦੦ |
| ੧੩ | ਦਫ਼ਤਰੀਆਨਾ | | |
| ੧੪ | ਕਾਗਜ਼ | | ੪੪੮੦੦੦ |
| ੧੫ | ਸਫਰ ਖਰਚ | | ੧੦੦੦੦ |
| ੧੬ | ਪ੍ਰੈਸ | | ੧੭੦੦੦੦ |
| ੧੭ | ਬਿਜਲੀ ਪਾਣੀ ਰੋਸ਼ਨੀ | | ੮੦੦੦੦ |
| ੧੮ | ਜਨਰੇਟਰ ਤੇਲ ਅਤੇ ਮੁਰੰਮਤ | | ੫੦੦੦੦ |
| ੧੯ | ਬੀਮਾ ਸਟਾਫ | | ੧੦੦੦੦੦ |
| ੨੦ | ਸਟੇਸ਼ਨਰੀ | | ੧੫੦੦੦ |
| ੨੧ | ਗ੍ਰੈਚੂਇਟੀ ਫੰਡ ਤੇ ਛੁੱਟੀਆਂ | | ੧੦੭੦੦੦ |
| ੨੨ | ਛਪਾਈ | | |
| ੨੩ | ਮੋਟਰ ਸਾਈਕਲ | | ੨੫੦੦੦ |
| | | **ਜੋੜ** | **੩੯੫੦੦੦੦** |
| ੨੪ | ਪੂੰਜੀਗਤ ਖਰਚੇ | | |
| | ੳ ਜਾਇਦਾਦ | | ੫੦੦੦੦ |
| | ਅ ਸਮਾਨ ਜਨਰਲ | | ੫੦੦੦੦ |
| | ੲ ਨਵੀਂ ਕੰਪਿਊਟਰ | | ੫੦੦੦੦ |
| | ਸ ਨਵੀਂ ਮੋਟਰ ਸਾਈਕਲ | | |
| | | **ਜੋੜ** | **੧੫੦੦੦੦** |
| | | **ਕੁੱਲ ਜੋੜ** | **੪੧੦੦੦੦੦** |

### ੨੯) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੬-੧੭ (ਜਨਰਲ ਬੋਰਡ ਫੰਡ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

| | | |
|---|---|---|
| ੧ | ਤਨਖਾਹ ਜਨਰਲ ਵਿਭਾਗ | ੨੪੦੮੨੨੦ |
| ੨ | ਮੁਕੱਦਮੇ ਸਮੇਤ ਖਰਚਾ ਜੁਡੀਸ਼ਲ ਕਮੀਸ਼ਨ | ੪੬੨੫੪੯੪ |
| ੩ | ਟੈਲੀਫੋਨ ਦਫਤਰੀ | ੧੦੧੭੨ |
| ੪ | ਫੁੱਟਕਲ | ੨੨੭੧੭ |
| ੫ | ਬੀਮਾ ਸਾਬਕਾ ਮੁਲਾਜਮਾਂ | ੪੭੧੬੭੯ |
| ੬ | ਇੰਟਰਨੈਂਟ | ੧੭੦੪੫ |
| ੭ | ਮੀਰੀ ਪੀਰੀ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਟੀਸਰਚ ਸ਼ਾਹਬਾਦ ਮਾਰਕੰਡ (ਹਰਿਆਣਾ) | ੬੦੦੦੦੦੦ |
| ੮ | ਸਾਮਨ ਤੇ ਫਰਨੀਚਰ | ੩੪੪੬੦ |

### ੩੦) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੭-੧੮ (ਜਨਰਲ ਬੋਰਡ ਫੰਡ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

| | | |
|---|---|---|
| ੧ | ਮੁਰੰਮਤ ਇਮਾਰਤ ਸਿੱਖ ਗੁ: ਜੁਡੀਸ਼ਲ ਕਮੀਸ਼ਨ | ੧੨੦੦੦੦ |
| ੨ | ਬੀਮਾ ਸਾਬਕਾ ਮੁਲਾਜਮਾਂ | ੫੦੦੦੦੦ |
| ੩ | ਵਾਪਸੀ ਯੋਗ ਕਰਜਾ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ | ੯੧੫੦੦੦੦ |
| ੪ | ਵਾਪਸੀ ਯੋਗ ਕਰਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ (ਧਰਮ ਪ੍ਰਚਾਰ ਕਮੇਟੀ ਪਾਸੋਂ ਪ੍ਰਾਪਤ) | ੧੭੦੦੦੦੦੦ |
| ੫ | ਸਹਾਇਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ | ੨੫੦੦੦੦੦੦ |
| ੬ | ਨਵੀਆ ਗੱਡੀਆ | ੩੦੦੦੦੦੦ |
| ੭ | ਸਟੇਸ਼ਨਰੀ ਸਟਾਕ | ੫੦੦੦੦ |

### ੩੧) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੬-੧੭ (ਟਰੱਸਟ ਫੰਡਜ਼) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

**੧ ਸਿੱਖ ਇਤਿਹਾਸ ਖੋਜ ਫੰਡ**

| | | |
|---|---|---|
| ੧ | ਸਫਰ ਖਰਚ, ਫੁਟਕਲ ਅਤੇ ਮਿਹਨਤਾਨਾ | ੮੧੪੦ |
| ੨ | ਬੀਮਾ ਸਟਾਫ | ੫੭੭੯੦ |

**੨. ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ**

| | | |
|---|---|---|
| ੧ | ਦਰਸ਼ਨ ਵਿਚਾਰ ਭੇਟਾ | ੯੧੭੫੦ |

**੩. ਯਾਤਰਾ ਗੁਰਦੁਆਰਾ ਸਾਹਿਬਾਨ ਪਾਕਿਸਤਾਨ**

| | | |
|---|---|---|
| ੧ | ਖਰਚ (ਵੀਜ਼ਾ ਫੀਸ,ਤੇਲ ਖਰਚ,ਸਫਰ ਖਰਚ ਆਦਿ) | ੧੨੯੯੪੨ |

### ੩੨) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੭-੧੮ (ਟਰੱਸਟ ਫੰਡਜ਼) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

**੧ ਸਿੱਖ ਇਤਿਹਾਸ ਖੋਜ ਫੰਡ**

| | | |
|---|---|---|
| ੧ | ਦਫ਼ਤਰ ਪਾਰਟੀਸ਼ਨ ਤੇ ਸੀਲਿੰਗ ਆਦਿ | ੭੦੦੦੦੦ |

**੨. ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ**

| | | |
|---|---|---|
| ੧ | ਤਨਖਾਹ ਸਟਾਫ | ੬੫੦੦੦੦ |

### ੩੩) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੬-੧੭ (ਵਿਦਿਆ ਫੰਡ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

| | | |
|---|---|---|
| ੧ | ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੋਮੈਨ ਝਾੜ ਸਾਹਿਬ (ਲੁਧਿਆਣਾ) | ੫੦੦੦੦੦ |
| ੨ | ਸ੍ਰੀ ਗੁਰੂ ਨਾਨਕ ਕਾਲਜ ਬਟਾਲਾ (ਗੁਰਦਾਸਪੁਰ) | ੨੮੦੦੦੦੦ |
| ੩ | ਮੀਰੀ ਪੀਰੀ ਖਾਲਸਾ ਕਾਲਜ ਭਦੌੜ (ਬਰਨਾਲਾ) | ੪੨੦੦੦੦ |
| ੪ | ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਭਾਈ (ਫਿਰੋਜਪੁਰ) | ੧੫੦੦੦੦੦ |
| ੫ | ਸ੍ਰੀ ਗੁਰੂ ਹਰਿਕ੍ਰਿਸ਼ਨ ਖਾਲਸਾ ਕਾਲਜ ਪੰਜੋਖਰਾ ਸਾਹਿਬ (ਹਰਿਆਣਾ) | ੩੧੮੦੧ |
| ੬ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਰਲਜ਼ ਕਾਲਜ ਕਰਹਾਲੀ ਸਾਹਿਬ (ਪਟਿਆਲਾ) | ੮੫੫੦੦੦ |
| ੭ | ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਫਾਰ ਐਜੂਕੇਸ਼ਨ ਧਾਮੋ ਮਾਜਰਾ (ਪਟਿਆਲਾ) | ੨੪੫੦੦੦੦ |
| ੮ | ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ,ਪਿੰਡ ਆਕੜ (ਪਟਿਆਲਾ) | ੨੫੭੫੦੦੦ |
| ੯ | ਭਾਈ ਬਹਿਲੋ ਖਾਲਸਾ ਗਰਲਜ਼ ਕਾਲਜ, ਫਫੜੇ ਭਾਈ ਕੇ, (ਮਾਨਸਾ) | ੧੦੪੫੦੦੦ |
| ੧੦ | ਮਾਤਾ ਗੁਜ਼ਰੀ ਗਰਲਜ਼ ਕਾਲਜ ਕਰਤਾਰਪੁਰ (ਜਲੰਧਰ) | ੭੫੫੦੦੦ |
| ੧੧ | ਬਾਬਾ ਅਜੈ ਸਿੰਘ ਖਾਲਸਾ ਕਾਲਜ ਫਾਰ ਗਰਲਜ਼ ਗੁਰਦਾਸ ਨੰਗਲ (ਗੁਰਦਾਸਪੁਰ) | ੪੯੭੭੪੭ |
| ੧੨ | ਮਾਤਾ ਸਾਹਿਬ ਕੌਰ ਗਰਲਜ ਕਾਲਜ ਗਹਿਲ (ਬਰਨਾਲਾ) | ੧੧੯੬੧੪੦ |
| ੧੩ | ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਭਗਤਾ ਭਾਈ ਕਾ (ਬਠਿੰਡਾ) | ੯੧੬੨੬੭ |
| ੧੪ | ਬੀਬੀ ਸ਼ਰਨ ਕੌਰ ਖਾਲਸਾ ਕਾਲਜ ਚਮਕੌਰ ਸਾਹਿਬ, ਰੋਪੜ | ੧੨੦੦੦੦੦ |
| ੧੫ | ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ, ਸ਼ਹੀਦ ਭਗਤ ਸਿੰਘ ਨਗਰ | ੨੭੮੧੧੦੦ |
| ੧੬ | ਸ੍ਰੀ ਗੁਰੂ ਗੋਬਿੰਦ ਸਿੰਘ ਸੀ:ਸੈ:ਸਕੂਲ ਖੰਨਾ, ਲੁਧਿਆਣਾ (ਗ੍ਰਾਂਟ ਇੰਨ ਏਡ) | ੨੦੦੦੦੦ |
| ੧੭ | ਕੱਲਰ ਖਾਲਸਾ ਸੀ:ਸੈ: ਸਕੂਲ ਹਰਿਆਣਾ (ਹੁਸ਼ਿਆਰਪੁਰ (ਗ੍ਰਾਂਟ ਇੰਨ ਏਡ) | ੯੦੦੦੦੦ |
| ੧੮ | ਸ੍ਰੀ ਗੁਰੂ ਰਾਮਦਾਸ ਖਾਲਸਾ ਸੀ:ਸੈ:ਸਕੂਲ ਸ੍ਰੀ ਅੰਮ੍ਰਿਤਸਰ (ਗ੍ਰਾਂਟ ਇੰਨ ਏਡ) | ੧੨੦੦੦੦੦ |
| ੧੯ | ਸ੍ਰੀ ਗੁਰੂ ਨਾਨਕ ਗਰਲਜ਼ ਸੀ:ਸੈ: ਸਕੂਲ, ਸ੍ਰੀ ਅੰਮ੍ਰਿਤਸਰ | ੨੪੬੨੯ |
| ੨੦ | ਬਾਬਾ ਮੱਖਣ ਸ਼ਾਹ ਪਬਲਿਕ ਹਾਈ ਸਕੂਲ ਟਾਂਡਾ ਰਾਮ ਸਹਾਏ (ਹੁਸ਼ਿਆਰਪੁਰ) | ੬੫੦੦੦੦ |
| ੨੧ | ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਰੱਤੋਕੇ (ਤਰਨ ਤਾਰਨ) | ੨੦੦੦੦੦ |
| ੨੨ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਹਾਈ ਸਕੂਲ ਛੇਹਰਟਾ ਸਾਹਿਬ ( ਸ੍ਰੀ ਅੰਮ੍ਰਿਤਸਰ) | ੫੫੦੦੦੦ |
| ੨੩ | ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਹਾਈ ਸਕੂਲ, ਗੜ੍ਹਸ਼ੰਕਰ (ਹੁਸ਼ਿਆਰਪੁਰ) | ੫੦੦੦੦੦ |
| ੨੪ | ਖਾਲਸਾ ਪਬਲਿਕ ਸਕੂਲ ਜੰਡ ਸਾਹਿਬ (ਰੋਪੜ) | ੭੧੭੦੪੮ |

| | | |
|---|---|---|
| ੨੫ | ਮਾਤਾ ਦਮੋਦਰੀ ਖਾਲਸਾ ਕੰਨਿਆ ਮਹਾਂ ਵਿਦਿਆਲਾ ਡਰੋਲੀ ਭਾਈ (ਮੋਗਾ) | ੧੯੦੮੦੦ |
| ੨੬ | ਮਾਤਾ ਗੁਜ਼ਰੀ ਪਬਲਿਕ ਸਕੂਲ ਥੇਹੜੀ ਸਾਹਿਬ ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ | ੫੦੦੦੦੦ |
| ੨੭ | ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ ਤਿਰਲੋਕੇਵਾਲਾ, ਸਿਰਸਾ (ਹਰਿਆਣਾ) | ੨੫੦੦੦੦੦ |
| ੨੮ | ਦਸਮੇਸ਼ ਪਬਲਿਕ ਸਕੂਲ ਮਾਣੂੰਕੇ (ਲੁਧਿਆਣਾ) | ੩੧੮੦੦ |
| ੨੯ | ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਖੰਨਾ (ਲੁਧਿਆਣਾ) | ੧੫੪੯੭੦ |
| ੩੦ | ਦਸਮੇਸ਼ ਪਬਲਿਕ ਸਕੂਲ ਗੁਰਪਲਾਹ ਸਾਹਿਬ, ਊਨਾ (ਹਿ:ਪ੍ਰ:) | ੨੦੦੦੦੦ |
| ੩੧ | ਸ੍ਰੀ ਗੁਰੂ ਨਾਨਕ ਅਕੈਡਮੀ ਓਠੀਆ, ਬਟਾਲਾ (ਗੁਰਦਾਸਪੁਰ) | ੧੦੦੦੦੦ |
| ੩੨ | ਸੰਤ ਬਾਬਾ ਫਤਿਹ ਸਿੰਘ ਪਬਲਿਕ ਸਕੂਲ ਬੱਲੋ ਬਦਿਆਲਾ, ਬਠਿੰਡਾ | ੧੫੫੦੦੦੦ |
| ੩੩ | ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਗੋਲਡਨ ਟੈਂਪਲ, ਸ੍ਰੀ ਅੰਮ੍ਰਿਤਸਰ | ੮੦੦੦੦੦ |
| ੩੪ | ਕਰਜਾ ਵੱਖ-ਵੱਖ ਸਕੂਲਾਂ/ ਕਾਲਜਾਂ | ੬੫੦੦੫੦੦ |

**੩੪) ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੭-੧੮ (ਵਿਦਿਆ ਫੰਡ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਅਖਬਾਰਾਂ'ਚ ਇਸ਼ਤਿਹਾਰ, ਸਫਰ ਖਰਚ ਤੇ ਫੁਟਕਲ ਆਦਿ | ੫੭੦੦੦੦੦ |
| ੨ | ਤ੍ਰੈ ਸ਼ਤਾਬਦੀ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ | ੧੫੯੬੭੮੯ |
| ੩ | ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ, ਕਪੂਰਥਲਾ | ੭੪੮੫੦੦੦ |
| ੪ | ਮਾਤਾ ਗੰਗਾ ਖਾਲਸਾ ਕਾਲਜ ਫਾਰ ਗਰਲਜ਼ ਕੋਟਾਂ (ਲੁਧਿਆਣਾ) | ੮੩੪੨੬੧੦ |
| ੫ | ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਭਾਈ (ਫਿਰੋਜਪੁਰ) | ੩੦੦੦੦੦੦ |
| ੬ | ਸ੍ਰੀ ਗੁਰੂ ਹਰਿਕ੍ਰਿਸ਼ਨ ਖਾਲਸਾ ਕਾਲਜ ਪੰਜੋਖਰਾ ਸਾਹਿਬ (ਹਰਿਆਣਾ) | ੪੬੫੩੭੩੪ |
| ੭ | ਭਾਈ ਬਹਿਲੋ ਖਾਲਸਾ ਗਰਲਜ਼ ਕਾਲਜ, ਫਫੜੇ ਭਾਈ ਕੇ, (ਮਾਨਸਾ) | ੨੬੯੪੦੦੦ |
| ੮ | ਦਸਮੇਸ਼ ਇੰਸਟੀਚਿਊਟ ਹਾਇਰ ਐਜੂਕੇਸ਼ਨ,ਜ਼ੀਰਕਪੁਰ, ਨਾਭਾ ਸਾਹਿਬ (ਮੁਹਾਲੀ) | ੪੩੦੦੦੦੦ |
| ੯ | ਬਾਬਾ ਅਜੈ ਸਿੰਘ ਖਾਲਸਾ ਕਾਲਜ ਫਾਰ ਗਰਲਜ਼ ਗੁਰਦਾਸ ਨੰਗਲ (ਗੁਰਦਾਸਪੁਰ) | ੩੧੨੬੮੪੭ |
| ੧੦ | ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ ਤਿਰਲੋਕੇਵਾਲਾ, ਸਿਰਸਾ (ਹਰਿਆਣਾ) | ੩੦੫੪੮੬੦ |
| ੧੧ | ਬਾਬਾ ਅਜੈ ਸਿੰਘ ਪਬਲਿਕ ਸਕੂਲ ਗੁਰਦਾਸ ਨੰਗਲ (ਗੁਰਦਾਸਪੁਰ) | ੧੯੪੩੩੩੩ |
| ੧੨ | ਕਰਜਾ ਵੱਖ-ਵੱਖ ਸਕੂਲਾਂ/ ਕਾਲਜਾਂ | ੬੪੨੪੭੬੦ |

**੩੫) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਗੋਲਡਨ ਆਫ਼ਸੈਟ ਪ੍ਰੈਸ ਗੁਰਦੁਆਰਾ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੬-੧੭ (ਗੁ:ਰਾਮਸਰ ਸਾਹਿਬ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਈ.ਐਸ.ਆਈ. ਹਿੱਸਾ | ੨੧੩੩ |

**੩੬) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਗੋਲਡਨ ਆਫ਼ਸੈਟ ਪ੍ਰੈਸ ਗੁਰਦੁਆਰਾ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੭-੧੮ (ਗੁ:ਰਾਮਸਰ ਸਾਹਿਬ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਤੇਲ ਸ਼ਿਆਹੀ | ੧੫੦੦੦੦ |

| | | |
|---|---|---|
| ੨ | ਮੁਰੰਮਤ ਮਸ਼ੀਨਰੀ ਤੇ ਕੰਪਿਊਟਰ | ੫੦੦੦੦ |
| ੩ | ਈ.ਐਸ.ਆਈ. ਦਫਤਰ ਹਿੱਸਾ | ੨੫੦੦੦ |

**੩੭) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਦਾ ਬਜਟ ਸਾਲ ੨੦੧੬-੧੭ (ਗੁ:ਰਾਮਸਰ ਸਾਹਿਬ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਤੇਲ ਸਿਆਹੀ | ੫੪੦੬ |
| ੨ | ਈ.ਐਸ.ਆਈ. | ੫੩੩੦ |

**੩੮) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੭-੧੮ (ਗੁ:ਰਾਮਸਰ ਸਾਹਿਬ) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਵਰਦੀਆਂ | ੨੦੦੦੦ |

**੩੯) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ (ਅੰਬਾਲਾ ਕੈਂਟ) ਦਾ ਸਪਲੀਮੈਂਟਰੀ ਬਜਟ ਸਾਲ ੨੦੧੬-੧੭ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਤਨਖਾਹ ਦਫਤਰੀ ਸਟਾਫ | ੮੧੫੯੪ |
| ੨ | ਬਿਜਲੀ ਪਾਣੀ ਰੋਸ਼ਨੀ | ੫੧੯ |

**੪੦) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ (ਅੰਬਾਲਾ ਕੈਂਟ) ਦਾ ਸਪਲੀਮੈਂਟਰੀ ਬਜਟ ਸਾਲ ੨੦੧੭-੧੮ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਲੰਗਰ ਖਰਚ | ੬੦੦੦੦ |

**੪੧) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦਾ ਬਜਟ ਸਾਲ ੨੦੧੮-੧੯ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

**ਭਾਗ ਆਮਦਨ**

| | | |
|---|---|---|
| ੧ | ਧਾਰਮਿਕ ਫੰਡ ੮੫ | ੬੮੧੧੮੦੦੦੦ |
| ੨ | ਧਾਰਮਿਕ ਫੰਡ ੮੭ | ੨੦੦੦੦੦੦੦ |
| ੩ | ਪ੍ਰਚਾਰ ਸਹਾਇਤਾ | ੩੦੦੦੦੦੦ |
| ੪ | ਸੂਦ | ੩੭੫੦੦੦੦੦ |
| ੫ | ਧਾਰਮਿਕ ਪ੍ਰੀਖਿਆ ਤੇ ਪੱਤਰ ਵਿਹਾਰ ਕੋਰਸ (ਦਾਖਲਾ ਫੀਸ) | ੨੦੦੦੦੦੦ |
| ੬ | ਗੁਰਮਤਿ ਪ੍ਰਕਾਸ਼ (ਪੰਜਾਬੀ ਮਾਸਿਕ ਪੱਤਰ) | ੧੨੦੦੦੦੦ |
| ੭ | ਗੁਰਮਤਿ ਗਿਆਨ (ਹਿੰਦੀ ਮਾਸਿਕ ਪੱਤਰ) | ੨੦੦੦੦੦ |

| | | |
|---|---|---|
| ੮ | ਧਰਮ ਅਤੇ ਅੰਮ੍ਰਿਤ ਪ੍ਰਚਾਰ | ੪00000 |
| ੯ | ਗੁਰਮਤਿ ਲਿਟਰੇਚਰ (ਵਿਕਰੀ) | ੭000000 |
| ੧੦ | ਕਿਰਾਇਆ ਕਮਰੇ ਸ੍ਰੀ ਗੁਰੂ ਰਾਮਦਾਸ ਨਿਵਾਸ ਕੁਰਕਸ਼ੇਤਰ | ੮00000 |
| ੧੧ | ਕਿਰਾਇਆ ਦੁਕਾਨਾਂ ਤੇ ਫਲੈਟਸ ਸਿੱਖ ਮਿਸ਼ਨ ਹਰਿਆਣਾ | ੩੫0000 |
| ੧੨ | ਕਿਰਾਇਆ ਦੁਕਾਨਾਂ ਤੇ ਫਲੈਟਸ ਯੂ:ਪੀ:ਸਿੱਖ ਮਿਸ਼ਨ | ੪00000 |
| ੧੩ | ਗੁਰਦੁਆਰਾ ਗੁਰੂ ਨਾਨਕ ਦਰਬਾਰ,ਹਾਪੜ (ਯੂ:ਪੀ:) | ੧੫00000 |
| ੧੪ | ਗੁਰਦੁਆਰਾ ਭਗਤ ਕਬੀਰ ਜੀ ਮਗਹਰ ਗੋਰਖਪੁਰ (ਯੂ:ਪੀ:) | ੫00000 |
| ੧੫ | ਗੁਰ: ਸਾਹਿਬਾਨ ਨੱਕਾ ਕੂਆਂ,ਸੰਤ ਸਭਾ ਨਗੀਨਾ,ਬ੍ਰਿੰਦਾਬਨ ਅਤੇ ਗੁ: ਪਿੰਡ ਸਾਦੂਲਾਪੁਰ ਯੂ.ਪੀ | ੩00000 |
| ੧੬ | ਗੁਰਮਤਿ ਸੰਗੀਤ ਵਿਦਿਆਲਾ ਬਗੜੀ (ਯੂ:ਪੀ:) | ੫0000 |
| ੧੭ | ਸ਼ਤਾਬਦੀਆਂ ਸਮਾਰੋਹ | ੩000000 |
| ੧੮ | ਫੁਟਕਲ ਦਫਤਰ ਆਮਦਨ ਪੰਜਾਬ ਪ੍ਰਚਾਰ ਆਦਿ | ੨0000 |
| ੧੯ | ਠੇਕਾ ਜਮੀਨ ਗੁ:ਸਾਹਿਬ ਪਿੰਡ ਕਾਲਾ ਟਿੱਬਾ | |
| ੨੦ | ਠੇਕਾ ਜਮੀਨ ਸਿੱਖ ਮਿਸ਼ਨ ਹਰਿਆਣਾ | ੪00000 |
| ੨੧ | ਸ੍ਰੀ ਗੁਰੂ ਨਾਨਕ ਦੇਵ ਗੁ:ਵਿ: ਰਾਏਪੁਰ ਛੱਤੀਸਗੜ੍ਹ | ੨00000 |
| | ਆਮਦਨ ਜੋੜ :- | ੭੬0000000 |
| | **ਬੱਚਤ ਵਿਚੋਂ** | |
| | **ਕੁਲ ਜੋੜ** | **੭੬0000000** |

**ਭਾਗ ਖਰਚ**

**ਪੰਜਾਬ ਸਮੇਤ ਸਮੂੰਹ ਮਿਸ਼ਨ,ਲਿਟਰੇਚਰ,ਧਾਰਮਿਕ ਪ੍ਰੀਖਿਆ,ਪੱਤਰ ਵਿਹਾਰ ਕੋਰਸ, ਗੁਰਮਤਿ ਪ੍ਰਕਾਸ਼ ਅਤੇ ਤਨਖਾਹ ਗਰੈਚੂਇਟੀ ਖਰਚੇ ਆਦਿ**

| | | |
|---|---|---|
| ੧ | ਲਿਟਰੇਚਰ (ਭੇਟਾ ਰਹਿਤ),ਡਾਇਰੀਆਂ, ਕੈਲੰਡਰ, ਤਸਵੀਰਾਂ ਆਦਿ (ਛਪਾਈ ਤੇ ਖ੍ਰੀਦ) | ੧੫000000 |
| ੨ | ਲਿਟਰੇਚਰ ਫੁੱਟਕਲ | ੧੫0000 |
| ੩ | ਧਾਰਮਿਕ ਪ੍ਰੀਖਿਆ ਵਜੀਫੇ | |
| ੪ | ਪੱਤਰ ਵਿਹਾਰ ਕੋਰਸ ਤੇ ਖੋਜ ਕੇਂਦਰ | |
| ੫ | ਧਰਮ ਤੇ ਅੰਮ੍ਰਿਤ ਪ੍ਰਚਾਰ | |
| ੬ | ਵਜੀਫੇ ਭਾਈ ਜੈਤਾ ਜੀ ਟਰੱਸਟ | ੨00000 |
| ੭ | ਗੁਰਦੁਆਰਾ ਗਜ਼ਟ ਦਾ ਹਿੱਸਾ | ੬00000 |
| ੮ | ਗੁਰਮਤਿ ਪ੍ਰਕਾਸ਼ (ਪੰਜਾਬੀ ਮਾਸਿਕ ਪੱਤਰ) | ੧੯000000 |
| ੯ | ਗੁਰਮਤਿ ਗਿਆਨ ਹਿੰਦੀ | ੫000000 |
| ੧੦ | ਉੱਚ-ਹਸਤੀਆਂ,ਪੰਥਕ-ਵਿਦਵਾਨਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਨਾਮ ਰੌਸ਼ਨ ਕਰਨ ਵਾਲੇ ਸਿੱਖ ਵਿਦਿਆਰਥੀਆਂ ਨੂੰ ਸਨਮਾਨ | |
| ੧੧ | ਆਡਿਟ ਅਤੇ ਇੰਟਰਨਲ ਆਡਿਟ ਫੀਸ | ੩000000 |
| ੧੨ | ਸਟੇਸ਼ਨਰੀ ਛਪਾਈ | ੧000000 |

| | |
|---|---|
| ੧੩ ਤਨਖਾਹ ਸਟਾਫ ਦਫਤਰ | ੫੫੦੦੦੦੦੦ |
| ੧੪ ਤਨਖਾਹ ਸਟਾਫ ਲਿਟਰੇਚਰ ਅਤੇ ਕਮਿਸ਼ਨ ਆਦਿ | ੯੦੦੦੦੦੦ |
| ੧੫ ਤਨਖਾਹ ਤੇ ਸਫਰ ਖਰਚ ਅਲਾਊਂਸ ਡਰਾਈਵਰਜ਼ | ੧੧੫੦੦੦੦੦ |
| ੧੬ ਤਨਖਾਹ ਧਾਰਮਿਕ ਟੀਚਰ | ੧੨੦੦੦੦੦੦ |
| ੧੭ ਡਾਕ ਤੇ ਤਾਰ ਖਰਚ | ੩੦੦੦੦੦ |
| ੧੮ ਕਮਿਸ਼ਨ ਬੈਂਕਾਂ | ੧੧੫੦੦੦ |
| ੧੯ ਫਿਲਮਾਂ ਰਾਹੀਂ ਪ੍ਰਚਾਰ(ਤਨਖਾਹ ਫਿਲਮ ਉਪਰੇਟਰਾਂ,ਮੁਰੰਮਤਾਂ ਤੇ ਸਫਰ ਖਰਚ ਆਦਿ) | |
| ੨੦ ਖਰਚ ਗੱਡੀਆਂ (ਤੇਲ ਤੇ ਮੁਰੰਮਤਾਂ) | ੩੦੦੦੦੦੦ |
| ੨੧ ਮੁਕੱਦਮੇ | ੬੦੦੦੦੦੦ |
| ੨੨ ਟੈਲੀਫੋਨ | ੮੦੦੦੦੦ |
| ੨੩ ਮੁਰੰਮਤ ਸਮਾਨ ਦਫਤਰ | ੨੫੦੦੦੦ |
| ੨੪ ਐਂਟਰਟੇਨਮੈਂਟ (ਆਉ ਭਗਤ) | ੩੦੦੦੦੦ |
| ੨੫ ਵਰਦੀਆਂ ਮੁਲਾਜਮਾਂ | ੧੯੦੦੦੦੦ |
| ੨੬ ਸਫਰ ਖਰਚ ਮੈਂਬਰ ਸਾਹਿਬਾਨ | ੩੦੦੦੦੦ |
| ੨੭ ਸਫਰ ਖਰਚ ਮੁਲਾਜਮਾਂ | ੮੦੦੦੦੦ |
| ੨੮ ਫੁਟਕਲ ਦਫਤਰ ਤੇ ਰੋਸ਼ਨੀ | ੧੫੦੦੦੦੦ |
| ੨੯ ਬੀਮਾ ਗੱਡੀਆਂ ਤੇ ਕੈਸ਼ | ੧੫੦੦੦੦੦ |
| ੩੦ ਬੀਮਾ ਮੈਂਬਰ ਸਾਹਿਬਾਨ ਤੇ ਮੁਲਾਜਮਾਂ | ੮੫੦੦੦੦੦ |
| ੩੧ ਗਰੈਚੁਇਟੀ ਤੇ ਛੁੱਟੀਆਂ ਆਦਿ (ਸ਼੍ਰੋ:ਗੁ:ਪ੍ਰ:ਕਮੇਟੀ ਨੂੰ) | ੨੩੦੦੦੦੦੦ |
| ੩੨ ਸ਼ਤਾਬਦੀਆਂ ਸਮਾਰੋਹ | ੩੫੦੦੦੦੦੦ |
| ੩੩ ਐਡਵਰਟਾਈਜਮੈਂਟ (ਇਸ਼ਤਿਹਾਰਬਾਜੀ) | |
| ੩੪ ਸ਼ਹੀਦ ਸਿੱਖ ਮਿ: ਕਾਲਜ ਅੰਮ੍ਰਿਤਸਰ ਤੇ ਬੁੱਢਾ ਜੌਹੜ | ੧੦੦੦੦੦੦੦ |
| ੩੫ ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅੰਮ੍ਰਿਤਸਰ | ੧੦੦੦੦੦੦ |
| ੩੬ ਭਾਈ ਨਗਾਈਆਂ ਜੀ ਪਬਲਿਕ ਸਕੂਲ (ਗੂੰਗੇ ਬੋਲਿਆਂ) ਆਲਮਗੀਰ ਲੁਧਿਆਣਾ | ੨੦੦੦੦੦੦ |
| ੩੭ ਗੁਰੂ ਕਾਸ਼ੀ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) | ੫੦੦੦੦੦੦ |
| ੩੮ ਭਾਈ ਗੁਰਦਾਸ ਜੀ ਗੁਰਮਤਿ ਵਿਦਿਆਲਾ ਜੁਬਲੀ ਧਰਮਸ਼ਾਲਾ ਫਿਰੋਜਪੁਰ | ੧੫੦੦੦੦੦ |
| ੩੯ ਗੁਰਮਤਿ ਸੰਗੀਤ ਅਕੈਡਮੀ (ਸ੍ਰੀ ਅਨੰਦਪੁਰ ਸਾਹਿਬ) | ੧੮੦੦੦੦੦ |
| ੪੦ ਸਬ-ਆਫਿਸ ਧਰਮ ਪ੍ਰਚਾਰ ਕਮੇਟੀ (ਸ੍ਰੀ ਅਨੰਦਪੁਰ ਸਾਹਿਬ) | ੨੫੦੦੦੦੦ |
| ੪੧ ਗੁਰਮਤਿ ਸੰਗੀਤ ਵਿਦਿਆਲੇ (ਬਾਦੀਆਂ, ਮੁਕਤਸਰ ਸਾਹਿਬ, ਭੂਰਾ ਕੋਹਨਾ ਤੇ ਕਾਲਾਮਾਲਾ ਸੰਗਰੂਰ)ਤਨਖਾਹਾਂ,ਸਫਰ ਖਰਚ ਤੇ ਫੁਟਕਲ ਆਦਿ | ੫੦੦੦੦੦੦ |
| ੪੨ ਗੁਰਮਤਿ ਕਾਲਜ (ਸੁਲਤਾਨਪੁਰ ਲੋਧੀ, ਬਰਨਾਲਾ ਤੇ ਡੇਰਾ ਬਾਬਾ ਨਾਨਕ, ਆਲਮਗੀਰ)ਤਨਖਾਹਾਂ,ਵਜੀਫੇ ,ਸਫਰ ਖਰਚ ਤੇ ਫੁਟਕਲ ਆਦਿ | ੭੦੦੦੦੦੦ |
| ੪੩ ਜਥੇ: ਗੁਰਚਰਨ ਸਿੰਘ ਟੌਹੜਾ ਇੰਸੀ: ਆਫ ਐਡਵਾਂਸ ਸਿੱਖ ਸਟੱਡੀਜ, (ਤਨਖਾਹਾਂ,ਆਨਰੇਰੀਅਮ ਤੇ ਫੁਟਕਲ ਆਦਿ) | ੮੦੦੦੦੦੦ |
| ੪੪ ਮੁਰੰਮਤ ਇਮਾਰਤਾਂ(ਸਿੱਖ ਮਿਸ਼ਨਰੀ ਕਾਲਜ ਅਤੇ ਸਮੂੰਹ ਵਿਦਿਆਲੇ) | ੧੦੦੦੦੦੦ |

| | |
|---|---|
| ੪੫ ਸਿੱਖ ਮਿਸ਼ਨ ਅਮਰੀਕਾ(ਸਫਰ ਖਰਚ ਤੇ ਫੁਟਕਲ ਆਦਿ) | ੩੦੦੦੦੦੦ |
| **ਜੋੜ:-** | **੨੬੨੫੧੫੦੦੦** |

**ਪੰਜਾਬ ਪ੍ਰਚਾਰ**

| | |
|---|---|
| ੪੬ ਤਨਖਾਹ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਾਹਿਬਾਨ | ੮੦੦੦੦੦੦੦ |
| ੪੭ ਸਫਰ ਖਰਚ " " " | ੪੫੦੦੦੦੦ |
| ੪੮ ਧਰਮ ਪ੍ਰਚਾਰ ਲਹਿਰ | ੧੬੦੦੦੦੦੦੦ |
| ੪੯ ਗਾਵਹੁ ਸਚੀ ਬਾਣੀ ਪ੍ਰੋਗਰਾਮ | |
| ੫੦ ਫੁਟਕਲ ਖਰਚ | ੬੦੦੦੦ |
| **ਜੋੜ:-** | **੨੪੪੫੬੦੦੦੦** |

**ਸਿੱਖ ਮਿਸ਼ਨ ਹਰਿਆਣਾ (ਕੁਰੂਕਸ਼ੇਤਰ)**

| | |
|---|---|
| ੫੧ ਤਨਖਾਹ,ਸਫ਼ਰ ਖਰਚ ਸਟਾਫ਼ | ੬੦੦੦੦੦੦ |
| ੫੨ ਫੁਟਕਲ ਦਫ਼ਤਰ | ੮੦੦੦੦੦ |
| ੫੩ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆਂ ਅਤੇ ਗੁਰਮਤਿ,ਦਸਤਾਰ ਸਮਾਗਮ | ੩੦੦੦੦੦੦ |
| ੫੪ ਮੁਕੱਦਮੇ | ੫੦੦੦੦ |
| ੫੫ ਮੁਰੰਮਤ ਇਮਾਰਤ | ੧੦੦੦੦੦੦ |
| ੫੬ ਗੁਰਮਤਿ ਵਿਦਿਆਲਾ ਸ਼ੇਖੂਪੁਰਾ ਮੰਚੂਰੀ,ਕਰਨਾਲ ਤਨਖਾਹਾਂ ਵਜੀਫੇ ਅਤੇ ਬਿੱਲ ਆਦਿ | ੨੦੦੦੦੦੦ |
| **ਜੋੜ:-** | **੧੨੮੫੦੦੦੦** |

**ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ (ਗੁ: ਪਲਾਹ ਸਾਹਿਬ), ਪਿੰਡ ਤੇ ਡਾਕ: ਬਾਥੂ, (ਊਨਾ)**

| | |
|---|---|
| ੫੭ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਰੋਸ਼ਨੀ,ਬਿੱਲ ਅਤੇ ਫੁਟਕਲ ਆਦਿ) | ੨੦੦੦੦੦੦ |
| ੫੮ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆਂ ਅਤੇ ਗੁਰਮਤਿ,ਦਸਤਾਰ ਸਮਾਗਮ | ੫੦੦੦੦੦ |
| **ਜੋੜ:-** | **੨੫੦੦੦੦੦** |

**ਸਿੱਖ ਮਿਸ਼ਨ ਰਾਜਿਸਥਾਨ (ਬੁੱਢਾ ਜੌਹੜ)**

| | |
|---|---|
| ੫੯ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਬਿੱਲ ਅਤੇ ਫੁਟਕਲ ਆਦਿ) | ੧੩੦੦੦੦੦ |
| ੬੦ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆਂ ਅਤੇ ਗੁਰਮਤਿ,ਦਸਤਾਰ ਸਮਾਗਮ | ੫੦੦੦੦੦ |
| **ਜੋੜ:-** | **੧੮੦੦੦੦੦** |

**ਯੂ:ਪੀ: ਸਿੱਖ ਮਿਸ਼ਨ ਹਾਪੜ,ਮੱਧ ਪ੍ਰਦੇਸ਼ ਅਤੇ ਦਿੱਲੀ**

| | |
|---|---|
| ੬੧ ਤਨਖਾਹ,ਸਫ਼ਰ ਖਰਚ ਸਟਾਫ਼ | ੧੫੦੦੦੦੦੦ |
| ੬੨ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆ ਅਤੇ ਗੁਰਮਤਿ,ਦਸਤਾਰ ਸਮਾਗਮ | ੧੨੦੦੦੦੦ |
| ੬੩ ਮੁਕੱਦਮੇ | ੧੦੦੦੦੦ |

| | |
|---|---|
| ੬੪ ਮੁਰੰਮਤ ਇਮਾਰਤ ਹਾਪੜ ਮਿਸ਼ਨ ਅਤੇ ਸਬੰਧਤ ਅਦਾਰੇ | ੨੦੦੦੦੦੦ |
| ੬੫ ਟੈਕਸਿਸ ਹਾਊਸ ਤੇ ਪਾਣੀ,ਰੋਸ਼ਨੀ ਅਤੇ ਮੁਰੰਮਤ ਸਮਾਨ ਯੂ:ਪੀ: | ੧੫੦੦੦੦੦ |
| ੬੬ ਫੁੱਟਕਲ ਦਫ਼ਤਰ | ੩੦੦੦੦੦ |
| ੬੭ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਾਪੜ | ੧੨੦੦੦੦੦ |
| ੬੮ ਗੁਰਦੁਆਰਾ ਭਗਤ ਕਬੀਰ ਜੀ ਮਗਹਰ ਗੋਰਖਪੁਰ (ਯੂ:ਪੀ:) | ੧੪੦੦੦੦੦ |
| ੬੯ ਗੁਰ: ਸਾਹਿਬਾਨ ਨੱਕਾ ਕੂਆਂ,ਸੰਤ ਸਭਾ ਨਗੀਨਾ,ਬ੍ਰਿੰਦਾਬਨ,ਸਾਦੂਲਾਪੁਰ | ੬੦੦੦੦੦ |
| ੭੦ ਗੁਰਮਤਿ ਵਿਦਿਆਲਾ ਸ਼ਾਹਜਹਾਨਪੁਰ ਯੂ.ਪੀ. | ੨੦੦੦੦੦੦ |
| ੭੧ ਸੰਗੀਤ ਵਿਦਿਆਲਾ ਬਗੜੀ ਗਜਰੋਲਾ | ੨੦੦੦੦੦ |
| **ਜੋੜ:-** | **੨੫੫੦੦੦੦੦** |
| **ਸਿੱਖ ਮਿਸ਼ਨ ਮਹਾਂਰਾਸ਼ਟਰ (ਨਾਗਪੁਰ) ਮਹਾਰਾਸ਼ਟਰ** | |
| ੭੨ ਤਨਖਾਹ ਤੇ ਸਫਰ ਖਰਚ ਸਟਾਫ,ਬਿੱਲ ਫੁਟਕਲ ਆਦਿ) | ੫੦੦੦੦੦ |
| ੭੩ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆਂ ਅਤੇ ਗੁਰਮਤਿ,ਦਸਤਾਰ ਸਮਾਗਮ | ੧੦੦੦੦੦ |
| **ਜੋੜ:-** | **੬੦੦੦੦੦** |
| ਸਿੱਖ ਮਿਸ਼ਨ (ਕਲਕੱਤਾ)ਪੂਰਬੀ ਭਾਰਤ | |
| ੭੪ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼(ਬਿੱਲ ਫੁਟਕਲ ਆਦਿ) | ੮੦੦੦੦੦ |
| ੭੫ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆਂ ਅਤੇ ਗੁਰਮਤਿ,ਦਸਤਾਰ ਸਮਾਗਮ | ੨੦੦੦੦੦ |
| **ਜੋੜ:-** | **੧੦੦੦੦੦੦** |
| **ਸਿੱਖ ਮਿਸ਼ਨ ਛਤੀਸਗੜ੍ਹ ਅਤੇ ਸ੍ਰੀ ਗੁਰੂ ਨਾਨਕ ਦੇਵ ਵਿਦਿ:ਰਾਏਪੁਰ (ਛੱਤੀਸਗੜ੍ਹ)** | |
| ੭੬ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ (ਬਿੱਲ ਫੁਟਕਲ ਆਦਿ) | ੨੦੦੦੦੦੦ |
| ੭੭ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆ ਅਤੇ ਗੁਰਮਤਿ,ਦਸਤਾਰ ਸਮਾਗਮ | ੧੦੦੦੦੦੦ |
| ੭੮ ਗੁ:ਨਾਨਕ ਦੇਵ ਗੁਰਮਤਿ ਵਿਦਿਆਲਾ (ਤਨਖਾਹਾਂ ਸਫਰ ਖਰਚ ਅਤੇ ਬਿੱਲ ਆਦਿ) | ੨੦੦੦੦੦੦ |
| **ਜੋੜ:-** | **੫੦੦੦੦੦੦** |
| **ਸਿੱਖ ਮਿਸ਼ਨ ਜੰਮੂ ਕਸ਼ਮੀਰ** | |
| ੭੯ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ | ੨੨੦੦੦੦੦ |
| ੮੦ ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆ ਅਤੇ ਗੁਰਮਤਿ,ਦਸਤਾਰ ਸਮਾਗਮ | ੫੦੦੦੦੦ |
| ੮੧ ਲੰਗਰ (ਆਉ ਭਗਤ)ਅਤੇ ਫੁੱਟਕਲ ਦਫ਼ਤਰ | ੧੦੦੦੦੦ |
| **ਜੋੜ:-** | **੨੮੦੦੦੦੦** |
| ਸਿੱਖ ਮਿਸ਼ਨ ਉਤਰਾਖੰਡ ਕਾਸ਼ੀਪੁਰ ਅਤੇ ਸਿੱਖ ਮਿਸ਼ਨ ਆਧਰਾ ਪ੍ਰਦੇਸ਼ | |
| ੮੨ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ | ੫੦੦੦੦੦੦ |

| | | |
|---|---|---|
| ੮੩ | ਦੀਵਾਨ ਮੇਲੇ, ਕੈਂਪਸ,ਫਿਲਮਾਂ ਰਾਹੀਂ ਪ੍ਰਚਾਰ, ਖਰਚ ਗੱਡੀਆ ਅਤੇ ਗੁਰਮਤਿ,ਦਸਤਾਰ ਸਮਾਗਮ | ੨੦੦੦੦੦ |
| ੮੪ | ਤਨਖਾਹ, ਸਫਰ ਖਰਚ ਸਟਾਫ ਤੇ ਫੁਟਕਲ ਬਿਲ ਆਦਿ (ਆਧਰਾ ਪ੍ਰਦੇਸ਼ ਮਿਸ਼ਨ) | ੭੫੦੦੦ |
| | **ਜੋੜ:-** | **੫੨੭੫੦੦੦** |
| ੮੫ | ਸਿੱਖ ਮਿਸ਼ਨ ਨੇਪਾਲ | ੬੦੦੦੦੦ |
| | **ਵੱਡਾ ਜੋੜ** | **੫੬੫੦੦੦੦੦੦** |

**ਭਾਗ ਖਰਚ**

**ਸਹਾਇਤਾ**

| ਨੰ: | ਨਾਮ ਖਾਤਾ | ਬਜਟ ਸਾਲ ੨੦੧੮-੧੯ |
|---|---|---|
| ੧ | ਸਹਾਇਤਾ ਭੇਟਾ ਰਹਿਤ ਪਾਵਨ ਸਰੂਪ | ੧੫੦੦੦੦੦ |
| ੨ | ਸਹਾਇਤਾ ਲਾਇਬ੍ਰੇਰੀਆਂ ਲਿਟਰੇਚਰ ਆਦਿ | ੭੦੦੦੦੦੦ |
| ੩ | ਸਹਾਇਤਾ ਗੁਰਦੁਆਰਾ ਸਾਹਿਬਾਨ | ੨੦੦੦੦੦੦੦ |
| ੪ | ਸਹਾਇਤਾ ਪੰਜਾਬ ਤੋਂ ਬਾਹਰਲੇ ਸਮੂੰਹ ਗੁਰਦੁਆਰੇ ਸਾਹਿਬਾਨ | ੧੫੦੦੦੦੦੦ |
| ੫ | ਸਹਾਇਤਾ ਧਾਰਮਿਕ ਵਿਦਿਆ ਸਕੂਲਾਂ/ਕਾਲਜਾਂ ਅਤੇ ਯੂਨੀਵਰਸਿਟੀ | ੧੫੦੦੦੦੦੦ |
| ੬ | ਸਹਾਇਤਾ ਧਰਮ ਪ੍ਰਚਾਰ ਵਿਦਿਆਰਥੀ ਖੇਤਰ ਅਤੇ ਸਿੱਖ ਸ਼ਸ਼ਤਰ ਵਿਦਿਆ (ਗਤਕਾ) | ੧੦੦੦੦੦੦੦ |
| ੭ | ਸਹਾਇਤਾ ਸਿੱਖ ਵਿਦਿਆਰਥੀਆਂ ਲਈ ਕੈਂਬਰਿਜ ਸਕਾਲਰਸ਼ਿਪ ਫੰਡ | |
| ੮ | ਸਹਾਇਤਾ ਪੀੜਤ ਪਰਿਵਾਰ ਆਦਿ | ੭੦੦੦੦੦੦ |
| ੯ | ਸਹਾਇਤਾ ਸਿਕਲੀਗਰ ਤੇ ਵਣਜਾਰੇ ਸਿੱਖਾਂ | ੮੦੦੦੦੦੦ |
| ੧੦ | ਸਹਾਇਤਾ ਕੁਦਰਤੀ ਆਫਤਾਂ ਅਤੇ ਕੈਂਸਰ ਰਲੀਫ ਫੰਡ ਸ਼੍ਰੋਮਣੀ ਕਮੇਟੀ | ੬੭੦੦੦੦੦ |
| ੧੧ | ਸਹਾਇਤਾ ਯਾਦਗਾਰੀ ਪ੍ਰੋਜੈਕਟ ਤੇ ਇਤਿਹਾਸਕ ਇਮਾਰਤਾਂ | ੫੦੦੦੦੦੦ |
| ੧੨ | ਸਹਾਇਤਾ ਧਾਰਮਿਕ, ਪੰਥਕ ਤੇ ਸਮਾਜ ਸੇਵੀ ਸੰਸਥਾਵਾਂ ਅਤੇ ਪਿੰਡਾਂ ਦੇ ਗ੍ਰੰਥੀ ਸਿੰਘਾਂ ਰਾਹੀਂ ਪ੍ਰਚਾਰ | |
| ੧੩ | ਸਹਾ:੪੦੦ ਸਾਲਾ ਮੈਮੋ: ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀ:ਫਤਹਿਗੜ੍ਹ ਸਾਹਿਬ | |
| ੧੪ | ਸਹਾਇਤਾ ਗੁਰੂ ਕਾਸ਼ੀ ਕਾਲਜ ਆਫ ਸਿੱਖ ਸਟੱਡੀਜ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) | ੪੫੦੦੦੦੦ |
| ੧੫ | ਸਹਾਇਤਾ ਮੁਫਤ ਵਿਦਿਆ ਅੰਮ੍ਰਿਤਧਾਰੀ ਵਿਦਿਆਰਥੀ (ਸ਼੍ਰੋ:ਗੁ:ਪ੍ਰ:ਕਮੇਟੀ ਨੂੰ) | |
| ੧੬ | ਸਹਾਇਤਾ ਖਾਲਸਾਈ ਖੇਡਾਂ (ਹਾਕੀ)(ਸ਼੍ਰੋ:ਗੁ:ਪ੍ਰ:ਕਮੇਟੀ ਨੂੰ) | ੧੦੦੦੦੦੦੦ |
| ੧੭ | ਸਹਾਇਤਾ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਟ੍ਰਸਟ ਸ੍ਰੀ ਅੰਮ੍ਰਿਤਸਰ | |
| ੧੮ | ਸਹਾਇਤਾ ਦਿੱਲੀ ਸਿੱਖ ਗੁ:ਪ੍ਰਬੰਧਕ ਕਮੇਟੀ (ਦਿੱਲੀ) | |
| ੧੯ | ਸਹਾਇਤਾ ਬੀਬੀ ਭਾਨੀ ਕੰਨਿਆ ਨੇਤਰਹੀਣ ਵਿਦਿ: ਸੰਨ ਸਾਹਿਬ ਛੇਹਰਟਾ ਰੋਡ ਸ੍ਰੀ ਅੰਮ੍ਰਿਤਸਰ | ੩੦੦੦੦੦ |
| ੨੦ | ਸਹਾਇਤਾ ਗੋਲਡਨ ਆਫਸੈਟ ਪ੍ਰੈਸ ਸ੍ਰੀ ਅੰਮ੍ਰਿਤਸਰ | |
| ੨੧ | ਸਹਾਇਤਾ ਗਰੀਬ ਸਿੱਖਾਂ ਦੇ ਵਿਆਹ ਅਤੇ ਮੌਤ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਲਈ ਭੇਟਾ | ੨੫੦੦੦੦੦ |
| ੨੨ | ਸਹਾਇਤਾ ਡਾਕਟਰੀ ਸਹੂਲਤਾਂ ਵਾਲੀਆਂ ਵੈਨਾਂ ਅਤੇ ਦਵਾਈਆਂ ਆਦਿ | ੨੫੦੦੦੦੦ |
| | **ਜੋੜ** | **੧੧੫੦੦੦੦੦੦** |

**ਭਾਗ ਖਰਚ**

**ਪੂੰਜੀਗਤ ਖਰਚੇ**

| | | |
|---|---|---|
| ੧ | ਸਟਾਕ ਲਿਟਰੇਚਰ(ਛਪਾਈ,ਖ੍ਰੀਦ ਆਦਿ) | ੬੦੦੦੦੦੦ |
| ੨ | ਜਾਇਦਾਦ,ਇਮਾਰਤਾਂ,ਜਮੀਨ ਅਤੇ ਸਿੱਖ ਮਿਸ਼ਨ ਅਮਰੀਕਾ | ੨੦੦੦੦੦੦ |
| ੩ | ਸਮਾਨ ਦਫਤਰ | ੨੦੦੦੦੦੦ |
| ੪ | ਇਮਾਰਤ ਦਫਤਰ | ੧੫੦੦੦੦੦੦ |
| ੫ | ਨਵੀਆਂ ਫਿਲਮਾਂ ਪ੍ਰੋਜੈਕਟਰਜ਼ ਆਦਿ | ੩੦੦੦੦੦੦ |
| ੬ | ਨਵੀਆਂ ਗੱਡੀਆਂ | ੯੦੦੦੦੦੦ |
| ੭ | ਇਮਾਰਤ ਸ਼ਹੀਦ ਸਿੱਖ ਮਿ: ਕਾਲਜ ਅੰਮ੍ਰਿਤਸਰ | ੨੦੦੦੦੦੦ |
| ੮ | ਸਮਾਨ ਸਮੂਹ ਸਿੱਖ ਮਿਸ਼ਨਰੀ ਕਾਲਜ,ਗੁਰਮਤਿ ਵਿਦਿਆਲੇ ਅਤੇ ਸਿੱਖ ਮਿਸ਼ਨ | ੪੫੦੦੦੦੦ |
| ੯ | ਕਿਤਾਬਾਂ ਖੋਜ ਕੇਦਰ | ੧੦੦੦੦੦ |
| ੧੦ | ਕਿਤਾਬਾਂ ਸਮੂਹ ਸਿੱਖ ਮਿਸ਼ਨਰੀ ਕਾਲਜ,ਗੁਰਮਤਿ ਵਿਦਿਆਲੇ ਅਤੇ ਸਿੱਖ ਮਿਸ਼ਨ | ੩੦੦੦੦੦ |
| ੧੧ | ਇਮਾਰਤ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) | ੧੦੦੦੦੦੦ |
| ੧੨ | ਇਮਾਰਤ ਗੁਰਮਤਿ ਸੰਗੀਤ ਅਕੈਡਮੀ (ਸ੍ਰੀ ਅਨੰਦਪੁਰ ਸਾਹਿਬ) | ੧੦੦੦੦੦ |
| ੧੩ | ਇਮਾਰਤ ਗੁਰਮਤਿ ਸੰਗੀਤ ਵਿਦਿਆਲੇ (ਭੂਰਾ ਕੋਹਨਾ ਤੇ ਕਾਲਾਮਾਲਾ ਛਾਪਾ) | ੧੦੦੦੦੦੦ |
| ੧੪ | ਇਮਾਰਤ ਸਬ-ਆਫਿਸ ਤਲਵੰਡੀ ਸਾਬੋ ਕੀ (ਬਠਿੰਡਾ) | |
| ੧੫ | ਇਮਾਰਤ ਗੁਰਮਤਿ ਕਾਲਜ ਜੁਬਲੀ ਧਰਮਸ਼ਾਲਾ ਫਿਰੋਜਪੁਰ | ੫੦੦੦੦੦ |
| ੧੬ | ਇਮਾਰਤ ਗੁਰਮਤਿ ਕਾਲਜ ਡੇਰਾ ਬਾਬਾ ਨਾਨਕ (ਗੁਰਦਾਸਪੁਰ) | ੧੦੦੦੦੦੦ |
| ੧੭ | ਇਮਾਰਤ ਸ੍ਰੀ ਗੁਰੂ ਰਾਮਦਾਸ ਜੀ ਨਿਵਾਸ (ਹਰਿਆਣਾ) | ੧੦੦੦੦੦੦ |
| ੧੮ | ਇਮਾਰਤ ਗਿਆਨੀ ਸੋਹਣ ਸਿੰਘ ਸੀਤਲ ਢਾਡੀ ਕਾਲਜ਼,ਗੁਰੂ ਕੀ ਵਡਾਲੀ | ੨੦੦੦੦੦੦ |
| ੧੯ | ਇਮਾਰਤ ਸੰਤ ਫ਼ਤਹਿ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ,ਬੁੱਢਾ ਜੌਹੜ, (ਸ੍ਰੀ ਗੰਗਾ ਨਗਰ) | ੫੦੦੦੦੦ |
| ੨੦ | ਇਮਾਰਤ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ (ਪਟਿਆਲਾ) | ੧੫੦੦੦੦੦੦ |
| ੨੧ | ਇਮਾਰਤ ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰਾ ਮੰਚੂਰੀ, ਕਰਨਾਲ | ੨੦੦੦੦੦੦ |
| ੨੨ | ਇਮਾਰਤ ਸੰਗੀਤ ਵਿਦਿਆਲਾ ਬਗੜੀ, ਗੁ: ਸਾਹਿਬ ਜੋਯਾ ਤੇ ਸ਼ਾਹਜਹਾਂਪੁਰ | ੩੦੦੦੦੦੦ |
| ੨੩ | ਇਮਾਰਤ ਛਤੀਸਗੜ੍ਹ ਸਿੱਖ ਮਿਸ਼ਨ(ਰਾਏਪੁਰ) | ੨੦੦੦੦੦੦ |
| ੨੪ | ਇਮਾਰਤ ਗੁਰਮਤਿ ਵਿਦਿਆਲਾ ਛਤੀਸਗੜ੍ਹ ਸਿੱਖ ਮਿਸ਼ਨ(ਰਾਏਪੁਰ) | ੨੦੦੦੦੦੦ |
| ੨੫ | ਇਮਾਰਤ ਸਿੱਖ ਮਿਸ਼ਨ ਉਤਰਾਖੰਡ (ਕਾਸ਼ੀਪੁਰ) | ੨੦੦੦੦੦੦ |
| ੨੬ | ਇਮਾਰਤ ਗੁ: ਸਾਹਿਬ ਭਗਤ ਕਬੀਰ ਜੀ,ਮਗਹਰ,ਗੋਰਖਪੁਰ,ਯੂ:ਪੀ: | ੨੦੦੦੦੦੦ |
| ੨੭ | ਇਮਾਰਤ ਗੁ:ਸਾਹਿਬ,ਸਕੂਲ ਸ੍ਰੀ ਗੁਰੂ ਨਾਨਕ ਦਰਬਾਰ ਹਾਪੜ,ਦੁਕਾਨਾਂ ਅਤੇ ਫਲੈਟ ਅਲੀਗੜ੍ਹ | ੧੦੦੦੦੦੦ |
| | **ਜੋੜ (ਪੂੰਜੀਗਤ ਖਰਚੇ)** | **੮੦੦੦੦੦੦੦** |
| | **ਜੋੜ ਕੁਲ ਖਰਚ** | **੭੬੦੦੦੦੦੦੦** |
| | **ਬੱਚਤ** | |
| | **ਕੁੱਲ ਜੋੜ** | **੭੬੦੦੦੦੦੦੦** |

ਨੋਟ:-ਸਾਲ ੨੦੧੮-੧੯ ਦੇ ਬਜਟ ਵਿੱਚ ਭਾਗ ਖਰਚ ਦੇ ਸੀ:ਨੰ:੩,੪,੫,੧੦,੧੯,੩੩.੪੯,ਅਤੇ ਭਾਗ ਸਹਾਇਤਾ ਦੇ ੧੨,੧੫ ਦੇ ਖਾਤਿਆਂ ਦੇ ਜੋੜ ਨੂੰ ਬਜਟ ਦੇ ਭਾਗ ਖਰਚ ਦੇ ਸੀ:ਨੰ:੪੮ ਤੇ ਧਰਮ ਪ੍ਰਚਾਰ ਲਹਿਰ ਖਾਤੇ ਦੇ ਜੋੜ ਵਿੱਚ ਇਕੱਠਾ ਕੀਤਾ ਗਿਆ ਹੈ।

**੪੨) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੬-੧੭ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਭਾਈ ਨਗਾਈਆਂ ਜੀ ਪਬਲਿਕ ਸਕੂਲ (ਗੂਗੇ ਬੋਲਿਆ) ਆਲਮਗੀਰ ਲੁਧਿਆਣਾ | ੩੧੭੩੨੮ |
| ੨ | ਗੁਰਮਤਿ ਵਿਦਿਆਲਾ ਸ਼ਾਹਜਹਾਨਪੁਰ ਯੂ.ਪੀ. ੪੬੧੦੩ | ੩ ਸਮਾਨ ਸੰਮੂਹ |
| | ਸਿੱਖ ਮਿਸ਼ਨਰੀ ਕਾਲਜ,ਗੁਰਮਤਿ ਵਿਦਿਆਲੇ ਅਤੇ ਸਿੱਖ ਮਿਸ਼ਨ | ੫੩੦੯੦੪ |
| ੪ | ਇਮਾਰਤ ਸਬ-ਆਫਿਸ ਤਲਵੰਡੀ ਸਾਬੋ ਕੀ (ਬਠਿੰਡਾ) | ੫੬੭੮੪੧ |

**੪੩) ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦਾ ਸਪਲੀਮੈਂਟਰੀ ਬਜਟ ਸਾਲ ੨੦੧੭-੧੮ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-**

| | | |
|---|---|---|
| ੧ | ਐਡਵਰਟਾਈਜਮੈਂਟ | ੧੦੦੦੦੦੦ |
| ੨ | ਸ਼ਹੀਦ ਸਿੱਖ ਮਿ: ਕਾਲਜ ਅੰਮ੍ਰਿਤਸਰ ਤੇ ਬੁੱਢਾ ਜੌਹੜ | ੧੦੦੦੦੦੦ |
| ੩ | ਸਬ-ਆਫਿਸ ਧਰਮ ਪ੍ਰਚਾਰ ਕਮੇਟੀ (ਸ੍ਰੀ ਅਨੰਦਪੁਰ ਸਾਹਿਬ) | ੧੫੦੦੦੦੦ |
| ੪ | ਗਾਵਹੁ ਸਚੀ ਬਾਣੀ ਪ੍ਰੋਗਰਾਮ | ੧੮੦੦੦੦੦੦ |
| ੫ | ਗੁਰਦੁਆਰਾ ਭਗਤ ਕਬੀਰ ਜੀ ਮਗਹਰ ਗੋਰਖਪੁਰ (ਯੂ:ਪੀ:) | ੮੦੦੦੦੦ |
| ੬ | ਗੁਰਮਤਿ ਵਿਦਿਆਲਾ ਸ਼ਾਹਜਹਾਨਪੁਰ ਯੂ.ਪੀ. | ੩੦੦੦੦੦ |
| ੭ | ਸਹਾਇਤਾ ਧਰਮ ਪ੍ਰਚਾਰ ਵਿਦਿਆਰਥੀ ਖੇਤਰ ਅਤੇ ਸਿੱਖ ਸ਼ਸ਼ਤਰ ਵਿਦਿਆ (ਗਤਕਾ) | ੧੫੦੦੦੦੦ |
| ੮ | ਸਹਾ:੪੦੦ ਸਾਲਾ ਮੈਮੋ: ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀ:ਫਤਹਿਗੜ ਸਾਹਿਬ | ੨੦੦੦੦੦੦੦ |
| ੯ | ਸਹਾਇਤਾ ਗੋਲਡਨ ਆਫਸੈੱਟ ਪ੍ਰੈਸ ਸ੍ਰੀ ਅੰਮ੍ਰਿਤਸਰ | ੯੦੯੬੦੯੩ |

ਚੱਲਦਾ...

# ਸ਼੍ਰੋਮਣੀ ਕਮੇਟੀ ਖ਼ਬਰਨਾਮਾ

## ਆਈ.ਏ.ਐਸ., ਆਈ.ਪੀ.ਐਸ. ਤੇ ਪੀ.ਸੀ.ਐਸ. ਪਾਸ ਕਰਨ ਵਾਲੇ ਸਾਬਤ ਸੂਰਤ ਸਿੱਖਾਂ ਨੂੰ ਦਿੱਤੇ ਜਾਣਗੇ ਵਿਸ਼ੇਸ਼ ਇਨਾਮ-ਭਾਈ ਲੌਂਗੋਵਾਲ

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਇਕੱਤਰਤਾ ਦੌਰਾਨ ਲਏ ਗਏ ਅਹਿਮ ਫੈਸਲੇ

ਤਲਵੰਡੀ ਸਾਬੋ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਹੋਈ ਇਕੱਤਰਤਾ ਦੌਰਾਨ ਜਿਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਨਵੀਂ ਇਮਾਰਤ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ, ਉਥੇ ਹੀ ਵੱਖ-ਵੱਖ ਮੁਕਾਬਲਾ ਪ੍ਰੀਖਿਆਵਾਂ ਵਿੱਚ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖ ਉਮੀਦਵਾਰਾਂ ਨੂੰ ਵੀ ਵਿਸ਼ੇਸ਼ ਇਨਾਮ ਦੇਣ ਦਾ ਫੈਸਲਾ ਲਿਆ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਕਾਲਜਾਂ 'ਚ ਪੜ੍ਹਦੇ ਅੰਮ੍ਰਿਤਧਾਰੀ ਸਿੱਖ ਬੱਚਿਆਂ ਦੀਆਂ ਫੀਸਾਂ ਲਈ ਵਿਸ਼ੇਸ਼ ਛੋਟ ਦੇਣ ਸਬੰਧੀ ਵੀ ਪ੍ਰਵਾਨਗੀ ਦਿੱਤੀ ਗਈ।

ਇਕੱਤਰਤਾ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਨਵੀਂ ਇਮਾਰਤ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ੧੯੮੪ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਤਬਾਹ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਬਹੁਤ ਸਾਰਾ ਪੁਰਾਤਨ ਸਿੱਖ ਸਾਹਿਤ ਭਾਰਤੀ ਫ਼ੌਜ ਵੱਲੋਂ ਉਠਾ ਲਿਆ ਗਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਯਤਨਾ ਸਦਕਾ ਅੱਜ ਇਹ ਲਾਇਬ੍ਰੇਰੀ ਫਿਰ ਸਾਹਿਤਕ ਖ਼ਜ਼ਾਨੇ ਨਾਲ ਭਰਪੂਰ ਹੋ ਰਹੀ ਹੈ ਅਤੇ ਅਗਲੇ ਸਮੇਂ ਵਿਚ ਇਸ ਦੀ ਨਵੀਂ ਇਮਾਰਤ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਇਮਾਰਤ ਅੰਮ੍ਰਿਤਸਰ ਸਥਿਤ ਭਾਈ ਗੁਰਦਾਸ ਹਾਲ (ਟਾਊਨ ਹਾਲ) ਵਿਖੇ ਉਸਾਰੀ ਜਾਵੇਗੀ ਅਤੇ ਇਥੇ ਹੀ ਇਕ ਵਿਸ਼ਾਲ ਸਰਾਂ ਦਾ ਵੀ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਫੈਸਲਿਆਂ ਸਬੰਧੀ ਦੱਸਿਆ ਕਿ ਆਈ.ਏ.ਐਸ., ਆਈ.ਪੀ.ਐਸ. ਅਤੇ ਇਸ ਦੇ ਬਰਾਬਰ ਦੀਆਂ ਪ੍ਰੀਖਿਆਵਾਂ 'ਚ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖ ਉਮੀਦਵਾਰਾਂ ਨੂੰ ਇੱਕ-ਇੱਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ, ਜਦ ਕਿ ਪੀ.ਸੀ.ਐਸ. ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਲਈ ੭੫ ਹਜ਼ਾਰ ਰੁਪਏ ਇਨਾਮ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਖੇਤੀਬਾੜੀ ਤੇ ਸਾਇੰਸ ਆਦਿ ਦੇ ਖੇਤਰ ਵਿਚ ਖੋਜ ਕਾਰਜ ਕਰਨ ਵਾਲੇ ਸਾਬਤ ਸੂਰਤ ਸਿੱਖਾਂ ਲਈ ਵੀ ਇੱਕ-ਇੱਕ ਲੱਖ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਫੈਸਲਾ ਹੋਇਆ ਹੈ। ਭਾਈ ਲੌਂਗੋਵਾਲ ਨੇ ਅੱਗੇ ਦੱਸਿਆ ਕਿ ਭਾਰਤ ਦੇ ਸਾਰੇ ਬੋਰਡਾਂ ਵਿੱਚੋਂ ਪਹਿਲੀਆਂ ੨੦ ਪੁਜੀਸ਼ਨਾਂ 'ਤੇ ਆਉਣ ਵਾਲੇ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ਵੀ ੫੧-੫੧ ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਕਾਲਜਾਂ 'ਚ ਪੜ੍ਹਦੇ ਅੰਮ੍ਰਿਤਧਾਰੀ ਬੱਚਿਆਂ ਦੀਆਂ ਫੀਸਾਂ ਸਬੰਧੀ ਦੱਸਿਆ ਕਿ ਅੰਮ੍ਰਿਤਧਾਰੀ ਮਾਪਿਆਂ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਛੇਵੀਂ ਤੋਂ ਲੈ ਕੇ ਐਮ.ਏ. ਤੱਕ ਵਿਸ਼ੇਸ਼ ਸਾਲਾਨਾ ਸਹਾਇਤਾ ਦਿੱਤੀ ਜਾਵੇਗੀ। ਇਸ ਤਹਿਤ ਛੇਵੀਂ ਤੋਂ

ਦਸਵੀਂ ਤੱਕ ੩੫੦੦ ਰੁਪਏ, ਦਸਵੀਂ ਤੋਂ ਬਾਰ੍ਹਵੀਂ ਤੱਕ ੫ ਹਜ਼ਾਰ ਰੁਪਏ, ਗ੍ਰੈਜੂਏਸ਼ਨ ਲਈ ੮ ਹਜ਼ਾਰ ਰੁਪਏ ਅਤੇ ਐਮ.ਏ. ਦੇ ਵਿਦਿਆਰਥੀਆਂ ਲਈ ੧੦ ਹਜ਼ਾਰ ਰੁਪਏ ਸਾਲਾਨਾ ਦੇਣ ਦਾ ਫੈਸਲਾ ਹੋਇਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਆਸਟ੍ਰੇਲੀਆ ਵਿਚ ਹੋਈਆਂ ਰਾਸ਼ਟਰ ਮੰਡਲ ਖੇਡਾਂ ਦੌਰਾਨ ਐਥਲੈਟਿਕਸ ਦੇ ਡਿਸਕਸ ਥਰੋ ਮੁਕਾਬਲੇ 'ਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਨਵਜੀਤ ਕੌਰ ਨੂੰ ਸ਼੍ਰੋਮਣੀ ਕਮੇਟੀ ਵਿਸ਼ੇਸ਼ ਸਨਮਾਨ ਦੇਵੇਗੀ। ਇਸ ਤੋਂ ਇਲਾਵਾ ਤਰਨ ਤਾਰਨ ਦੇ ਪਿੰਡ ਮੁਗਲਚੱਕ ਦੀਆਂ ਇਕੋ ਪਰਿਵਾਰ ਦੀ ਤਿੰਨ ਬੱਚੀਆਂ ਰਾਜਵਿੰਦਰ ਕੌਰ, ਮਨਦੀਪ ਕੌਰ ਅਤੇ ਵੀਰਪਾਲ ਕੌਰ ਨੂੰ ਖੇਡਾਂ ਦੇ ਖੇਤਰ ਵਿਚ ਪ੍ਰਾਪਤੀਆਂ ਕਰਨ ਬਦਲੇ ਸਨਮਾਨਿਤ ਕੀਤਾ ਜਾਵੇਗਾ। ਇਸੇ ਅਨੁਸਾਰ ਸਤੰਬਰ ੨੦੧੭ ਵਿਚ ਰਾਸ਼ਟਰ ਮੰਡਲ ਖੇਡਾਂ 'ਚ ਵੇਟ ਲਿਫਟਿੰਗ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਰਮਨਦੀਪ ਕੌਰ ਨੂੰ ਵੀ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਹੋਰ ਫੈਸਲਿਆਂ ਸਬੰਧੀ ਭਾਈ ਲੌਂਗੋਵਾਲ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਰਾਣੀ ਸ੍ਰੀ ਗੁਰੂ ਰਾਮਦਾਸ ਸਰਾਂ ਦੀ ਜਗ੍ਹਾ ਨਵੀਂ ਸਰਾਂ ਬਣਾਈ ਜਾਵੇਗੀ ਅਤੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਏਅਰਪੋਰਟ ਅੰਮ੍ਰਿਤਸਰ ਸਾਹਿਬ ਤੋਂ ਸੰਗਤਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲੈ ਕੇ ਆਉਣ ਲਈ ਦੋ ਬੱਸਾਂ ਖ਼ਰੀਦੀਆਂ ਜਾਣਗੀਆਂ। ਭਾਈ ਲੌਂਗੋਵਾਲ ਨੇ ਇਕ ਹੋਰ ਫੈਸਲੇ ਸਬੰਧੀ ਜਾਣਕਾਰੀ ਦਿੱਤੀ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਰਾਗੀ ਭਾਈ ਅਮਰਜੀਤ ਸਿੰਘ ਝਾਂਸੀ ਜੋ ਪਿਛਲੇ ਦਿਨੀਂ ਕੀਰਤਨ ਕਰਦੇ ਸਮੇਂ ਹਾਰਟ ਅਟੈਕ ਨਾਲ ਚਲਾਣਾ ਕਰ ਗਏ ਸਨ, ਦੀ ਪਤਨੀ ਨੂੰ ੫ ਹਜ਼ਾਰ ਰੁਪਏ ਮਹੀਨਾ ੫ ਸਾਲ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਦਿੱਤੇ ਜਾਣਗੇ। ਇਸ ਤੋਂ ਇਲਾਵਾ ਭਾਈ ਝਾਂਸੀ ਦੀ ਬੇਟੀ ਨੂੰ ਯੋਗਤਾ ਅਨੁਸਾਰ ਨੌਕਰੀ ਵੀ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਭਾਈ ਝਾਂਸੀ ਦੇ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ੧ ਲੱਖ ੨੫ ਹਜ਼ਾਰ ਰੁਪਏ ਦੀ ਸਹਾਇਤਾ ਵੀ ਦਿੱਤੀ ਜਾ ਚੁੱਕੀ ਹੈ। ਇਰਾਕ ਵਿਚ ਮਾਰੇ ਗਏ ੩੯ ਭਾਰਤੀਆਂ ਅਤੇ ਕਠੂਆ ਵਿਖੇ ਹੈਵਾਨੀ ਦਰਿੰਦਿਆਂ ਵੱਲੋਂ ਮਾਸੂਮ ਬੱਚੀ ਨਾਲ ਬਦਚਲਨੀ ਤੋਂ ਬਾਅਦ ਮਾਰਨ ਦੀ ਘਟਨਾ ਸਬੰਧੀ ਸ਼ੋਕ ਮਤੇ ਪਾਸ ਕੀਤੇ ਗਏ ਅਤੇ ਮ੍ਰਿਤਕਾਂ ਨਮਿਤ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਹਰਪਾਲ ਸਿੰਘ ਜੱਲਾ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਅੰਤ੍ਰਿੰਗ ਮੈਂਬਰਾਨ ਸ. ਭਗਵੰਤ ਸਿੰਘ ਸਿਆਲਕਾ, ਸ. ਲਖਬੀਰ ਸਿੰਘ ਅਰਾਈਆਂਵਾਲਾ, ਸ. ਗੁਰਤੇਜ ਸਿੰਘ ਢੱਡੇ, ਸ. ਨਵਤੇਜ ਸਿੰਘ ਕਾਉਣੀ, ਸ. ਹਰਦੇਵ ਸਿੰਘ ਰੋਗਲਾ, ਸ. ਸੱਜਣ ਸਿੰਘ ਬੱਜੂਮਾਨ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਬੀਬੀ ਗੁਰਪ੍ਰੀਤ ਕੌਰ, ਸ. ਰਵਿੰਦਰ ਸਿੰਘ ਚੱਕ ਤੇ ਸ. ਅਮਰੀਕ ਸਿੰਘ ਸ਼ਾਹਪੁਰ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ ਬਾਠ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਸ. ਜਗਜੀਤ ਸਿੰਘ ਜੱਗੀ, ਵਧੀਕ ਸਕੱਤਰ ਸ. ਕੇਵਲ ਸਿੰਘ ਭੂਰਾਕੋਹਨਾ, ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਬਿਜੈ ਸਿੰਘ, ਸ. ਦਰਸ਼ਨ ਸਿੰਘ ਪੀ.ਏ., ਸ. ਸੁਖਮਿੰਦਰ ਸਿੰਘ ਐਕਸੀਅਨ, ਸ. ਕਰਨ ਸਿੰਘ ਮੈਨੇਜਰ ਤਖ਼ਤ ਸ੍ਰੀ ਦਮਦਮਾ ਸਾਹਿਬ ਸਮੇਤ ਹੋਰ ਹਾਜ਼ਰ ਸਨ।੨੦ ਅਪ੍ਰੈਲ

## ਸਰਹੱਦੀ ਖੇਤਰ ਦੇ ਸੈਂਕੜੇ ਗ੍ਰੰਥੀ ਅਤੇ ਪਾਠੀ ਸਿੰਘਾਂ ਵੱਲੋਂ ਗੁਰਸਿੱਖੀ ਧਾਰਨ ਕਰਕੇ ਸਿੰਘ ਸੱਜਣਾ ਇਤਿਹਾਸ ਦਾ ਸੁਨਹਿਰੀ ਪੰਨਾ- ਭਾਈ ਲੌਂਗੋਵਾਲ

### ਭਾਈ ਲੌਂਗੋਵਾਲ ਨੇ ਫੈਡਰੇਸ਼ਨ ਗਰੇਵਾਲ ਦੇ ਉਪਰਾਲੇ ਦੀ ਕੀਤੀ ਸ਼ਲਾਘਾ

ਫਾਜ਼ਿਲਕਾ, – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਰਤ ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ 'ਤੇ ਵਸੇ ਪਿੰਡ ਮੋਹਾਰ ਸੋਨਾ ਵਿਖੇ ਕਰਵਾਏ ਗਏ ਸਨਮਾਨ ਤੇ ਗੁਰਮਤਿ

ਸਮਾਗਮ ਸਮੇਂ ਸ਼ਮੂਲੀਅਤ ਕੀਤੀ। ਫੈਡਰੇਸ਼ਨ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਜਥੇਦਾਰ ਸੂਬਾ ਸਿੰਘ ਡੱਬਵਾਲਾ ਦੇ ਉਪਰਾਲੇ ਨਾਲ ਕਰਵਾਏ ਗਏ ਇਸ ਸਮਾਗਮ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਸਰਹੱਦੀ ਇਲਾਕੇ ਦੇ ਲੋਕ ਜੋ ਸਮੇਂ-ਸਮੇਂ ਔਖੀਆਂ ਘਾਟੀਆਂ 'ਚੋਂ ਲੰਘਦੇ ਤੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ, ਵੱਲੋਂ ਸਿੱਖੀ ਪ੍ਰਤੀ ਦਿਖਾਏ ਗਏ ਪਿਆਰ ਤੇ ਕੀਤੇ ਗਏ ਸਤਿਕਾਰ ਦਾ ਪ੍ਰਗਟਾਵਾ ਮੇਰੀ ਜ਼ਿੰਦਗੀ ਦੀ ਇਤਿਹਾਸਕ ਘੜੀ ਹੋ ਨਿਬੜੀ ਹੈ। ਉਨ੍ਹਾਂ ਕਿਹਾ ਕਿ ਭਾਈ ਗਰੇਵਾਲ ਦੇ ਵਿਸ਼ੇਸ਼ ਯਤਨਾਂ ਨਾਲ ਸਰਹੱਦੀ ਪੱਟੀ ਦੇ ਪਿੰਡਾਂ ਵਿਚ ਗੁਰਮਤਿ ਰਹਿਣੀ ਤੋਂ ਦੂਰ ਸੈਂਕੜੇ ਗ੍ਰੰਥੀ ਅਤੇ ਪਾਠੀ ਸਿੰਘਾਂ ਵੱਲੋਂ ਗੁਰਸਿੱਖੀ ਧਾਰਨ ਕਰਕੇ ਸਿੰਘ ਸੱਜਣਾ ਇਤਿਹਾਸ ਦਾ ਸੁਨਹਿਰੀ ਪੰਨਾ ਹੈ। ਉਨ੍ਹਾਂ ਕਿਹਾ ਕਿ ਅੱਜ ਧਰਮ ਪ੍ਰਚਾਰ ਲਈ ਰਵਾਇਤੀ ਢੰਗ ਤਰੀਕਿਆਂ ਦੀ ਥਾਂ ਸੰਗਤਾਂ ਨਾਲ ਸਿੱਧਾ ਰਾਬਤਾ ਬਣਾ ਕੇ ਸੰਵਾਦ ਵਿਧੀ ਅਪਨਾਉਣ ਦੀ ਬੇਹੱਦ ਜ਼ਰੂਰਤ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਇਸ ਸਰਹੱਦੀ ਖੇਤਰ ਵਿਚ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਵੱਧ ਤੋਂ ਵੱਧ ਪ੍ਰਚਾਰਕ ਜਥੇ ਭੇਜੇ ਜਾਣਗੇ ਅਤੇ ਧਾਰਮਿਕ ਸਾਹਿਤ ਵੀ ਵੱਡੀ ਪੱਧਰ 'ਤੇ ਵੰਡਿਆ ਜਾਵੇਗਾ। ਉਨ੍ਹਾਂ ਇਲਾਕੇ ਦੇ ਮੋਹਤਬਰਾਂ ਵੱਲੋਂ ਕੀਤੀ ਮੰਗ 'ਤੇ ਕਿਹਾ ਕਿ ਜਲਾਲਾਬਾਦ ਵਿਖੇ ਸਥਿਤ ਸ਼੍ਰੋਮਣੀ ਕਮੇਟੀ ਦੇ ਫਾਰਮ ਹਾਊਸ ਵਿਖੇ ਧਰਮ ਪ੍ਰਚਾਰ ਕੇਂਦਰ ਬਣਾਉਣ ਲਈ ਵਿਚਾਰ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਸਰਹੱਦੀ ਇਲਾਕੇ ਦੇ ਗ੍ਰੰਥੀਆਂ ਤੇ ਪਾਠੀ ਸਿੰਘਾਂ ਦੀ ਸਥਿਤੀ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਇਸ ਖੇਤਰ ਅੰਦਰ ਵੱਡੀ ਗਿਣਤੀ ਵਿਚ ਗੁਰੂ ਘਰਾਂ ਦੀ ਸੇਵਾ ਨਿਭਾਅ ਰਹੇ ਸੇਵਾਦਾਰ ਖ਼ਾਲਸਈ ਸਰੂਪ ਤੋਂ ਟੁੱਟੇ ਹੋਏ ਸਨ ਅਤੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਮੁਹਿੰਮ ਤਹਿਤ ਕੀਤੀ ਗਈ ਪ੍ਰੇਰਣਾ ਨਾਲ ਇਹ ਅੱਜ ਸਿੱਖੀ ਦੀ ਮੁਖ ਧਾਰਾ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਇਹ ਸਿੱਖੀ ਸਰੂਪ ਤੋਂ ਤਾਂ ਦੂਰ ਸਨ ਪਰ ਇਨ੍ਹਾਂ ਅੰਦਰ ਸਿੱਖੀ ਪ੍ਰਤੀ ਪਿਆਰ ਤੇ ਸਤਿਕਾਰ ਦੀ ਭਾਵਨਾ ਬਰਕਰਾਰ ਸੀ। ਇਸੇ ਦੌਰਾਨ ਗ੍ਰੰਥੀਆਂ ਵੱਲੋਂ ਵਿਖਾਏ ਗਏ ਪਿਆਰ ਦਾ ਜ਼ਿਕਰ ਕਰਦਿਆਂ ਭਾਈ ਗਰੇਵਾਲ ਭਾਵੁਕ ਵੀ ਹੋ ਗਏ। ਉਨ੍ਹਾਂ ਕਿਹਾ ਕਿ ਇਸ ਪਛੜੇ ਤੇ ਸਰਹੱਦੀ ਇਲਾਕੇ ਅੰਦਰ ਧਰਮ ਪ੍ਰਚਾਰ ਦੇ ਕਾਰਜ ਨਿਰੰਤਰ ਜਾਰੀ ਰਹਿਣਗੇ ਅਤੇ ਸਮੇਂ-ਸਮੇਂ 'ਤੇ ਅਜਿਹੇ ਸਮਾਗਮ ਕਰਕੇ ਗੁਰਸਿੱਖੀ ਸਰੂਪ ਵਿਚ ਆਉਣ ਵਾਲੀਆਂ ਸੰਗਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਰਹੇਗਾ। ਸਮਾਗਮ ਦੌਰਾਨ ਜਥੇਦਾਰ ਚਰਨ ਸਿੰਘ ਅਤੇ ਸਿੱਖੀ ਸਰੂਪ ਵੱਲ ਪਰਤੇ ਗ੍ਰੰਥੀਆਂ ਵਿੱਚੋਂ ਭਾਈ ਸ਼ਾਮ ਲਾਲ ਤੋਂ ਸ਼ਾਮ ਸਿੰਘ ਬਣੇ ਗ੍ਰੰਥੀ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਮੌਕੇ ੧੨੫ ਦੇ ਕਰੀਬ ਗ੍ਰੰਥੀ ਤੇ ਪਾਠੀ ਸਿੰਘਾਂ ਜਿਨ੍ਹਾਂ ਨੇ ਸਿੱਖੀ ਸਰੂਪ ਧਾਰਨ ਕੀਤਾ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਭਾਈ ਗੁਰਚਰਨ ਸਿੰਘ ਗਰੇਵਾਲ, ਜਥੇਦਾਰ ਸੂਬਾ ਸਿੰਘ ਸਮੇਤ ਹੋਰਾਂ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਅਤੇ ਸਨਮਾਨ ਚਿਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੂੰ ਹਲਕਾ ਮੈਂਬਰ ਜਥੇਦਾਰ ਸੂਬਾ ਸਿੰਘ ਅਤੇ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਸਨਮਾਨਿਤ ਕੀਤਾ ਗਿਆ, ਜਦ ਕਿ ਇਲਾਕੇ ਅੰਦਰ ਨਿਭਾਈਆਂ ਪ੍ਰਚਾਰ ਸੇਵਾਵਾਂ ਬਦਲੇ ਪ੍ਰਚਾਰਕ ਭਾਈ ਜਸਵਿੰਦਰਪਾਲ ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਨਮਾਨਿਤ ਕੀਤਾ।

ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਜੀਤ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਭਾਈ ਜਗਬੀਰ ਸਿੰਘ ਕਥਾਵਾਚਕ ਨੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜਿਆ। ਸਟੇਜ ਦੀ ਸੇਵਾ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਭਾਈ ਦਿਲਬਾਗ ਸਿੰਘ ਵਿਰਕ ਨੇ ਨਿਭਾਈ ਅਤੇ ਪਹੁੰਚੀਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਦਾ ਵੀ ਧੰਨਵਾਦ ਕੀਤਾ। ਇਸੇ ਦੌਰਾਨ ਨੌਜੁਆਨਾਂ ਤੇ ਬੱਚਿਆਂ ਦੇ ਸੁੰਦਰ ਦਸਤਾਰ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ 'ਚ ਅਵੱਲ

ਆਉਣ ਵਾਲੇ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੈਡਲ ਦੇ ਕੇ ਨਿਵਾਜਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਉਦੈ ਸਿੰਘ ਲੌਂਗੋਵਾਲ, ਜਥੇਦਾਰ ਸੂਬਾ ਸਿੰਘ ਡੱਬਵਾਲਾ, ਜਥੇਦਾਰ ਚਰਨ ਸਿੰਘ ਚੇਅਰਮੈਨ, ਸ. ਦਿਲਬਾਗ ਸਿੰਘ ਵਿਰਕ ਜਨਰਲ ਸਕੱਤਰ ਫੈਡਰੇਸ਼ਨ, ਸ. ਕੇਵਲ ਸਿੰਘ ਭੂਰਾਕੋਹਨਾ ਵਧੀਕ ਸਕੱਤਰ ਸ਼੍ਰੋਮਣੀ ਕਮੇਟੀ, ਸ. ਦਰਸ਼ਨ ਸਿੰਘ ਨਿੱਜੀ ਸਹਾਇਕ, ਸ. ਬਲਦੇਵ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ, ਸ. ਗੁਰਕੀਰਤਨ ਸਿੰਘ ਜ਼ਿਲ੍ਹਾ ਪ੍ਰਧਾਨ ਫਾਜ਼ਿਲਕਾ, ਸ. ਪ੍ਰਮਿੰਦਰ ਸਿੰਘ ਰੋੜਾਂਵਾਲੀ ਜ਼ਿਲ੍ਹਾ ਪ੍ਰਧਾਨ ਮੁਕਤਸਰ ਸਾਹਿਬ, ਸ. ਹਰਜਿੰਦਰ ਸਿੰਘ ਤੜੋਪੜੀ, ਸ. ਜਗਸੀਰ ਸਿੰਘ ਲੱਦੂਵਾਲਾ, ਸ. ਸਤਵੰਤ ਸਿੰਘ ਮੁਰਕਵਾਲਾ, ਸ. ਹਰਪ੍ਰੀਤ ਸਿੰਘ ਚੱਕਪੱਕੀ, ਭਾਈ ਪਰਮਜੀਤ ਸਿੰਘ ਪ੍ਰਧਾਨ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।੦੯ ਅਪ੍ਰੈਲ

## ਖਾਲਸਾ ਸਾਜਨਾ ਦਿਵਸ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਪਾਕਿਸਤਾਨ ਲਈ ਜਥਾ ਰਵਾਨਾ

ਅੰਮ੍ਰਿਤਸਰ, -ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਵਿਖੇ ਖ਼ਾਲਸਾ ਸਾਜਣਾ ਦਿਵਸ (ਵੈਸਾਖੀ) ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸਈ ਜੈਕਾਰਿਆਂ ਦੀ ਗੂੰਜ ਵਿਚ ਜਥਾ ਰਵਾਨਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਗੁਰਮੀਤ ਸਿੰਘ ਬੂਹ ਦੀ ਅਗਵਾਈ ਵਿਚ ਸ਼ਰਧਾਲੂਆਂ ਦੇ ਇਸ ਜਥੇ ਨੂੰ ਸ਼੍ਰੋਮਣੀ ਕਮੇਟੀ ਦੇ ਮੁਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਰਵਾਨਾ ਕੀਤਾ। ਰਵਾਨਗੀ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਸਕੱਤਰ ਸ. ਮਨਜੀਤ ਸਿੰਘ ਬਾਠ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਜਗਜੀਤ ਸਿੰਘ ਜੱਗੀ ਨਿੱਜੀ ਸਕੱਤਰ ਨੇ ਜਥੇ ਦੇ ਲੀਡਰ ਸ. ਗੁਰਮੀਤ ਸਿੰਘ ਬੂਹ ਅਤੇ ਜਨਰਲ ਪ੍ਰਬੰਧਕ ਵਜੋਂ ਸ. ਕਰਨਜੀਤ ਸਿੰਘ ਇੰਚਾਰਜ ਯਾਤਰਾ ਵਿਭਾਗ ਨੂੰ ਸਿਰੋਪਾਓ ਦਿੱਤੇ।

ਇਸ ਮੌਕੇ ਗੱਲਬਾਤ ਕਰਦਿਆਂ ਜਥੇ ਦੇ ਲੀਡਰ ਸ. ਗੁਰਮੀਤ ਸਿੰਘ ਬੂਹ ਨੇ ਕਿਹਾ ਕਿ ਪਾਕਿਸਤਾਨ ਵਿਖੇ ਸਿੱਖਾਂ ਦੇ ਇਤਿਹਾਸਕ ਤੇ ਧਾਰਮਿਕ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ ਅਤੇ ਹਰ ਸਿੱਖ ਰੋਜ਼ਾਨਾ ਅਰਦਾਸ ਵਿਚ ਉਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰਨ ਨੂੰ ਲੋਚਾ ਕਰਦਾ ਹੈ। ਸ. ਬੂਹ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਉਨ੍ਹਾਂ ਨੂੰ ਜਥੇ ਦੀ ਅਗਵਾਈ ਸੌਂਪੀ ਗਈ ਹੈ ਜਿਸ ਲਈ ਉਹ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨਾਲ ਵਿਚਾਰ-ਵਟਾਂਦਰਾਂ ਕੀਤਾ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਨੇ ਦੱਸਿਆ ਕਿ ਖ਼ਾਲਸਾ ਦਾ ਸਾਜਣਾ ਦਿਵਸ ਵੈਸਾਖੀ ਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰ ਸਰਕਾਰ ਤੇ ਪਾਕਿਸਤਾਨ ਅੰਬੈਸੀ ਨੂੰ ੭੫੮ ਪਾਸਪੋਰਟ ਭੇਜੇ ਗਏ ਸਨ, ਜਿਨ੍ਹਾਂ ਵਿਚੋਂ ੭੧੭ ਸ਼ਰਧਾਲੂਆਂ ਨੂੰ ਵੀਜ਼ੇ ਮਿਲੇ ਹਨ ਜਦ ਕਿ ੪੧ ਸ਼ਰਧਾਲੂਆਂ ਨੂੰ ਵੀਜ਼ੇ ਨਹੀਂ ਦਿੱਤੇ ਗਏ। ਉਨ੍ਹਾਂ ਕਿਹਾ ਕਿ ਵੀਜ਼ੇ ਨਾ ਮਿਲਣ 'ਤੇ ਸੰਗਤਾਂ ਦੀਆਂ ਭਾਵਨਾਵਾਂ ਟੁੱਟਦੀਆਂ ਹਨ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਇਆ ਕਰਨ ਤਾਂ ਜੋ ਉਹ ਆਪਣੇ ਵਿਛੜੇ ਗੁਰਧਾਮਾਂ ਦੇ ਦਰਸ਼ਨ ਕਰ ਸਕਣ। ਉਨ੍ਹਾਂ ਦੱਸਿਆ ਕਿ ਜਥੇ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ੨ ਹਜ਼ੂਰੀ ਜਥਿਆਂ ਤੋਂ ਇਲਾਵਾ ਪੰਜ ਪਿਆਰੇ ਸਾਹਿਬਾਨ ਵੀ ਸ਼ਾਮਲ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਥੇ ਹੋਣ ਵਾਲੇ ਅੰਮ੍ਰਿਤ ਸੰਚਾਰ ਸਮਾਗਮ ਲਈ ਕਕਾਰ ਵੀ ਭੇਜੇ ਗਏ ਹਨ। ਇਸ ਤੋਂ ਇਲਾਵਾ ਨਿਸ਼ਾਨ ਸਾਹਿਬ ਲਈ ਚੋਲੇ, ਪਾਵਨ ਗੁਟਕਾ ਸਾਹਿਬ ਅਤੇ ਵੱਡੀ ਗਿਣਤੀ ਵਿਚ ਹੋਰ ਧਾਰਮਿਕ ਸਾਹਿਤ ਵੀ ਪਾਕਿਸਤਾਨ ਭੇਜਿਆ ਗਿਆ ਹੈ ।

ਸ. ਮਨਜੀਤ ਸਿੰਘ ਨੇ ਜਥੇ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਕਿ ੧੪ ਅਪ੍ਰੈਲ ਨੂੰ ਸ਼ਰਧਾਲੂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਸਬੰਧੀ ਹੋਣ ਵਾਲੇ ਸਮਾਗਮਾਂ ਵਿਚ ਹਿੱਸਾ ਲੈਣਗੇ ਅਤੇ ਇਸ ਤੋਂ ਇਲਾਵਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ੍ਰੀ ਸੱਚਾ ਸੌਦਾ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਅਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਵੀ ਦਰਸ਼ਨ ਕਰੇਗਾ। ਉਨ੍ਹਾਂ ਦੱਸਿਆ ਕਿ ੨੧ ਅਪ੍ਰੈਲ ਨੂੰ ਜਥਾ ਅਟਾਰੀ ਸਰਹੱਦ ਰਾਹੀਂ ਵਾਪਸ ਦੇਸ਼ ਪਰਤੇਗਾ।

ਜਥਾ ਰਵਾਨਾ ਕਰਨ ਸਮੇਂ ਸਕੱਤਰ ਸ. ਮਨਜੀਤ ਸਿੰਘ ਬਾਠ ਤੋਂ ਇਲਾਵਾ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਜਗਜੀਤ ਸਿੰਘ ਜੱਗੀ ਨਿੱਜੀ ਸਕੱਤਰ, ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਕੱਤਰ ਸਿੰਘ, ਸ. ਕਰਮਬੀਰ ਸਿੰਘ ਕਿਆਮਪੁਰ, ਸ. ਨਿਸ਼ਾਨ ਸਿੰਘ, ਸ. ਸਤਨਾਮ ਸਿੰਘ ਸੁਪ੍ਰਿੰਟੈਂਡੈਂਟ, ਸ. ਮਲਕੀਤ ਸਿੰਘ ਬਹਿੜਵਾਲ ਸਹਾਇਕ ਸੁਪ੍ਰਿੰਟੈਂਡੈਂਟ ਸਮੇਤ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦਾ ਸਟਾਫ਼ ਅਤੇ ਜਥੇ ਵਿਚ ਜਾਣ ਵਾਲੇ ਯਾਤਰੂ ਮੌਜੂਦ ਸਨ। ੧੨ ਅਪ੍ਰੈਲ

## ਖ਼ਾਲਸੇ ਨੇ ਚੁਣੌਤੀਆਂ ਭਰੇ ਸਮੇਂ ਵਿੱਚ ਵੀ ਹਮੇਸ਼ਾ ਚੜ੍ਹਦੀ ਕਲਾ ਨਾਲ ਜੀਵਨ ਜੀਵਿਆ -ਭਾਈ ਲੌਂਗੋਵਾਲ

### ਖਾਲਸਾ ਸਾਜਨਾ ਦਿਵਸ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਲੱਖਾਂ ਸੰਗਤਾਂ ਨੇ ਭਰੀ ਹਾਜ਼ਰੀ

ਤਲਵੰਡੀ ਸਾਬੋ (ਬਠਿੰਡਾ),- ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਹਰ ਸਾਲ ਦੀ ਤਰ੍ਹਾਂ ਲੱਖਾਂ ਦੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰ ਕੇ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ। ਖ਼ਾਲਸਾ ਪੰਥ ਦੇ ਇਸ ਇਤਿਹਾਸਕ ਅਸਥਾਨ ਵਿਖੇ ਸੰਗਤ ਦਾ ਠਾਠਾਂ ਮਾਰਦਾ ਇਕੱਠ ਖਾਲਸਈ ਜਾਹੋ-ਜਲਾਲ ਦਾ ਪ੍ਰਗਟਾਵਾ ਕਰ ਰਿਹਾ ਸੀ। ਬੀਤੇ ਦੋ ਦਿਨਾਂ ਤੋਂ ਤਖਤ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਏ ਗਏ ਧਾਰਮਿਕ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਅਤੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਇਸੇ ਦੌਰਾਨ ਅੱਜ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੀ ਨਤਮਸਤਕ ਹੋਏ ਅਤੇ ਉਨ੍ਹਾਂ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਉ ਦਿੱਤੇ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਦਸਮ ਪਾਤਿਸ਼ਾਹ ਜੀ ਨੇ ੧੬੯੯ ਦੀ ਵੈਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦੱਬੇ-ਕੁਚਲੇ ਲੋਕਾਂ ਨੂੰ ਅਣਖ ਨਾਲ ਜਿਊਣ ਦਾ ਰਾਹ ਦਿਖਾਇਆ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਦੁਨੀਆਂ ਤੋਂ ਨਿਆਰਾ ਹੈ, ਜਿਸ ਅੰਦਰ ਗੁਰੂ ਸਾਹਿਬ ਨੇ ਦਇਆ, ਹਿੰਮਤ, ਦ੍ਰਿੜ੍ਹਤਾ, ਸਾਹਿਬੀ ਸਰਦਾਰੀ ਜਿਹੇ ਗੁਣ ਪ੍ਰਗਟ ਕੀਤੇ। ਉਨ੍ਹਾਂ ਸੰਗਤਾਂ ਨੂੰ ਸੁਨੇਹਾ ਦਿੱਤਾ ਕਿ ਖ਼ਾਲਸਾ ਸਾਜਨਾ ਦਿਵਸ ਮੌਕੇ ਗੁਰੂ ਸਾਹਿਬ ਵੱਲੋਂ ਸਾਜੇ ਗਏ ਖ਼ਾਲਸੇ ਦੀ ਮੂਲ ਭਾਵਨਾ ਅਨੁਸਾਰ ਬਾਣੀ ਅਤੇ ਬਾਣੇ ਨਾਲ ਜੁੜੀਏ। ਉਨ੍ਹਾਂ ਨਸ਼ਿਆਂ ਦਾ ਤਿਆਗ, ਕੇਸਾਂ ਦਾ ਸਤਿਕਾਰ ਕਰਨ ਦੀ ਪ੍ਰੇਰਣਾ ਕਰਦਿਆਂ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਵੀ ਅਪੀਲ ਕੀਤੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਖਾਲਸੇ ਦੀ ਸਾਜਣਾ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਇਕ ਕ੍ਰਾਂਤੀਕਾਰੀ ਕਦਮ ਸੀ, ਜਿਸ ਨਾਲ ਜ਼ੁਲਮ ਦੀ ਲਤਾੜੀ ਹੋਈ ਮਨੁੱਖਤਾ ਨੂੰ ਨਵਾਂ

ਜੀਵਨ ਰਾਹ ਮਿਲਿਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਸਾਜੇ ਗਏ ਪੰਥ ਖ਼ਾਲਸੇ ਨੇ ਚੁਣੌਤੀਆਂ ਭਰੇ ਸਮੇ ਵਿਚ ਵੀ ਚੜ੍ਹਦੀ ਕਲਾ ਨਾਲ ਜੀਵਨ ਜੀਵਿਆ, ਜਿਸ ਤੋਂ ਅਜੋਕੀ ਨੌਜੁਆਨ ਪੀੜ੍ਹੀ ਨੂੰ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਸਮੁੱਚੇ ਖਾਲਸਾ ਪੰਥ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਖਾਲਸਾ ਸਾਜਣਾ ਦਿਵਸ ਦੀ ਵਧਾਈ ਦਿੰਦਿਆਂ ਦਸਵੇਂ ਪਾਤਸ਼ਾਹ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਸੁਚੱਜੀ ਜੀਵਨ-ਜਾਚ ਦੇ ਪਾਂਧੀ ਬਣਨ ਲਈ ਪ੍ਰੇਰਨਾ ਕੀਤੀ।

ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੂੰ ਦਰਪੇਸ਼ ਵਰਤਮਾਨ ਚੁਣੌਤੀਆਂ ਦੇ ਹੱਲ ਲਈ ਖ਼ਾਲਸਾ ਪੰਥ ਨੂੰ ਇਕਜੁਟ ਹੋਣਾ ਪਵੇਗਾ। ਉਨ੍ਹਾਂ ਅਪੀਲ ਕੀਤੀ ਕਿ ਨਿੱਜੀ ਮਤਭੇਦ ਭੁਲਾ ਕੇ ਕੌਮ ਦੀ ਚੜ੍ਹਦੀ ਕਲਾ ਲਈ ਕਾਰਜ ਕੀਤੇ ਜਾਣ। ਗਿਆਨੀ ਹਰਪ੍ਰੀਤ ਸਿੰਘ ਨੇ ਖ਼ਾਲਸਾ ਸਾਜਣਾ ਦਿਵਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪਹੁੰਚੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਲੱਖਾਂ ਦੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ।

ਇਸੇ ਦੌਰਾਨ ਤਖ਼ਤ ਸਾਹਿਬ ਵਿਖੇ ਭਾਰੀ ਅੰਮ੍ਰਿਤ ਸੰਚਾਰ ਵੀ ਹੋਇਆ। ਇਸ ਤੋਂ ਇਲਾਵਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਕਰਵਾਏ ਗਏ ਗਤਕਾ ਪ੍ਰਦਰਸ਼ਨੀ ਮੁਕਾਬਲੇ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਗੁਰਤੇਜ ਸਿੰਘ ਢੱਡੇ, ਸ. ਲਖਬੀਰ ਸਿੰਘ ਅਰਾਈਆਂਵਾਲਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਅਮਰੀਕ ਸਿੰਘ ਕੋਟਸ਼ਮੀਰ, ਜਥੇਦਾਰ ਅਵਤਾਰ ਸਿੰਘ ਵਣਵਾਲਾ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਮਨਜੀਤ ਸਿੰਘ ਬੱਪੀਆਣਾ, ਸ. ਦਰਸ਼ਨ ਸਿੰਘ ਕੋਟਫੱਤਾ, ਜਥੇਦਾਰ ਗੁਰਲਾਲ ਸਿੰਘ, ਸ. ਹਰਤੇਜ ਸਿੰਘ ਭੁੱਲਰ, ਬੀਬੀ ਜੋਗਿੰਦਰ ਕੌਰ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਕੇਵਲ ਸਿੰਘ ਗਿੱਲ, ਸ. ਹਰਜੀਤ ਸਿੰਘ ਲਾਲੂਘੁੰਮਣ ਮੀਤ ਸਕੱਤਰ, ਸ. ਦਰਸ਼ਨ ਸਿੰਘ ਨਿੱਜੀ ਸਹਾਇਕ, ਸ. ਕਰਨ ਸਿੰਘ ਮੈਨੇਜਰ ਤਖ਼ਤ ਸ੍ਰੀ ਦਮਦਮਾ ਸਾਹਿਬ ਆਦਿ ਮੌਜੂਦ ਸਨ।੧੪ ਅਪ੍ਰੈਲ

## ਗੁਰਦੁਆਰਾ ਮੰਜੀ ਸਾਹਿਬ ਵਿੱਖੇ ਅਖੰਡ ਕੀਰਤਨੀ ਜਥੇ ਦੇ ਸਮਾਗਮ 'ਚ ਭਾਈ ਲੌਂਗੋਵਾਲ ਨੇ ਕੀਤਾ ਗੁਰਬਾਣੀ ਕੀਰਤਨ

### ੧੯੭੮ ਦੇ ਸ਼ਹੀਦਾਂ ਸਬੰਧੀ ਲਗਾਈ ਪ੍ਰਦਰਸ਼ਨੀ ਰਹੀ ਖਿੱਚ ਦਾ ਕੇਂਦਰ

ਅੰਮ੍ਰਿਤਸਰ, - ਖ਼ਾਲਸਾ ਸਾਜਨਾ ਦਿਵਸ ਮੌਕੇ ਅਖੰਡ ਕੀਰਤਨੀ ਜਥੇ ਦੇ ਪੰਜ ਦਿਨਾਂ ਕੇਂਦਰੀ ਅਖੰਡ ਕੀਰਤਨ ਸਮਾਗਮ ਦੇ ਆਖਰੀ ਦਿਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਕਰਵਾਏ ਗਏ ਰੈਣ ਸਬਾਈ ਕੀਰਤਨ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਰਤਨ ਦੀ ਹਾਜ਼ਰੀ ਭਰੀ। ਇਸ ਮੌਕੇ ਅਖੰਡ ਕੀਰਤਨੀ ਜਥੇ ਦੇ ਭਾਈ ਅਵਤਾਰ ਸਿੰਘ ਮੱਲ੍ਹੀਆਂ ਵਾਲਿਆਂ ਨੇ ਭਾਈ ਲੌਂਗੋਵਾਲ ਦਾ ਸਮਾਗਮ ਵਿਚ ਪਹੁੰਚਣ 'ਤੇ ਸਿਰੋਪਾ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀਆਂ ਧਾਰਮਿਕ ਪੁਸਤਕਾਂ ਦਾ ਸੈਟ ਦੇ ਕੇ ਸਨਮਾਨ ਵੀ ਕੀਤਾ। ਦੱਸਣਯੋਗ ਹੈ ਰੈਣ ਸਬਾਈ ਕੀਰਤਨ ਸਮਾਗਮ ਵਿਚ ਅਖੰਡ ਕੀਰਤਨੀ ਜਥੇ ਵੱਲੋਂ ਕੇਵਲ ਗੁਰਬਾਣੀ ਕੀਰਤਨ ਕਰਨ ਦੀ ਹੀ ਰਵਾਇਤ ਹੈ ਅਤੇ ਇਸੇ ਦੇ ਮੱਦੇਨਜ਼ਰ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਵੀ ਗੁਰਮਤਿ ਵਿਚਾਰਾਂ ਦੀ ਥਾਂ ਗੁਰਬਾਣੀ ਕੀਰਤਨ ਦੁਆਰਾ ਹਾਜ਼ਰੀ ਭਰੀ। ਭਾਈ ਗੋਬਿੰਦ ਸਿੰਘ ਲੌਂਗੋਵਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਲ ਵੀ ਕੀਰਤਨ ਕਰਦੇ ਰਹੇ ਹਨ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤਸਰ ਸਾਹਿਬ ਵਿਚ ਹੁੰਦੇ ਸਮਾਗਮਾਂ ਵਿਚ ਕੀਰਤਨ ਦੀ ਹਾਜ਼ਰੀ ਭਰਿਆ ਕਰਦੇ ਸਨ।

ਭਾਈ ਗੋਬਿੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਹਨ, ਜਿਨ੍ਹਾਂ ਨੇ ਇਤਿਹਾਸਕ ਮੰਜੀ ਸਾਹਿਬ ਦੀਵਾਨ ਹਾਲ ਵਿਚ ਅਖੰਡ ਕੀਰਤਨ ਸਮਾਗਮ ਵਿਚ ਕੀਰਤਨ ਦੀ ਹਾਜ਼ਰੀ ਭਰੀ ਹੈ।

ਇਸ ਤੋਂ ਇਲਾਵਾ ਰੈਣ ਸਬਾਈ ਕੀਰਤਨ ਸਮਾਗਮ ਵਿਚ ਭਾਈ ਮਨਪ੍ਰੀਤ ਸਿੰਘ ਕਾਨ੍ਹਪੁਰੀ, ਭਾਈ ਅਨੰਤਵੀਰ ਸਿੰਘ, ਭਾਈ ਰਵਿੰਦਰ ਸਿੰਘ ਦਿੱਲੀ, ਭਾਈ ਦਵਿੰਦਰ ਸਿੰਘ, ਭਾਈ ਲਵਲੀਨ ਸਿੰਘ ਅਤੇ ਬੀਬੀ ਸਿਮਰਨ ਕੌਰ ਕੈਨੇਡਾ ਦੇ ਜਥਿਆਂ ਨੇ ਵੀ ਕੀਰਤਨ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾ ਸਿੰਘਾ, ਸ. ਜਗਜੀਤ ਸਿੰਘ ਜੱਗੀ ਨਿੱਜੀ ਸਕੱਤਰ, ਸ. ਪ੍ਰਤਾਪ ਸਿੰਘ, ਸ. ਸੁਖਦੇਵ ਸਿੰਘ ਭੂਰਾ ਕੋਹਨਾ, ਨਿੱਜੀ ਸਹਾਇਕ ਦਰਸ਼ਨ ਸਿੰਘ ਲੌਂਗੋਵਾਲ, ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਬਖਸ਼ੀਸ਼ ਸਿੰਘ, ਮੁੱਖ ਬੁਲਾਰਾ ਭਾਈ ਆਰ.ਪੀ. ਸਿੰਘ, ਭਾਈ ਅਵਤਾਰ ਸਿੰਘ ਮੱਲ੍ਹੀਆਂ ਵਾਲੇ, ਭਾਈ ਨਿਰਮਲਬੀਰ ਸਿੰਘ, ਭਾਈ ਪ੍ਰਨਾਮ ਸਿੰਘ, ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਦੇ ਸੰਪਾਦਕ ਤਲਵਿੰਦਰ ਸਿੰਘ ਬੁੱਟਰ, ਠੇਕੇਦਾਰ ਮਨਜੀਤ ਸਿੰਘ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਗੁਰਮੁਖ ਸਿੰਘ ਅਤੇ ਭਾਈ ਭੁਪਿੰਦਰ ਸਿੰਘ ਕੋਟ ਖ਼ਾਲਸਾ ਆਦਿ ਵੀ ਹਾਜ਼ਰ ਸਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਅਖੰਡ ਕੀਰਤਨੀ ਜਥੇ ਵੱਲੋਂ ੧੯੭੮ ਦੇ ਨਕਲੀ ਨਿਰੰਕਾਰੀ ਸਾਕੇ ਦੇ ੧੩ ਸ਼ਹੀਦ ਸਿੰਘਾਂ ਸਬੰਧੀ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਵਿਚ ਕੇਂਦਰੀ ਸਿੱਖ ਅਜਾਇਬ ਘਰ ਤੋਂ ਲਿਆਂਦੀ ਸ਼ਹੀਦ ਭਾਈ ਫੌਜਾ ਸਿੰਘ ਦੀ ਉਹ ਢਾਲ ਵੀ ਸੰਗਤਾਂ ਦੀ ਖਿੱਚ ਦਾ ਕੇਂਦਰ ਰਹੀ, ਜਿਸ ਉੱਤੇ ਨਕਲੀ ਨਿਰੰਕਾਰੀਆਂ ਦੁਆਰਾ ਸਿੰਘਾਂ 'ਤੇ ਚਲਾਈਆਂ ਗੋਲੀਆਂ ਦੇ ਨਿਸ਼ਾਨ ਵੀ ਹਨ। ੧੫ ਅਪ੍ਰੈਲ

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੁੱਜਦੀਆਂ ਸੰਗਤਾਂ ਲਈ ਸ਼੍ਰੋਮਣੀ ਕਮੇਟੀ ਜਲਦ ਕਰੇਗੀ ਰਿਹਾਇਸ਼ ਦਾ ਵਿਸਥਾਰ- ਭਾਈ ਲੌਂਗੋਵਾਲ

### ਲੱਗਭਗ ੬ ਏਕੜ ਜਗ੍ਹਾ ਵਿਚ ਕੀਤੇ ਜਾਣਗੇ ਰਿਹਾਇਸ਼ ਦੇ ਪ੍ਰਬੰਧ

ਅੰਮ੍ਰਿਤਸਰ, -ਮਨੁੱਖਤਾ ਦੇ ਅਧਿਆਤਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਕਰਨ ਲਈ ਪੁੱਜਦੀਆਂ ਸੰਗਤਾਂ ਨੂੰ ਰਿਹਾਇਸ਼ ਦੀ ਸਹੂਲਤ ਵਿਚ ਹੋਰ ਵਿਸਥਾਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਯਤਨ ਤੇਜ ਕਰ ਦਿੱਤੇ ਗਏ ਹਨ। ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਪਾਪੜਾਂ ਵਾਲੇ ਬਜ਼ਾਰ ਨਾਲ ਲੱਗਦੇ ਅਕਾਲੀ ਬਾਗ ਵਾਲੀ ਮਾਰਕੀਟ ਵਿਖੇ ਸ਼੍ਰੋਮਣੀ ਕਮੇਟੀ ਦੀ ਕਰੀਬ ੬ ਏਕੜ ਜਗ੍ਹਾ ਵਿਚ ਸੰਗਤਾਂ ਦੇ ਰਹਿਣ ਲਈ ਵਿਸ਼ਾਲ ਸਰ੍ਹਾਂ ਬਣਾਉਣ ਦੀ ਪਿਛਲੇ ਸਮੇਂ ਤੋਂ ਵਿਚਾਰ ਅਧੀਨ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਾਰਵਾਈ ਆਰੰਭਣ ਲਈ ਕਿਹਾ ਹੈ। ਇਸੇ ਤਹਿਤ ਹੀ ਭਾਈ ਲੌਂਗੋਵਾਲ ਨੇ ਅੱਜ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਅਤੇ ਇਮਾਰਤੀ ਵਿਭਾਗ ਦੇ ਨੁਮਾਇੰਦਿਆਂ ਨਾਲ ਖੁਦ ਜਾ ਕੇ ਅਕਾਲੀ ਬਾਗ ਵਿਖੇ ਜਗ੍ਹਾ ਦਾ ਮੌਕਾ ਦੇਖਿਆ ਅਤੇ ਇਥੇ ਜਲਦ ਕੰਮ ਆਰੰਭਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਮੁੱਚੇ ਵਿਸ਼ਵ ਦੀਆਂ ਸੰਗਤਾਂ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੀਆਂ ਹਨ, ਜਿਨ੍ਹਾਂ ਦੀ ਰਿਹਾਇਸ਼ ਲਈ ਆਉਂਦੀ ਸਮੱਸਿਆ ਨੂੰ ਦੂਰ ਕਰਨ ਲਈ ਇਥੇ ਅਕਾਲੀ ਬਾਗ ਵਾਲੀ ਜਗ੍ਹਾ ਤੇ ਸਰਾਂ ਬਣਾਈ ਜਾਵੇਗੀ। ਭਾਈ ਲੌਂਗੋਵਾਲ ਨੇ ਕਿਹਾ ਕਿ ਇਸ ਸਰਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਜਟ ਵਿਚ ਵੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸੰਗਤਾਂ ਦੀ ਆਮਦ ਵਿਚ ਵੱਡਾ ਵਾਧਾ ਹੋਇਆ ਹੈ, ਜਿਸ ਨਾਲ ਰਿਹਾਇਸ਼ ਦੇ ਪ੍ਰਬੰਧਾਂ ਵਿਚ ਮੁਸ਼ਕਿਲ ਆਉਣੀ ਸੁਭਾਵਿਕ ਹੈ ਅਤੇ ਇਸੇ ਲੋੜ ਮੁਤਾਬਿਕ ਹੀ ਸ਼੍ਰੋਮਣੀ ਕਮੇਟੀ ਹੋਰ ਰਿਹਾਇਸ਼ ਬਣਾਉਣ ਲਈ ਯਤਨ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ

ਕਿ ਸਰਾਂ ਦੇ ਪਹਿਲੇ ਪੜਾਅ ਦਾ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਨਿਵਾਸ ਦੇ ਬਣਨ ਨਾਲ ਸੰਗਤਾਂ ਨੂੰ ਰਹਿਣ ਲਈ ਕਮਰਿਆਂ ਦੀ ਮੁਸ਼ਕਿਲ ਕਾਫੀ ਹੱਦ ਤੱਕ ਹੱਲ ਹੋ ਜਾਵੇਗੀ।

ਇਸ ਮੌਕੇ ਉਨ੍ਹਾਂ ਨਾਲ ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਜਗਜੀਤ ਸਿੰਘ ਜੱਗੀ ਨਿੱਜੀ ਸਕੱਤਰ, ਸ. ਸੁਖਜਿੰਦਰ ਸਿੰਘ ਐਸ.ਡੀ.ਓ ਅਤੇ ਸ. ਦਰਸ਼ਨ ਸਿੰਘ ਨਿੱਜੀ ਸਹਾਇਕ ਵੀ ਮੌਜੂਦ ਸਨ।੧੫ ਅਪ੍ਰੈਲ

## ਦੇਸ਼ ਅੰਦਰ ਵਾਪਰ ਰਹੀਆ ਹੈਵਾਨੀ ਘਟਨਾਵਾ ਸਮਾਜ ਦੇ ਮੱਥੇ 'ਤੇ ਕਲੰਕ -ਭਾਈ ਲੌਂਗੋਵਾਲ

### ਹੈਵਾਨੀ ਦਰਿੰਦਿਆ ਨੂੰ ਦਿੱਤੀ ਜਾਵੇ ਸਖ਼ਤ ਤੋਂ ਸਖ਼ਤ ਸਜ਼ਾ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੇਸ਼ ਅੰਦਰ ਹੈਵਾਨੀ ਘਟਨਾਵਾਂ ਦਾ ਸ਼ਿਕਾਰ ਹੋ ਰਹੀਆਂ ਧੀਆਂ ਪ੍ਰਤੀ ਸੰਵੇਦਨਾ ਪ੍ਰਗਟ ਕਰਦਿਆਂ ਇਸ ਵਰਤਾਰੇ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਬੀਤੇ ਦਿਨੀਂ ਜੰਮੂ ਕਸ਼ਮੀਰ ਅੰਦਰ ਕਠੂਆ ਜ਼ਿਲ੍ਹੇ ਦੇ ਇਕ ਪਿੰਡ 'ਚ ਮਾਸੂਮ ਬੱਚੀ ਦੀ ਇਜ਼ਤ ਨਾਲ ਹੈਵਾਨੀ ਕਾਰਾ ਕਰਨ ਤੋਂ ਬਾਅਦ ਉਸ ਦੀ ਹੱਤਿਆ ਕਰਨ ਦੀ ਘਟਨਾ ਨੂੰ ਭਾਈ ਲੌਂਗੋਵਾਲ ਨੇ ਭਾਰਤੀ ਸਭਿਆਚਾਰ ਦੇ ਮੱਥੇ 'ਤੇ ਕਲੰਕ ਦੱਸਦਿਆਂ ਸਮਾਜ ਲਈ ਧੱਬਾ ਬਣੇ ਦਰਿੰਦਿਆਂ 'ਤੇ ਸਰਕਾਰਾਂ ਨੂੰ ਲਗਾਮ ਕੱਸਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਹ ਇਕੱਲੀ ਘਟਨਾ ਨਹੀਂ ਹੈ ਸਗੋਂ ਬੀਤੇ 'ਚ ਅਜਿਹੀਆਂ ਹੋਰ ਘਟਨਾਵਾਂ ਵੀ ਵਾਪਰੀਆਂ ਹਨ।

ਦਫਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਇਕ ਬਿਆਨ ਰਾਹੀਂ ਭਾਈ ਲੌਂਗੋਵਾਲ ਨੇ ਕਿਹਾ ਕਿ ਕਠੂਆ ਦੇ ਪਿੰਡ ਦੀ ਘਟਨਾ ਨੇ ਦੇਸ਼ ਵਾਸੀਆਂ ਨੂੰ ਸ਼ਰਮਿੰਦਗੀ ਦੀ ਕਾਲਖ ਦਿੱਤੀ ਹੈ ਜਿਸ ਨਾਲ ਮਨੁੱਖੀ ਮਾਨਸਿਕਤਾ ਪੀੜ ਪੀੜ ਹੋਈ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਅਤਿ ਘਟੀਆ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਅਜਿਹੇ ਚਲਣ ਨੂੰ ਨੱਪਿਆ ਜਾ ਸਕੇ। ਭਾਈ ਲੌਂਗੋਵਾਲ ਨੇ ਕਿਹਾ ਕਿ ਇਸਤਰੀ ਵਰਗ ਦੀ ਸੁਰੱਖਿਆ ਸਰਕਾਰਾਂ ਦੀ ਜ਼ੁੰਮੇਵਾਰੀ ਹੈ ਜਿਸ ਦੀ ਪੂਰਤੀ ਲਈ ਸਰਕਾਰਾਂ ਚ ਬੈਠੇ ਜ਼ੁੰਮੇਵਾਰ ਲੋਕਾਂ ਨੂੰ ਸੁਹਿਰਦ ਪਹੁੰਚ ਅਪਣਾਉਣੀ ਚਾਹੀਦੀ ਹੈ।੧੬ ਅਪ੍ਰੈਲ

## ਸ. ਸਤਨਾਮ ਸਿੰਘ ਔਲਖ ਵੱਲੋਂ ਸੰਸਾਰ ਜੰਗਾਂ ਸਮੇਂ ਸਿੱਖਾਂ ਦੇ ਯੋਗਦਾਨ ਨੂੰ ਉਭਾਰਨਾ ਸ਼ਲਾਘਾਯੋਗ-ਭਾਈ ਲੌਂਗੋਵਾਲ

ਅੰਮ੍ਰਿਤਸਰ - ਪੰਜਾਬੀ ਹੈਰੀਟੇਜ਼ ਆਰਗੇਨਾਈਜੇਸ਼ਨ ਅਮਰੀਕਾ ਦੇ ਬਾਨੀ, ਪ੍ਰਧਾਨ ਸ. ਸਤਨਾਮ ਸਿੰਘ ਔਲਖ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨਾਲ ਮੁਲਾਕਾਤ ਕਰਕੇ ਜਿਥੇ ਸੰਸਾਰ ਜੰਗਾਂ ਵਿਚ ਸਿੱਖਾਂ ਦੇ ਯੋਗਦਾਨ ਨੂੰ ਦਰਸਾਉਂਦੀ ਆਪਣੀ ਪੁਸਤਕ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' ਭੇਟ ਕੀਤੀ, ਉਥੇ ਹੀ ਅਮਰੀਕਾ 'ਚ ਸਰਕਾਰਾਂ ਵੱਲੋਂ ਸਿੱਖਾਂ ਸਬੰਧੀ ਪਾਸ ਕੀਤੇ ਗਏ ਮਤਿਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੁਲਾਕਾਤ ਦੌਰਾਨ ਸ. ਸਤਨਾਮ ਸਿੰਘ ਔਲਖ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਦੱਸਿਆ ਕਿ ਅਮਰੀਕਾ ਅੰਦਰ ਸਿੱਖ ਪਛਾਣ ਦੇ ਪ੍ਰਚਾਰ ਲਈ ਵੱਖ-ਵੱਖ ਗੁਰਦੁਆਰਾ ਕਮੇਟੀਆਂ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ ਅਤੇ ਇਸੇ ਦਾ ਸਿੱਟਾ ਹੈ ਕਿ ਵਰਜੀਨੀਆ ਸਟੇਟ ਵੱਲੋਂ ਸਾਰਾਗੜ੍ਹੀ ਜੰਗ ਸਬੰਧੀ ਇਕ ਵਿਸ਼ੇਸ਼ ਮਤਾ ਪਾਸ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਤੇ ਵਿਚ ਜਿਥੇ ਸਾਰਾਗੜ੍ਹੀ ਜੰਗ ਦੇ ੨੧ ਸਿੰਘਾਂ ਦੀ ਬਹਾਦਰੀ ਤੇ ਕੁਰਬਾਨੀ ਦੀ ਪ੍ਰਸ਼ੰਸਾ

ਕੀਤੀ ਗਈ, ਉਥੇ ਹੀ ਹਰ ਸਾਲ ਸੂਬੇ ਅੰਦਰ ੧੨ ਸਤੰਬਰ ਦਾ ਦਿਨ ਸਾਰਾਗੜ੍ਹੀ ਜੰਗ ਦੇ ਯੋਧਿਆਂ ਦੀ ਯਾਦ ਵਿਚ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਨਿਊਜਰਸੀ ਸਟੇਟ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਪਛਾਣ ਵਜੋਂ ਮਨਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਅਮਰੀਕਾ ਅੰਦਰ ਗੁਰਦੁਆਰਾ ਕਮੇਟੀਆਂ ਅਤੇ ਪ੍ਰਮੁੱਖ ਸਿੱਖਾਂ ਵੱਲੋਂ ਸਿੱਖ ਪਛਾਣ ਸਬੰਧੀ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਭਾਈ ਲੌਂਗੋਵਾਲ ਨੇ ਸ. ਸਤਨਾਮ ਸਿੰਘ ਔਲਖ ਵੱਲੋਂ ਸੰਸਾਰ ਜੰਗਾਂ ਸਮੇਂ ਸਿੱਖਾਂ ਦੇ ਯੋਗਦਾਨ ਨੂੰ ਪੁਸਤਕ ਰੂਪ ਵਿਚ ਉਭਾਰਨ ਲਈ ਵੀ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ. ਸਤਨਾਮ ਸਿੰਘ ਔਲਖ ਨੂੰ ਸਿਰੋਪਾਓ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਗਿਆਨੀ ਮਲਕੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਬੀਬੀ ਕਿਰਨਜੋਤ ਕੌਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂੰ, ਸ. ਹਰਦਲਬੀਰ ਸਿੰਘ ਸ਼ਾਹ ਸਾਬਕਾ ਮੈਂਬਰ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਜਗਜੀਤ ਸਿੰਘ ਜੱਗੀ ਤੇ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਦਰਸ਼ਨ ਸਿੰਘ ਨਿੱਜੀ ਸਹਾਇਕ ਆਦਿ ਮੌਜੂਦ ਸਨ।੧੮ ਅਪ੍ਰੈਲ

## ਕਾਂਸੀ ਦਾ ਤਗਮਾ ਜਿੱਤਣ ਵਾਲੀ ਨਵਜੀਤ ਕੌਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਸ਼ੁਕਰਾਨਾ

### ਸ਼੍ਰੋਮਣੀ ਕਮੇਟੀ ਵੱਲੋਂ ਸੂਚਨਾ ਕੇਂਦਰ ਵਿਖੇ ਦਿੱਤਾ ਗਿਆ ਸਨਮਾਨ

ਅੰਮ੍ਰਿਤਸਰ, - ਆਸਟ੍ਰੇਲੀਆ ਦੇ ਸ਼ਹਿਰ ਗੋਲਡ ਕੋਸਟ ਵਿਖੇ ਹੋਈਆਂ ਰਾਸ਼ਟਰ ਮੰਡਲ ਖੇਡਾਂ ਵਿਚ ਐਥਲੈਟਿਕਸ ਦੇ ਡਿਸਕਸ ਥਰੋ ਮੁਕਾਬਲੇ 'ਚ ਕਾਂਸੀ ਦਾ ਤਗਮਾ ਪ੍ਰਾਪਤ ਕਰਨ ਵਾਲੀ ਅੰਮ੍ਰਿਤਸਰ ਨਿਵਾਸੀ ਨਵਜੀਤ ਕੌਰ ਨੇ ਅੱਜ ਸੱਚਖੰਡ ਸ੍ਰੀ ਹਰਮਿੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੱਤਰ ਸ. ਮਨਜੀਤ ਸਿੰਘ ਬਾਠ ਨੇ ਨਵਜੀਤ ਕੌਰ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ, ਸ਼ਾਲ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਕੱਤਰ ਸ. ਮਨਜੀਤ ਸਿੰਘ ਬਾਠ ਨੇ ਨਵਜੀਤ ਕੌਰ ਦੀ ਪ੍ਰਾਪਤੀ 'ਤੇ ਉਸ ਦੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੀ ਪ੍ਰਾਪਤੀ ਨੂੰ ਹੋਰਨਾਂ ਲਈ ਪ੍ਰੇਰਣਾ ਸਰੋਤ ਦੱਸਿਆ। ਉਨ੍ਹਾਂ ਕਿਹਾ ਕਿ ਇਕ ਸਿੱਖ ਲੜਕੀ ਵੱਲੋਂ ਵਿਸ਼ਵ ਪੱਧਰੀ ਪ੍ਰਾਪਤੀ ਨਾਲ ਸਮੁੱਚੀ ਕੌਮ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਇਸ ਮੌਕੇ ਨਵਜੀਤ ਕੌਰ ਨੇ ਕਿਹਾ ਕਿ ਇਹ ਪ੍ਰਾਪਤੀ ਗੁਰੂ ਸਾਹਿਬ ਦੀ ਕਿਰਪਾ ਨਾਲ ਹੀ ਸੰਭਵ ਹੋ ਸਕੀ ਹੈ ਅਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਮਾਣ ਲਈ ਧੰਨਵਾਦੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਹਰਜਿੰਦਰ ਸਿੰਘ ਕੈਰੋਂਵਾਲ, ਵਧੀਕ ਮੈਨੇਜਰ ਸ. ਸੁਖਰਾਜ ਸਿੰਘ, ਸ. ਜਤਿੰਦਰਪਾਲ ਸਿੰਘ ਅਤੇ ਨਵਜੀਤ ਕੌਰ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਉਸ ਦੇ ਪਿਤਾ ਸ. ਜਸਪਾਲ ਸਿੰਘ, ਮਾਤਾ ਕੁਲਦੀਪ ਕੌਰ ਸਮੇਤ ਹੋਰ ਰਿਸ਼ਤੇਦਾਰ ਹਾਜ਼ਰ ਸਨ।੧੮ ਅਪ੍ਰੈਲ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ

ਅੰਮ੍ਰਿਤਸਰ, -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਬਰਤੋੜ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਸੁਲਤਾਨ ਸਿੰਘ ਨੇ ਕੀਤੀ। ਪਾਵਨ ਹੁਕਮਨਾਮੇ ਤੋਂ ਬਾਅਦ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਭਗਤ ਧੰਨਾ ਜੀ ਦਾ ਜੀਵਨ ਪ੍ਰਭੂ ਭਰੋਸੇ ਦਾ ਲਖਾਇਕ ਹੈ। ਉਨ੍ਹਾਂ ਕਿਹਾ ਕਿ ਭਗਤ ਧੰਨਾ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਤਿੰਨ ਸ਼ਬਦ ਦਰਜ਼ ਹਨ, ਜਿਨ੍ਹਾਂ ਤੋਂ ਮਨੁੱਖ ਮਾਤਰ ਨੂੰ ਸੁਚੱਜਾ ਜੀਵਨ ਜਿਊਣ ਦੀ ਪ੍ਰੇਰਣਾ ਮਿਲਦੀ ਹੈ। ਗੁਰੂ ਸਾਹਿਬ ਅਤੇ ਪਰਮਾਤਮਾ ਪ੍ਰਤੀ ਸਮਰਪਣ ਭਾਵਨਾ ਦੀ ਪ੍ਰੇਰਣਾ ਲਈ ਭਗਤ ਧੰਨਾ ਜੀ ਦਾ ਜੀਵਨ ਅਗਵਾਈ ਦੇਣ ਵਾਲਾ ਹੈ। ਉਨ੍ਹਾਂ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਮੌਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਵਧਾਈ ਵੀ ਦਿੱਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬੀਬੀ ਸਵਰਨ ਕੌਰ ਤੇੜਾ, ਸ. ਕੁਲਦੀਪ ਸਿੰਘ ਤੇੜਾ, ਸਕੱਤਰ ਸ. ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਦੇਵ ਸਿੰਘ ਭੂਰਾਕੋਹਨਾ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਰਘਬੀਰ ਸਿੰਘ ਮੰਡ ਤੇ ਸ. ਗੁਰਿੰਦਰ ਸਿੰਘ ਮਥਰੇਵਾਲ, ਵਧੀਕ ਮੈਨੇਜਰ ਸ. ਲਖਵਿੰਦਰ ਸਿੰਘ ਬੱਦੋਵਾਲ, ਸ. ਸੁਖਰਾਜ ਸਿੰਘ, ਸ. ਸਤਨਾਮ ਸਿੰਘ ਸੁਪ੍ਰਿੰਟੈਂਡੈਂਟ, ਸ. ਪਰਮਦੀਪ ਸਿੰਘ, ਸ. ਨਿਰਮਲ ਸਿੰਘ, ਸ. ਸੁਰਿੰਦਰ ਸਿੰਘ, ਗੁਰਚਰਨ ਸਿੰਘ ਕੋਹਾਲਾ, ਸ. ਸੁਖਬੀਰ ਸਿੰਘ ਇੰਚਾਰਜ ਸਮੇਤ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਟਾਫ਼ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।੨੧ ਅਪ੍ਰੈਲ

## ਸਿੱਖਾਂ ਦੇ ਪਹਿਰਾਵੇ ਦਾ ਜ਼ਰੂਰੀ ਹਿੱਸਾ ਹੈ ਦਸਤਾਰ-ਭਾਈ ਗੋਬਿੰਦ ਸਿੰਘ ਲੌਂਗੋਵਾਲ

### ਸੁਪਰੀਮ ਕੋਰਟ ਵੱਲੋਂ ਦਸਤਾਰ ਸਬੰਧੀ ਸਵਾਲ 'ਤੇ ਸ਼੍ਰੋਮਣੀ ਕਮੇਟੀ ਦਾ ਪ੍ਰਤੀਕਰਮ

ਅੰਮ੍ਰਿਤਸਰ, -ਦਸਤਾਰ ਸਿੱਖ ਦੇ ਪਹਿਰਾਵੇ ਦਾ ਜ਼ਰੂਰੀ ਹਿੱਸਾ ਹੈ ਅਤੇ ਇਸ ਸਬੰਧੀ ਸਿੱਖ ਰਹਿਤ ਮਰਯਾਦਾ ਵਿਚ ਸਪੱਸ਼ਟ ਤੌਰ 'ਤੇ ਅੰਕਿਤ ਕੀਤਾ ਗਿਆ ਹੈ। ਸਿੱਖ ਖਿਡਾਰੀਆਂ ਨੂੰ ਦਸਤਾਰ ਦੀ ਥਾਂ 'ਤੇ ਹੋਰ ਸੁਰੱਖਿਆ ਸਾਧਨ ਵਰਤਣ ਲਈ ਮਜ਼ਬੂਰ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇੱਕ ਸਿੱਖ ਸਾਈਕਲਿਸਟ ਦੀ ਪਟੀਸ਼ਨ ਦੇ ਸਬੰਧ 'ਚ ਸੁਪਰੀਮ ਕੋਰਟ ਵੱਲੋਂ ਕੀਤੇ ਗਏ ਸਵਾਲ ਤੋਂ ਬਾਅਦ ਕੀਤਾ ਹੈ। ਦੱਸਣਯੋਗ ਹੈ ਕਿ ਦਿੱਲੀ ਦੇ ਸਿੱਖ ਸਾਈਕਲਿਸਟ ਸ. ਜਗਦੀਪ ਸਿੰਘ ਪੁਰੀ ਨੇ ਸੁਪਰੀਮ ਕੋਰਟ ਵਿਚ ਇਕ ਸਥਾਨਕ ਸਾਈਕਲਿੰਗ ਐਸੋਸੀਏਸ਼ਨ ਵੱਲੋਂ ਹੈਲਮਟ ਪਹਿਨਣ ਦੀ ਲਾਜ਼ਮੀ ਸ਼ਰਤ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ, ਜਿਸ 'ਤੇ ਸੁਪਰੀਮ ਕੋਰਟ ਨੇ ਸਵਾਲ ਕੀਤਾ ਕਿ 'ਕੀ ਦਸਤਾਰ ਸਿੱਖ ਲਈ ਲਾਜ਼ਮੀ ਹੈ ਜਾਂ ਕੇਵਲ ਸਿਰ ਢੱਕਣ ਦਾ ਇਕ ਸਾਧਨ'। ਇਸ 'ਤੇ ਭਾਈ ਲੌਂਗੋਵਾਲ ਨੇ ਕਿਹਾ ਕਿ ਦਸਤਾਰ ਸਿੱਖ ਦੀ ਸ਼ਾਨ ਹੈ ਅਤੇ ਇਹ ਸਿੱਖ ਪਛਾਣ ਦੇ ਨਾਲ-ਨਾਲ ਸੁਰੱਖਿਆ ਵੀ ਪ੍ਰਦਾਨ ਕਰਦੀ ਹੈ। ਦਸਤਾਰਧਾਰੀ ਸਿੱਖ ਲਈ ਹੈਲਮਟ ਪਹਿਨਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਇਤਿਹਾਸ ਦੇ ਹਵਾਲੇ ਨਾਲ ਕਿਹਾ ਕਿ ਵਿਸ਼ਵ ਜੰਗਾਂ ਦੌਰਾਨ ਵੀ ਸਿੱਖ ਦਸਤਾਰ ਸਜਾ ਕੇ ਲੜਦੇ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖਾਂ ਦੀ ਦਸਤਾਰ ਸਬੰਧੀ ਕਿਸੇ ਨੂੰ ਭੁਲੇਖਾ

ਨਹੀਂ ਹੈ ਕਿਉਂਕਿ ਦੇਸ਼ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਵੀ ਦਸਤਾਰ ਸਜਾਉਂਦੇ ਰਹੇ ਹਨ। ਇਸ ਤੋਂ ਇਲਾਵਾ ਵਿਦੇਸ਼ਾਂ ਅੰਦਰ ਵੀ ਸਿੱਖ ਅੱਜ ਸਰਕਾਰਾਂ ਦਾ ਹਿੱਸਾ ਬਣੇ ਹੋਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਦੇਸ਼ ਅੰਦਰ ਸਿੱਖਾਂ ਦੀ ਦਸਤਾਰ ਸਬੰਧੀ ਕਿਸੇ ਕਿਸਮ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ।੨੧ ਅਪ੍ਰੈਲ

## ਯੂਨੀਅਨ ਬੈਂਕ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਐਂਬੂਲੈਂਸ ਭੇਟ ਬੈਂਕ ਦੇ ਐਮ. ਡੀ. ਸਮੇਤ ਹੋਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਗਿਆ ਸਨਮਾਨਿਤ

ਅੰਮ੍ਰਿਤਸਰ, - ਮਨੁੱਖਤਾ ਦੇ ਅਧਿਆਤਮਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਯੂਨੀਅਨ ਬੈਂਕ ਵੱਲੋਂ ਅੱਜ ਇਕ ਐਂਬੂਲੈਂਸ ਭੇਟ ਕੀਤੀ ਗਈ। ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਯੂਨੀਅਨ ਬੈਂਕ ਦੇ ਐਮ.ਡੀ. ਸ੍ਰੀ ਰਾਜ ਕਿਰਨ ਰਾਏ ਨੇ ਐਂਬੂਲੈਂਸ ਦੀਆਂ ਚਾਬੀਆਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਦੇ ਬਾਹਰ ਬਣੇ ਪਲਾਜ਼ਾ ਵਿਖੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ ਬਾਠ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਰਘਬੀਰ ਸਿੰਘ ਮੰਡ ਨੂੰ ਸੌਂਪੀਆਂ। ਸ਼੍ਰੋਮਣੀ ਕਮੇਟੀ ਵੱਲੋਂ ਬੈਂਕ ਦੇ ਐਮ.ਡੀ. ਸਮੇਤ ਹੋਰ ਅਧਿਕਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਗੁਰੂ ਬਖ਼ਸ਼ਿਸ਼ ਸਿਰੋਪਾਓ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਯੂਨੀਅਨ ਬੈਂਕ ਦੇ ਐਮ.ਡੀ. ਸ੍ਰੀ ਰਾਜ ਕਿਰਨ ਰਾਏ ਨੇ ਕਿਹਾ ਕਿ ਬੈਂਕ ਵੱਲੋਂ ਆਪਣੇ ਗਾਹਕਾਂ ਨੂੰ ਵਧੀਆ ਸੇਵਾਵਾਂ ਦੇਣ ਦੇ ਨਾਲ-ਨਾਲ ਸਮਾਜ ਸੇਵਾ ਲਈ ਵੀ ਹਮੇਸ਼ਾਂ ਯਤਨ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਅੱਜ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਕ ਐਂਬੂਲੈਂਸ ਦੀ ਸੇਵਾ ਕੀਤੀ ਗਈ ਹੈ, ਜੋ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਮੁੱਢਲੀਆਂ ਸਿਹਤ ਸੇਵਾਵਾਂ ਦੇਣ ਲਈ ਵਰਤੀ ਜਾਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਯੂਨੀਅਨ ਬੈਂਕ ਦਾ ਇਹ ਉਪਰਾਲਾ ਸੰਗਤਾਂ ਲਈ ਉਪਯੋਗੀ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਯੂਨੀਅਨ ਬੈਂਕ ਵੱਲੋਂ ਦਿੱਤੀ ਗਈ ਇਹ ਐਂਬੂਲੈਂਸ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰਨ ਪੁੱਜਦੀਆਂ ਸੰਗਤਾਂ ਨੂੰ ਸੇਵਾਵਾਂ ਪ੍ਰਦਾਨ ਕਰੇਗੀ। ਉਨ੍ਹਾਂ ਬੈਂਕ ਦੇ ਐਮ.ਡੀ. ਸ੍ਰੀ ਰਾਜ ਕਿਰਨ ਰਾਏ ਸਮੇਤ ਬੈਂਕ ਦੇ ਹੋਰਨਾਂ ਅਧਿਕਾਰੀਆਂ ਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਧੰਨਵਾਦ ਵੀ ਕੀਤਾ। ਇਸ ਤੋਂ ਬਾਅਦ ਯੂਨੀਅਨ ਬੈਂਕ ਦੇ ਅਧਿਕਾਰੀਆਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਯੂਨੀਅਨ ਬੈਂਕ ਦੇ ਐਮ.ਡੀ. ਸ੍ਰੀ ਰਾਜ ਕਿਰਨ ਰਾਏ ਤੋਂ ਇਲਾਵਾ ਐਗਜੀਕਿਊਟਵ ਡਾਇਰੈਕਟਰ ਸ੍ਰੀ ਆਰ. ਕੇ. ਵਰਮਾ, ਸ੍ਰੀ ਏ. ਕੇ. ਗੋਇਲ ਤੇ ਸ੍ਰੀ ਵੇ. ਕੇ. ਕਥੂਰੀਆ, ਪੀ.ਆਰ.ਓ. ਐਲ.ਐਸ. ਪੁਰੀ, ਜਲੰਧਰ ਦੇ ਰਿਜ਼ਨਲ ਹੈੱਡ ਸ੍ਰੀ ਐਸ.ਕੇ. ਦਾਸ, ਲੁਧਿਆਣਾ ਦੇ ਰਿਜ਼ਨਲ ਹੈੱਡ ਸਰਦਾਰ ਐਚ.ਐਸ. ਸੰਧੂ, ਮੈਡਮ ਸੱਤਿਆਵਤੀ ਰਾਏ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਬਾਠ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਸ. ਜਗਜੀਤ ਸਿੰਘ ਜੱਗੀ, ਮੀਤ ਸਕੱਤਰ ਸ. ਸਕੱਤਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਰਘਬੀਰ ਸਿੰਘ ਮੰਡ ਤੇ ਸ. ਗੁਰਿੰਦਰ ਸਿੰਘ ਮਥਰੇਵਾਲ, ਵਧੀਕ ਮੈਨੇਜਰ ਸ. ਹਰਪ੍ਰੀਤ ਸਿੰਘ ਤੇ ਸ. ਸੁਖਰਾਜ ਸਿੰਘ, ਸੂਚਨਾ ਅਧਿਕਾਰੀ ਸ. ਜਸਵਿੰਦਰ ਸਿੰਘ ਜੱਸੀ, ਸ. ਅੰਮ੍ਰਿਤਪਾਲ ਸਿੰਘ ਅਤੇ ਯੂਨੀਅਨ ਬੈਂਕ ਦੇ ਵੱਖ-ਵੱਖ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।੨੪ ਅਪ੍ਰੈਲ

# ਸ਼੍ਰੋਮਣੀ ਕਮੇਟੀ ਵੱਲੋਂ ਸਰਹੱਦੀ ਖੇਤਰਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਭਾਈ ਲੌਂਗੋਵਾਲ ਨੇ ਮੈਡੀਕਲ ਵੈਨਾਂ ਰਵਾਨਾ ਕੀਤੀਆਂ

## ਵੈਨਾਂ 'ਚ ਡਾਕਟਰ, ਫਾਰਮਾਸਿਸਟ ਤੇ ਹੈਲਪਰ ਰਹਿਣਗੇ ਮੌਜੂਦ, ਮੁਫ਼ਤ ਦਵਾਈਆਂ ਦਾ ਵੀ ਹੋਵੇਗਾ ਪ੍ਰਬੰਧ

ਅੰਮ੍ਰਿਤਸਰ, -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਸਰਹੱਦੀ ਇਲਾਕਿਆਂ ਦੇ ਲੋੜਵੰਦ ਲੋਕਾਂ ਲਈ ਮੁਫ਼ਤ ਮੈਡੀਕਲ ਸਹੂਲਤਾਂ ਦੇਣ ਦੇ ਮੰਤਵ ਨਾਲ ਦੋ ਮੈਡੀਕਲ ਵੈਨਾਂ ਨੂੰ ਖ਼ਾਲਸਈ ਜੈਕਾਰਿਆਂ ਨਾਲ ਰਵਾਨਾ ਕੀਤਾ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਸਮੇਂ ਦੌਰਾਨ ਸਰਹੱਦੀ ਤੇ ਪੱਛੜੇ ਪੇਂਡੂ ਖੇਤਰਾਂ 'ਚ ਮੁਫ਼ਤ ਮੈਡੀਕਲ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਨੂੰ ਅੱਜ ਅਮਲੀ ਰੂਪ ਦਿੱਤਾ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਰਹੱਦੀ ਤੇ ਪੱਛੜੇ ਇਲਾਕਿਆਂ ਦੇ ਗਰੀਬ ਲੋਕਾਂ ਲਈ ਵਰਤਮਾਨ ਸਮੇਂ ਮਹਿੰਗੀਆਂ ਸਿਹਤ ਸੇਵਾਵਾਂ ਪ੍ਰਾਪਤ ਕਰਨਾ ਬੇਹੱਦ ਮੁਸ਼ਕਲ ਹੈ ਅਤੇ ਇਸੇ ਨੂੰ ਵੇਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਲੋੜਵੰਦਾਂ ਤੱਕ ਮੁਫ਼ਤ ਸਿਹਤ ਸੇਵਾਵਾਂ ਪਹੁੰਚਾਉਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਦੋ ਮੈਡੀਕਲ ਵੈਨਾਂ ਸਰਹੱਦੀ ਪਿੰਡਾਂ ਲਈ ਰਵਾਨਾ ਕੀਤੀਆਂ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਸ ਦਾ ਹੋਰ ਵਿਸਥਾਰ ਕੀਤਾ ਜਾਵੇਗਾ। ਮੈਡੀਕਲ ਵੈਨਾਂ ਵਿਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਭਾਈ ਲੌਂਗੋਵਾਲ ਨੇ ਦੱਸਿਆ ਕਿ ਹਰ ਇਕ ਵੈਨ ਵਿਚ ਮਾਹਿਰ ਡਾਕਟਰ, ਫਾਰਮਾਸਿਸਟ ਅਤੇ ਹੈਲਪਰ ਮੌਜੂਦ ਰਹਿਣਗੇ ਅਤੇ ਇਸ ਤੋਂ ਇਲਾਵਾ ਮੁਫ਼ਤ ਦਵਾਈਆਂ ਦਾ ਵੀ ਪ੍ਰਬੰਧ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮੈਡੀਕਲ ਵੈਨਾਂ ਰੋਜ਼ਾਨਾ ਪੰਜ-ਪੰਜ ਪਿੰਡਾਂ ਤੱਕ ਪਹੁੰਚ ਕਰਨਗੀਆਂ ਅਤੇ ਏਸੇ ਤਰ੍ਹਾਂ ਵਾਰੀ-ਵਾਰੀ ਵੱਖ-ਵੱਖ ਹਲਕਿਆਂ ਦੇ ਪਿੰਡਾਂ ਵਿਚ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਲੋੜਵੰਦਾਂ ਨੂੰ ਸਸਤੀਆਂ ਸਿਹਤ ਸੇਵਾਵਾਂ ਦੇਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿਹਤ ਸੰਸਥਾਵਾਂ ਵੀ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਮਰੀਜ਼ਾਂ ਦਾ ਘੱਟ ਤੋਂ ਘੱਟ ਖ਼ਰਚੇ 'ਤੇ ਇਲਾਜ਼ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿਚ ਮੁਫ਼ਤ ਮੈਡੀਕਲ ਕੈਂਪ ਵੀ ਲਗਾਏ ਜਾਂਦੇ ਹਨ। ਮੈਡੀਕਲ ਵੈਨਾਂ ਦੀ ਰਵਾਨਗੀ ਸਮੇਂ ਭਾਈ ਲੌਂਗੋਵਾਲ ਨੇ ਵੈਨਾਂ 'ਚ ਸੇਵਾ ਨਿਭਾਉਣ ਵਾਲੇ ਸਟਾਫ਼ ਨੂੰ ਗੁਰੂ ਬਖ਼ਸ਼ਿਸ਼ ਸਿਰਪਾਓ ਵੀ ਦਿੱਤੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵਡ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਭਾਈ ਅਜਾਇਬ ਸਿੰਘ ਅਭਿਆਸੀ, ਸ. ਅਵਤਾਰ ਸਿੰਘ ਵਣਵਾਲਾ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਜਗਜੀਤ ਸਿੰਘ ਜੱਗੀ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਕਰਮਬੀਰ ਸਿੰਘ ਕਿਆਮਪੁਰ, ਸ. ਰਘਬੀਰ ਸਿੰਘ ਮੰਡ ਤੇ ਸ. ਗੁਰਿੰਦਰ ਸਿੰਘ ਮੈਨੇਜਰ, ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਦੇ ਵੀ.ਸੀ. ਡਾਕਟਰ ਕੁਲਵੰਤ ਸਿੰਘ ਦੇਦ, ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾਕਟਰ ਮਨਜੀਤ ਸਿੰਘ ਉੱਪਲ, ਸ੍ਰੀ ਗੁਰੂ ਰਾਮਦਾਸ ਡੈਂਟਲ ਕਾਲਜ ਦੇ ਪ੍ਰਿੰਸੀਪਲ ਡਾ. ਕਵੀਪਾਲ ਸਿੰਘ, ਡਾ. ਬਲਜੀਤ ਸਿੰਘ, ਐਡੀਸ਼ਨਲ ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ ਅਟਾਰੀ, ਸ. ਗੁਰਮੇਲ ਸਿੰਘ ਫਫੜੇਭਾਈ ਸਮੇਤ ਹੋਰ ਮੌਜੂਦ ਸਨ।੨੫ ਅਪ੍ਰੈਲ

# ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੇ ਸਟਾਫ਼ ਦਾ ਗੁਰਸਿੱਖੀ ਵਿਚ ਪ੍ਰਪੱਕ ਹੋਣਾ ਲਾਜ਼ਮੀ-ਭਾਈ ਲੌਂਗੋਵਾਲ

## ਸਕੂਲਾਂ ਦੇ ਪ੍ਰਿੰਸੀਪਲਾਂ ਤੇ ਧਾਰਮਿਕ ਅਧਿਆਪਕਾਂ ਨਾਲ ਭਾਈ ਲੌਂਗੋਵਾਲ ਨੇ ਕੀਤੀ ਇਕੱਤਰਤਾ

## ਚੰਗੀ ਕਾਰਗੁਜ਼ਾਰੀ ਵਾਲੇ ਅਧਿਆਪਕ ਹੋਣਗੇ ਸਨਮਾਨਿਤ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਧਾਰਮਿਕ ਅਧਿਆਪਕਾਂ ਦੀ ਅੱਜ ਇਥੇ ਹੋਈ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਵਿਦਿਅਕ ਅਦਾਰਿਆਂ ਦੇ ਸਟਾਫ਼ ਦਾ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਹੋਣਾ ਲਾਜ਼ਮੀ ਹੈ ਅਤੇ ਇਸ ਵਿਚ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪ੍ਰਿੰਸੀਪਲਾਂ ਨੂੰ ਸਪੱਸ਼ਟ ਕਿਹਾ ਕਿ ਉਹ ਵਿਦਿਆਰਥੀਆਂ ਅੰਦਰ ਸਿੱਖੀ ਜਜ਼ਬਾ ਪੈਦਾ ਕਰਨ ਲਈ ਕਾਰਗਰ ਯਤਨ ਕਰਨ। ਉਨ੍ਹਾਂ ਕਿਹਾ ਕਿ ਅਸੀਂ ਅਕਸਰ ਅਧਿਕਾਰਾਂ ਦੀ ਗੱਲ ਤਾਂ ਕਰਦੇ ਹਾਂ ਪਰ ਆਪਣੇ ਫ਼ਰਜ਼ਾਂ ਪ੍ਰਤੀ ਹਮੇਸ਼ਾ ਅਵੇਸਲੇ ਰਹਿੰਦੇ ਹਾਂ। ਬੇਹਤਰ ਪ੍ਰਾਪਤੀਆਂ ਕਰਨ ਲਈ ਅਧਿਕਾਰਾਂ ਦੇ ਨਾਲ-ਨਾਲ ਸਾਨੂੰ ਫ਼ਰਜ਼ਾਂ ਪ੍ਰਤੀ ਵੀ ਸਾਨੂੰ ਸੁਚੇਤ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਸਕੂਲ ਮੁਖੀ ਅਤੇ ਅਧਿਆਪਕ ਵਿਦਿਆਰਥੀਆਂ ਲਈ ਰੋਲ ਮਾਡਲ ਹੁੰਦੇ ਹਨ ਅਤੇ ਜੇਕਰ ਸਟਾਫ਼ ਮੈਂਬਰ ਹੀ ਸਿੱਖੀ ਤੋਂ ਦੂਰ ਹੋਣਗੇ ਤਾਂ ਇਸ ਦਾ ਵਿਦਿਆਰਥੀਆਂ 'ਤੇ ਵੀ ਚੰਗਾ ਅਸਰ ਨਹੀਂ ਹੋਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਐਲਾਨ ਕੀਤਾ ਕਿ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਸਿਧਾਂਤਾਂ, ਇਤਿਹਾਸ ਅਤੇ ਗੁਰਮਤਿ ਰਹਿਣੀ ਨਾਲ ਜੋੜਨ ਦੇ ਨਾਲ-ਨਾਲ ਚੰਗਾ ਅਨੁਸ਼ਾਸਨ ਪੈਦਾ ਕਰਨ ਲਈ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਨਮਾਨਤ ਕੀਤਾ ਜਾਇਆ ਕਰੇਗਾ। ਇਸ ਤਹਿਤ ਹਰ ਸਾਲ ਖ਼ਾਲਸਾ ਸਾਜਣਾ ਦਿਵਸ ਸਮੇਂ ਤਿੰਨ ਅਧਿਆਪਕਾਂ ਨੂੰ ੫੧ ਹਜ਼ਾਰ, ੩੧ ਹਜ਼ਾਰ, ੨੧ ਹਜ਼ਾਰ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਨੌਜੁਆਨ ਸਾਡੀ ਕੌਮ ਦਾ ਭਵਿੱਖ ਹਨ ਅਤੇ ਇਨ੍ਹਾਂ ਨੂੰ ਗੁਰਸਿੱਖੀ ਨਾਲ ਜੋੜਨਾ ਸਾਡਾ ਸਾਂਝਾ ਫ਼ਰਜ਼ ਹੈ। ਉਨ੍ਹਾਂ ਸਕੂਲ ਮੁਖੀਆਂ ਨੂੰ ਕਿਹਾ ਕਿ ਜਿਸ ਵੀ ਅਦਾਰੇ ਵਿਚ ਗੁਰਦੁਆਰਾ ਸਾਹਿਬ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ ਉਥੇ ਮਰਯਾਦਾ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ ਅਤੇ ਸੇਵਾ-ਸੰਭਾਲ ਵਿਚ ਕਿਸੇ ਤਰ੍ਹਾਂ ਦੀ ਵੀ ਕੁਤਾਹੀ ਨਾ ਕੀਤੀ ਜਾਵੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਬਾਠ, ਸ. ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਅਤੇ ਡਾਇਰੈਕਟਰ ਸਿੱਖਿਆ ਡਾਕਟਰ ਜਤਿੰਦਰ ਸਿੰਘ ਸਿੱਧੂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਮੀਤ ਸਕੱਤਰ ਵਿਦਿਆ ਸ. ਹਰਜਿੰਦਰ ਸਿੰਘ ਕੈਰੋਂਵਾਲ, ਸਹਾਇਕ ਡਾਇਰੈਕਟਰ ਬੀਬੀ ਸਤਵੰਤ ਕੌਰ, ਪ੍ਰਿੰਸੀਪਲ ਤਰਨਜੀਤ ਸਿੰਘ, ਸ. ਦਰਸ਼ਨ ਸਿੰਘ ਨਿੱਜੀ ਸਹਾਇਕ ਪ੍ਰਧਾਨ ਸ਼੍ਰੋਮਣੀ ਕਮੇਟੀ ਸਮੇਤ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ ਅਤੇ ਧਾਰਮਿਕ ਅਧਿਆਪਕ ਹਾਜ਼ਰ ਸਨ।੨੫ ਅਪ੍ਰੈਲ

# ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਪ੍ਰਬੰਧਾਂ ਸਬੰਧੀ ਤਿੰਨ ਸਾਲਾ ਕੋਰਸ ਸ਼ੁਰੂ ਕੀਤਾ ਜਾਵੇਗਾ- ਭਾਈ ਲੌਂਗੋਵਾਲ

## ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਦੀ ਅਕਾਦਮਿਕ ਰੂਪ ਰੇਖਾ ਸਬੰਧੀ ਹੋਈ ਇਕੱਤਰਤਾ

ਪਟਿਆਲਾ -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਬਹਾਦਰਗੜ੍ਹ ਸਥਿਤ ਪੰਥ

ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ ਦੀ ਅਕਾਦਮਿਕ ਰੂਪ ਰੇਖਾ ਦੇ ਖਰੜੇ ਨੂੰ ਵਿਚਾਰਨ ਲਈ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਇਕ ਵਿਸ਼ੇਸ਼ ਇਕੱਤਰਤਾ ਦੌਰਾਨ ਫੈਸਲਾ ਕੀਤਾ ਗਿਆ ਕਿ ਇਸ ਸੰਸਥਾ ਵਿਚ ਗੁਰਦੁਆਰਾ ਪ੍ਰਬੰਧਾਂ ਸਬੰਧੀ ਤਿੰਨ ਸਾਲਾ ਕੋਰਸ ਸ਼ੁਰੂ ਕੀਤਾ ਜਾਵੇਗਾ, ਜਿਸ ਦਾ ਮੰਤਵ ਗੁਰਦੁਆਰਾ ਸੇਵਾ ਲਈ ਸਿਖਿਅਤ ਪ੍ਰਬੰਧਕ ਤਿਆਰ ਕਰਨਾ ਹੈ। ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਅਹੁਦੇਦਾਰਾਂ ਤੋਂ ਇਲਾਵਾ ਸਿੱਖ ਵਿਦਵਾਨ ਸ਼ਾਮਲ ਹੋਏ। ਇਕੱਤਰਤਾ ਦੌਰਾਨ ਵਿਚਾਰ ਵਿਟਾਂਦਰੇ ਤੋਂ ਬਾਅਦ ਸਹਿਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਸੰਸਥਾ ਅੰਦਰ ਪਹਿਲਾਂ ਚੱਲ ਰਹੇ ਪ੍ਰਾਜੈਕਟਾਂ ਵਿਚ ਹੋਰ ਵਾਧਾ ਕਰਦਿਆਂ ਗ੍ਰੈਜੁਏਸ਼ਨ ਪੱਧਰ ਦਾ ਤਿੰਨ ਸਾਲਾ 'ਬੈਚੁਲਰ ਆਫ਼ ਗੁਰਦੁਆਰਾ ਮੈਨੇਜਮੈਂਟ' ਕੋਰਸ ਆਰੰਭ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਕੱਤਰਤਾ ਤੋਂ ਬਾਅਦ ਗੱਲਬਾਤ ਕਰਦਿਆਂ ਦੱਸਿਆ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਾਮ 'ਤੇ ਸਥਾਪਤ ਇਸ ਸੰਸਥਾ ਵਿਚ ਨਵੇਂ ਕੋਰਸਾਂ ਦੀ ਸ਼ੁਰੂਆਤ ਕੀਤੀ ਜਾਵੇਗੀ, ਜੋ ਸਿੱਧੇ ਤੌਰ 'ਤੇ ਗੁਰਦੁਆਰਾ ਪ੍ਰਬੰਧਾਂ ਵਿਚ ਸ਼ਾਮਲ ਮੁਲਾਜ਼ਮਾਂ ਨਾਲ ਸਬੰਧਤ ਹੋਣਗੇ। ਉਨ੍ਹਾਂ ਕਿਹਾ ਕਿ ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਗੁਰਦੁਆਰਾ ਸੇਵਾ ਵਿਚ ਆਉਣ ਵਾਲੇ ਮੁਲਾਜ਼ਮਾਂ ਨੂੰ ਸਿੱਖ ਵਿਰਸੇ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਗੁਰਮਤਿ ਰਹਿਣੀ, ਸਿੱਖ ਕਦਰਾਂ-ਕੀਮਤਾਂ ਸਮੇਤ ਸਿੱਖੀ ਦੇ ਵਿਸ਼ਵੀ ਸਰੋਕਾਰਾਂ ਬਾਰੇ ਮੁਕੰਮਲ ਗਿਆਨ ਹੋਵੇ, ਕਿਉਂਕਿ ਗੁਰੂ ਘਰਾਂ ਅੰਦਰ ਸੇਵਾ ਨਿਭਾਉਣ ਵਾਲੇ ਮੁਲਾਜ਼ਮਾਂ ਦਾ ਸਿੱਧਾ ਵਾਹ ਸੰਗਤਾਂ ਨਾਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਇਥੇ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਲਈ ਗੁਰਮਤਿ ਦੀ ਸਿੱਖਿਆ ਸਬੰਧੀ ਰਿਫਰੈਸ਼ਰ ਕੋਰਸ ਚਲਾਇਆ ਜਾ ਰਿਹਾ ਹੈ, ਪਰ ਨਵੇਂ ਕੋਰਸ ਦਾ ਮੰਤਵ ਨਵੇਂ ਭਰਤੀ ਹੋਣ ਵਾਲੇ ਮੁਲਾਜ਼ਮਾਂ ਨੂੰ ਗੁਰਮਤਿ ਦੇ ਨਜ਼ਰੀਏ ਤੋਂ ਤਿਆਰ ਕਰਨਾ ਹੋਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਇਲਾਵਾ ਇਸ ਸੰਸਥਾ ਵਿਚ ਨੌਜੁਆਨਾਂ ਨੂੰ ਸਕਿਲਜ਼ ਅਤੇ ਕਰੀਅਰ ਕੌਂਸਲਿੰਗ ਕੋਰਸ ਵੀ ਕਰਵਾਏ ਜਾਣਗੇ।

ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਡਾ. ਸਰਦਾਰਾ ਸਿੰਘ ਜੌਹਲ ਚਾਂਸਲਰ ਕੇਂਦਰੀ ਯੂਨੀਵਰਸਿਟੀ ਬਠਿੰਡਾ, ਡਾ. ਸੁਖਦਰਸ਼ਨ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਡਾ. ਬਲਵੰਤ ਸਿੰਘ ਢਿੱਲੋਂ ਪ੍ਰੋਫ਼ੈਸਰ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਬਲਕਾਰ ਸਿੰਘ ਸਾਬਕਾ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸਰਬਜਿੰਦਰ ਸਿੰਘ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ. ਪ੍ਰਿਤਪਾਲ ਸਿੰਘ ਮੈਂਬਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਦਿਲਜੀਤ ਸਿੰਘ ਬੇਦੀ, ਡਾ. ਚਮਕੌਰ ਸਿੰਘ ਡਾਇਰੈਕਟਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਸ. ਦਰਸ਼ਨ ਸਿੰਘ ਪੀ.ਏ. ਆਦਿ ਮੌਜੂਦ ਸਨ।੨੯ ਅਪ੍ਰੈਲ

## ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਜੱਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ

ਅੰਮ੍ਰਿਤਸਰ, -ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜਵੇਂ ਜਥੇਦਾਰ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁੱਖੀ ਅਤੇ ੧੮ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੁਲਤਾਨ-ਉਲ-ਕੌਮ ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸ਼ਾਲ ਗੁਰਮਤਿ ਸਮਾਗਮ

ਸਜਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਜਾਏ ਗਏ ਇਸ ਗੁਰਮਤਿ ਸਮਾਗਮ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸਾਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਤੋਂ ਦ੍ਰਿੜਤਾ, ਹਿੰਮਤ, ਦਿਲੇਰੀ ਅਤੇ ਧਰਮ ਦੀਆਂ ਸੁਨਹਿਰੀ ਕਦਰਾਂ ਕੀਮਤਾਂ ਅਪਨਾਉਣ ਸਬੰਧੀ ਪ੍ਰੇਰਣਾ ਲੈਣੀ ਚਾਹੀਦੀ ਹੈ। ਸਿੰਘ ਸਾਹਿਬ ਨੇ ਕਿਹਾ ਕਿ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਸਿੱਖ ਕੌਮ ਦੇ ਅਜਿਹੇ ਜਰਨੈਲ ਸਨ, ਜਿਨ੍ਹਾਂ ਨੇ ਬਿਖੜੇ ਸਮੇਂ 'ਚ ਸਿੱਖ ਕੌਮ ਦੀ ਅਗਵਾਈ ਕੀਤੀ। ਉਨ੍ਹਾਂ ਕਿਹਾ ਕਿ ਵੱਡੇ ਘੱਲੂਘਾਰੇ ਮੌਕੇ ਕੁੱਪ ਰਹੀੜਾਂ ਦੇ ਸਥਾਨ 'ਤੇ ਉਨ੍ਹਾਂ ਥੋੜੇ ਜਿਹੇ ਸਿੰਘਾਂ ਨਾਲ ਦੁਸ਼ਮਣ ਦੀ ਵੱਡੀ ਫ਼ੌਜ ਨਾਲ ਮੁਕਾਬਲਾ ਕੀਤਾ। ਜਦੋਂ ਅਹਿਮਦ ਸ਼ਾਹ ਅਬਦਾਲੀ ਪਾਣੀਪਤ ਦੀ ਲੜਾਈ ਤੋਂ ਬਾਅਦ ੨੨੦੦ ਦੇ ਕਰੀਬ ਹਿੰਦੂ ਔਰਤਾਂ ਨੂੰ ਬੰਦੀ ਬਣਾ ਕੇ ਕਾਬਲ ਲੈ ਜਾ ਰਿਹਾ ਸੀ, ਤਾਂ ਸਰਦਾਰ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖ ਸੂਰਬੀਰਾਂ ਨੇ ਉਨ੍ਹਾਂ ਨੂੰ ਆਜ਼ਾਦ ਕਰਵਾ ਕੇ ਘਰੋ-ਘਰੀਂ ਪਹੁੰਚਾਇਆ। ਉਨ੍ਹਾਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਅੱਜ ਸਿੱਖ ਕੌਮ 'ਚ ਇਕਜੁੱਟਤਾ ਦੀ ਵੱਡੀ ਲੋੜ ਹੈ, ਕਿਉਂਕਿ ਜਦੋਂ ਵੀ ਸਿੱਖ ਇਕਜੁੱਟ ਹੋ ਕੇ ਤੁਰੇ ਹਨ ਤਾਂ ਉਨ੍ਹਾਂ ਹਮੇਸ਼ਾਂ ਕਾਮਯਾਬੀ ਹਾਸਿਲ ਕੀਤੀ ਹੈ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਸਰਦਾਰ ਆਹਲੂਵਾਲੀਆ ਦੀ ਤੀਜ਼ੀ ਜਨਮ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਉਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸ਼ਤਾਬਦੀ ਸਮਾਗਮਾ ਨਾਲ ਨੌਜਵਾਨ ਸਿੱਖ ਪੀੜ੍ਹੀ ਨੂੰ ਆਪਣੇ ਮਹਾਨ ਜਰਨੈਲਾਂ ਦੇ ਜੀਵਨ ਤੋਂ ਪ੍ਰੇਰਣਾ ਮਿਲੇਗੀ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ ਨੇ ਸ਼੍ਰੋਮਣੀ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਕਮੇਟੀ ਸਮੇਤ ਸਮੁੱਚੀਆਂ ਸਿੱਖ ਸੰਗਤਾਂ ਦਾ ਸਮਾਗਮਾਂ ਦੀ ਕਾਮਯਾਬੀ ਲਈ ਧੰਨਵਾਦ ਕੀਤਾ।

ਸ਼੍ਰੋਮਣੀ ਕਮੇਟੀ ਵਲੋਂ ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮਿਸਲ ਤਰਨਾ ਦਲ, ਬਾਬਾ ਅਵਤਾਰ ਸਿੰਘ ਸੰਪਰਦਾਇ ਦਲ ਬਿਧੀਚੰਦ ਤਰਨਾ ਦਲ ਸੁਰਸਿੰਘ, ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਇਸ ਮੌਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਅਤੇ ਉਨ੍ਹਾਂ ਵਲੋਂ ਸਿੱਖ ਕੌਮ ਲਈ ਕੀਤੇ ਮਹਾਨ ਕਾਰਜ਼ਾਂ ਬਾਰੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵਲੋਂ ਸ. ਦਿਲਜੀਤ ਸਿੰਘ ਬੇਦੀ ਦੁਆਰਾ ਸੰਪਾਦਿਤ 'ਸ. ਜੱਸਾ ਸਿੰਘ ਆਹਲੂਵਾਲੀਆ' ਦੀ ਜਨਮ ਸ਼ਤਾਬਦੀ ਸਬੰਧੀ ਪ੍ਰਕਾਸ਼ਿਤ ਸੋਵੀਨਰ ਵੀ ਸਿੰਘ ਸਾਹਿਬਾਨ ਤੇ ਹੋਰਨਾਂ ਸ਼ਖਸੀਅਤਾਂ ਵਲੋਂ ਰੀਲੀਜ ਕੀਤਾ ਗਿਆ। ਇਸੇ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਵੱਲੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਤੀਜੀ ਜਨਮ ਸਤਾਬਦੀ ਨੂੰ ਸਮਰਪਿਤ ਗੁਰਮਤਿ ਪ੍ਰਕਾਸ਼ ਦਾ ਵਿਸ਼ੇਸ ਅੰਕ ਵੀ ਜਾਰੀ ਕੀਤਾ।

ਇਸ ਮੌਕੇ ਗਿਆਨੀ ਰਣਜੀਤ ਸਿੰਘ ਗੌਹਰ, ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਅਤੇ ਹੋਰ ਵਿਦਵਾਨਾਂ ਵਲੋਂ ਸਿੱਖ ਇਤਿਹਾਸ ਸਰਵਣ ਕਰਵਾਇਆ ਗਿਆ। ਇਸ ਮੌਕੇ ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ, ਬਾਬਾ ਗੱਜਣ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਮੈਂਬਰ ਸ. ਭਗਵੰਤ ਸਿੰਘ ਸਿਆਲਕਾ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਬੀਬੀ ਕਿਰਨਜੋਤ ਕੌਰ ਤੇ ਸ. ਅਜਾਇਬ ਸਿੰਘ ਅਭਿਆਸੀ, ਮੁੱਖ ਸਕੱਤਰ ਡਾ: ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਜਗਜੀਤ ਸਿੰਘ ਜੱਗੀ, ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਬਿਜੈ ਸਿੰਘ ਬਾਦੀਆਂ, ਬਾਬਾ ਸਤਨਾਮ ਸਿੰਘ, ਬਾਬਾ ਗੁਰਬਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਵੱਸਣ ਸਿੰਘ ਮੜੀਆਂਵਾਲਾ, ਤਰਸੇਮ ਸਿੰਘ ਮਹਿਤਾ, ਸ. ਗੁਰਰਾਜਪਾਲ ਸਿੰਘ ਡੇਰਾ ਮਹਾਂਰਾਜ ਸਿੰਘ, ਗਿਆਨੀ ਅਵਤਾਰ ਸਿੰਘ ਮੈਂਬਰ ਦਿਲੀ ਕਮੇਟੀ, ਡਾ. ਬਲਵਿੰਦਰ ਸਿੰਘ ਵਾਲੀਆ ਪੱਟੀ

ਵਾਲੇ, ਸ. ਹਰਪਾਲ ਸਿੰਘ ਵਾਲੀਆ, ਜਥੇ: ਪ੍ਰਦੀਪ ਸਿੰਘ ਵਾਲੀਆ, ਜਗਦੀਸ਼ ਸਿੰਘ ਵਾਲੀਆ, ਗੁਰਪ੍ਰੀਤ ਸਿੰਘ ਕਲਕੱਤਾ, ਗਿਆਨੀ ਭਗਵਾਨ ਸਿੰਘ ਜੌਹਲ, ਬਾਬਾ ਸਮਸ਼ੇਰ ਸਿੰਘ ਜਗੇੜਾ, ਸ. ਗੁਰਪ੍ਰਤਾਪ ਸਿੰਘ ਟਿੱਕਾ, ਸ. ਵਿਜੈਪਾਲ ਸਿੰਘ, ਸ. ਜਗਜੀਤ ਸਿੰਘ ਵਾਲੀਆ, ਸ. ਜਗਦੀਸ਼ ਸਿੰਘ ਆਹਲੂਵਾਲੀਆ ਤੇ ਸ. ਹਰਵਿੰਦਰਪਾਲ ਸਿੰਘ ਪਟਿਆਲੇ ਵਾਲੇ ਸਮੇਤ ਹੋਰ ਪੰਥਕ ਸ਼ਖਸੀਅਤਾਂ ਅਤੇ ਸਿੱਖ ਸੰਗਤਾਂ ਹਾਜ਼ਰ ਸਨ। ੩ ਮਈ

## ਫਤਹਿਗੜ੍ਹ ਸਾਹਿਬ ਦੇ ਦਾਲੋਮਾਜਰਾ, ਅਜਨਾਲਾ ਦੇ ਅਵਾਨ ਤੇ ਡੇਰਾ ਬਾਬਾ ਨਾਨਕ ਦੇ ਸਰਫਕੋਟ ਪਿੰਡਾਂ ਵੱਲੋਂ ਇੱਕ ਗੁਰਦੁਆਰਾ ਸਾਹਿਬ ਬਣਾਇਆ

## ਪਿੰਡ ਦਾਲੋਮਾਜਰਾ ਦੇ ਗੁਰਦੁਆਰਾ ਸਾਹਿਬ ਦੀ ਖਾਲੀ ਹੋਈ ਇਮਾਰਤ 'ਚ ਸ਼੍ਰੋਮਣੀ ਕਮੇਟੀ ਬਣਾਏਗੀ ਲਾਇਬ੍ਰੇਰੀ ਭਾਈ ਲੌਂਗੋਵਾਲ

੩੦ ਅਪ੍ਰੈਲ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥਕ ਏਕਤਾ ਅਤੇ ਪਿੰਡਾਂ ਵਿਚ ਸਮਾਜਿਕ ਸਾਂਝ ਵਧਾਉਣ ਲਈ 'ਇਕ ਪਿੰਡ ਇਕ ਗੁਰਦੁਆਰਾ ਮੁਹਿੰਮ' ਤਹਿਤ ਸੰਗਤਾਂ ਨੂੰ ਪਿੰਡਾ ਅੰਦਰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਨੂੰ ਇਕ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਰੰਭੀ ਗਈ ਧਰਮ ਪ੍ਰਚਾਰ ਲਹਿਰ ਤਹਿਤ ਜਿਥੇ ਸੰਗਤਾਂ ਨੂੰ ਧਰਮ ਵਿਚ ਪ੍ਰਪਕਤਾ ਲਈ ਪ੍ਰੇਰਿਆ ਜਾ ਰਿਹਾ ਹੈ ਉਥੇ ਸਮਾਜ ਵਿਚੋਂ ਜਾਤ-ਪਾਤ ਦੇ ਖਾਤਮੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਬਹੁਤੇ ਗੁਰਦੁਆਰਾ ਸਾਹਿਬਾਨ ਨੂੰ ਇਕ ਕਰਨ ਲਈ ਸੰਗਤਾਂ ਵਿਚ ਸਹਿਮਤੀ ਬਣਾਈ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਅਰੰਭੀ ਇਸ ਲਹਿਰ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ ਹੈ। ਹਲਕਾ ਜਗਰਾਉਂ ਦੇ ਪਿੰਡ ਚੱਕਰ ਅਤੇ ਫਰੀਦਕੋਟ ਦੇ ਪਿੰਡ ਧੂੜਕੋਟ ਤੋਂ ਬਾਅਦ ਹੋਰਨਾ ਪਿੰਡਾ ਦੀਆਂ ਸੰਗਤਾਂ ਵੱਲੋਂ ਵੀ ਇਸ ਮੁਹਿੰਮ ਦਾ ਹਿਸਾ ਬਣਦਿਆਂ ਆਪਣੇ ਪਿੰਡਾਂ ਅੰਦਰ ਬਹੁਤੇ ਗੁਰਦੁਆਰਾ ਸਾਹਿਬਾਨ ਤੋਂ ਇਕ ਕਰਨ ਦਾ ਅਮਲ ਅਰੰਭਿਆ ਗਿਆ ਹੈ। ਪਿੰਡ ਅਵਾਣ ਦੀਆਂ ਸੰਗਤਾਂ ਵੱਲੋਂ ਵੀ ਪਿੰਡ ਵਿਚ ਇਕ ਗੁਰਦੁਆਰਾ ਸਾਹਿਬ ਕਰਨ ਦੀ ਪਹਿਲਕਦਮੀ ਕੀਤੀ ਗਈ ਹੈ। ਇਸੇ ਤਰ੍ਹਾਂ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਸਰਫਕੋਟ ਵਿਚ ਵੀ ਪੰਜ ਗੁਰਦੁਆਰਾ ਸਾਹਿਬਾਨ ਤੋਂ ਇਕ ਗੁਰਦੁਆਰਾ ਕੀਤਾ ਗਿਆ ਹੈ। ਇਸੇ ਤਰ੍ਹਾਂ ਫਤਹਿਗੜ੍ਹ ਸਾਹਿਬ ਦੇ ਪਿੰਡ ਦਾਲੋਮਾਜਰਾ ਦੇ ਵਾਸੀਆਂ ਵੱਲੋਂ ਇਤਿਹਾਸਕ ਫੈਸਲਾ ਲੈਂਦਿਆਂ ਪਿੰਡ ਵਿਚ ਦੋ ਤੋਂ ਇਕ ਗੁਰਦੁਆਰਾ ਸਾਹਿਬ ਕੀਤਾ ਗਿਆ। ਪਿੰਡ ਵਾਸੀਆਂ ਨੇ ਇਹ ਫੈਸਲਾ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਜਥੇਦਾਰ ਕਰਨੈਲ ਸਿੰਘ ਪੰਜੋਲੀ, ਭਾਈ ਗੁਰਦਰਸ਼ਨ ਸਿੰਘ ਫਤਹਿਗੜ੍ਹ ਸਾਹਿਬ ਤੇ ਸ. ਤਲਵਿੰਦਰ ਸਿੰਘ ਬੁੱਟਰ ਦੀ ਪ੍ਰੇਰਣਾ ਨਾਲ ਲਿਆ। ਇਸ ਸਮੇਂ ਸਮਾਗਮ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਿੰਡ ਦਾਲੋਮਾਜਰਾ ਦੇ ਵਾਸੀਆਂ ਵੱਲੋਂ ਧੜੇਬੰਧੀ ਤੋਂ ਉਪਰ ਉਠ ਕੇ ਵਡੇਰੇ ਪੰਥਕ ਹਿਤਾਂ ਖਾਤਰ ਦੋ ਤੋਂ ਇੱਕ ਗੁਰਦੁਆਰਾ ਸਾਹਿਬ ਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਖਾਲੀ ਹੋਈ ਇੱਕ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਅਹਲੂਵਾਲੀਆ ਦੇ ਨਾਂ ਤੇ ਧਾਰਮਿਕ ਲਾਏਬ੍ਰੇਰੀ ਸਥਾਪਤ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਲਾਇਬ੍ਰੇਰੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਤੋਂ ਇਲਾਵਾ ੫੦ ਹਜਾਰ ਰੁਪਏ ਦੀਆਂ ਹੋਰ ਕਿਤਾਬਾਂ ਵੀ ਖਰੀਦ ਕੇ ਦਿੱਤੀਆਂ ਜਾਣਗੀਆਂ। ਭਾਈ ਲੌਂਗੋਵਾਲ ਨੇ ਵੱਖ-ਵੱਖ ਪਿੰਡਾਂ ਵੱਲੋਂ ਇਸ ਮੁਹਿੰਮ ਦਾ ਹਿਸਾ

ਬਣ ਕੇ ਆਪਣੇ ਪਿੰਡਾਂ ਵਿਚ ਇਕ ਗੁਰਦੁਆਰਾ ਸਾਹਿਬ ਕਰਨ ਲਈ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਬਾਕੀ ਸੰਗਤਾਂ ਨੂੰ ਇਸ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ।

ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਪਿੰਡਾਂ ਵਿਚ ਇੱਕ ਗੁਰਦੁਆਰਾ ਹੋਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਵਧੀਆਂ ਢੰਗ ਨਾਲ ਕਾਇਮ ਰੱਖਿਆ ਜਾ ਸਕੇਗਾ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਤੇ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇੱਕ ਪਿੰਡ ਇੱਕ ਗੁਰਦੁਆਰਾ ਸਾਹਿਬ ਮੁਹਿੰਮ ਦੇ ਨਾਲ ਪਿੰਡਾਂ ਵਿਚ ਜਾਤਾਂ ਪਾਤਾਂ, ਧੜੇਬੰਦੀਆਂ ਤੇ ਸਮਾਜਿਕ ਵਖਰੇਵਿਆਂ ਨੂੰ ਦੂਰ ਕਰਨ ਵਿਚ ਸਹਾਇਤਾ ਮਿਲੇਗੀ।

ਇਸ ਮੌਕੇ ਪਿੰਡ ਦੇ ਸਰਪੰਚ ਸ. ਨਰਿੰਦਰ ਸਿੰਘ ਸਾਹੀ ਨੇ ਪਿੰਡ ਵਿਚ ਬਣਨ ਵਾਲੀ ਲਾਇਬ੍ਰੇਰੀ ਲਈ ਆਪਣੇ ਪਰਿਵਾਰ ਵੱਲੋਂ ਫਰਨੀਚਰ ਦੀ ਸੇਵਾ ਕਰਵਾਉਣ ਦਾ ਐਲਾਨ ਕੀਤਾ ਅਤੇ ਸ. ਤਜਿੰਦਰ ਸਿੰਘ ਦੇ ਪਰਿਵਾਰ ਨੇ ਇਸ ਲਾਇਬ੍ਰੇਰੀ ਵਿਚ ਬੱਚਿਆਂ ਨੂੰ ਗੁਰਬਾਣੀ ਸੰਥਿਆ ਦੀ ਸੇਵਾ ਦੀ ਜਿੰਮੇਵਾਰੀ ਲਈ। ਇਸ ਤੋਂ ਪਹਿਲਾਂ ਇੱਕ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਅਦਬ ਨਾਲ ਦੂਸਰੇ ਗੁਰਦੁਆਰਾ ਸਾਹਿਬ ਵਿਚ ਨਗਰ ਕੀਰਤਨ ਦੇ ਰੂਪ ਵਿਚ ਲਿਆਂਦਾ ਗਿਆ, ਜਿਸ ਦੀ ਸੇਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਨਿਭਾਈ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਰਨੈਲ ਸਿੰਘ ਤੇ ਭਾਈ ਹਰਦੀਪ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਪਿੰਡ ਵਾਸੀਆਂ ਤੇ ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ, ਜਦਕਿ ਪਿੰਡ ਵਲੋਂ ਧੰਨਵਾਦ ਵਜੋਂ ਭਾਈ ਲੌਂਗੋਵਾਲ ਤੇ ਗਿਆਨੀ ਰਘਬੀਰ ਸਿੰਘ ਦਾ ਵੀ ਸਨਮਾਨ ਕੀਤਾ ਗਿਆ।

ਇਸ ਮੌਕੇ ਹਲਕੇ ਦੇ ਅਕਾਲੀ ਆਗੂ ਸ. ਦੀਦਾਰ ਸਿੰਘ ਭੱਟੀ, ਸ. ਰਣਜੀਤ ਸਿੰਘ ਲਿਬੜਾ, ਸ. ਹਰਵਿੰਦਰ ਸਿੰਘ ਬੱਬਲ, ਭਾਈ ਗੁਰਚਰਨ ਸਿੰਘ ਗਰੇਵਾਲ, ਜਥੇਦਾਰ ਕਰਨੈਲ ਸਿੰਘ ਪੰਜੋਲੀ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਪਰਮਜੀਤ ਸਿੰਘ ਸਰੋਆ, ਸ. ਦਰਸ਼ਨ ਸਿੰਘ ਲੌਂਗੋਵਾਲ ਪੀਏ, ਸ. ਬਲਜੀਤ ਸਿੰਘ ਭੁੱਟਾ, ਮੈਨੇਜਰ ਸ. ਨੱਥਾ ਸਿੰਘ, ਸ. ਸ਼ਮਸ਼ੇਰ ਸਿੰਘ, ਸ. ਤੇਜਿੰਦਰ ਸਿੰਘ, ਸ. ਸਰਬਜੀਤ ਸਿੰਘ ਸੋਢੀ, ਸ. ਹਰਭਜਨ ਸਿੰਘ ਨੰਬਰਦਾਰ, ਸ. ਪ੍ਰਤਾਪ ਸਿੰਘ ਕਾਲਾ, ਸ. ਸਾਹਿਬ ਸਿੰਘ, ਸ. ਮਲਕੀਤ ਸਿੰਘ ਸੋਢੀ, ਸ. ਪ੍ਰਤਾਪ ਸਿੰਘ ਪੰਚ, ਸ. ਮੁਖਤਿਆਰ ਸਿੰਘ, ਸ. ਜਗਤਾਰ ਸਿੰਘ ਅਤੇ ਸ. ਪਵਨਦੀਪ ਸਿੰਘ ਆਦਿ ਮੌਜੂਦ ਸਨ। ੩੦ ਅਪ੍ਰੈਲ

## ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਪਛਾਣ ਸਬੰਧੀ ਵਿਸ਼ੇਸ਼ ਦਸਤਾਵੇਜ਼ ਜਾਰੀ

ਪਟਿਆਲਾ -ਵਿਦੇਸ਼ਾਂ ਅੰਦਰ ਪਛਾਣ ਦੀ ਦੁਬਿਧਾ ਕਾਰਨ ਸਿੱਖਾਂ ਨੂੰ ਆਉਂਦੀਆਂ ਮੁਸ਼ਕਿਲਾਂ ਦੇ ਹੱਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦਾ ਵਿਸ਼ੇਸ਼ ਦਸਤਾਵੇਜ਼ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਜਾਰੀ ਕੀਤਾ। ਅੰਗਰੇਜ਼ੀ 'ਚ ਤਿਆਰ ਕੀਤੇ ਗਏ ਇਸ ਅਹਿਮ ਦਸਤਾਵੇਜ਼ ਵਿਚ ਸਿੱਖ ਧਰਮ ਦੇ ਸ਼ਾਨਾਮੱਤੇ ਇਤਿਹਾਸ ਤੋਂ ਇਲਾਵਾ ਸਿੱਖ ਪਛਾਣ, ਸਿੱਖਾਂ ਦੇ ਵਿਦੇਸ਼ਾਂ ਅੰਦਰ ਵੱਸਣ ਦੇ ਮੁੱਢਲੇ ਦੌਰ ਸਬੰਧੀ ਜਾਣਕਾਰੀ, ਸਿੱਖਾਂ ਦੀਆਂ ਵਿਸ਼ਵੀ ਪ੍ਰਾਪਤੀਆਂ, ਵਿਦੇਸ਼ਾਂ ਅੰਦਰ ਵਰਤਮਾਨ ਸਥਿਤੀ, ਕਾਰੋਬਾਰ, ਸਿੱਖ ਸਭਿਆਚਾਰ ਦੀ ਅਮੀਰੀ, ਸਿੱਖ ਕਕਾਰਾਂ ਸਮੇਤ ਸਿੱਖਾਂ ਦੇ ਹੋਰਨਾਂ ਧਰਮਾਂ ਦੇ ਲੋਕਾਂ ਨਾਲ ਭਰਾਤਰੀ ਸਬੰਧਾਂ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਪਹਿਲੀ ਸੰਸਾਰ ਜੰਗ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਸਿੱਖਾਂ ਦੇ ਇਤਿਹਾਸ ਅਤੇ ਵਿਸ਼ਵ ਪੱਧਰੀ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ 'ਤੇ ਰਾਜਸੀ, ਸਮਾਜਿਕ, ਵਪਾਰਕ,

ਪ੍ਰਸ਼ਾਸਨਿਕ ਅਤੇ ਧਾਰਮਿਕ ਖੇਤਰ ਨਾਲ ਸਬੰਧਤ ਸ਼ਖਸੀਅਤਾਂ ਦੇ ਜ਼ਿਕਰ ਨੂੰ ਇਸ ਵਿਚ ਵਿਸ਼ੇਸ਼ ਸਥਾਨ ਦਿੱਤਾ ਗਿਆ ਅਤੇ ਵਿਦੇਸ਼ਾਂ ਅੰਦਰ ਪੁਰਾਤਨ ਸਮੇਂ ਤੋਂ ਸਿੱਖ ਗੁਰਦੁਆਰਿਆਂ ਦੀ ਸਥਾਪਨਾ ਅਤੇ ਉਨ੍ਹਾਂ ਵੱਲੋਂ ਸਰਬੱਤ ਦੇ ਭਲੇ ਲਈ ਪਾਏ ਯੋਗਦਾਨ ਨੂੰ ਵੀ ਦਰਸਾਇਆ ਗਿਆ ਹੈ।

ਕਿਤਾਬਚੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੇ ਮਸਲਿਆਂ ਨੂੰ ਲੈ ਕੇ ਸੰਜੀਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਸਿੱਖ ਪਛਾਣ ਦੀ ਦੁਬਿਧਾ ਦੇ ਹੱਲ ਲਈ ਯਤਨ ਕੀਤਾ ਗਿਆ ਹੈ ਅਤੇ ਇਸ ਕਿਤਾਬਚੇ ਨੂੰ ਵੱਖ-ਵੱਖ ਦੇਸ਼ਾਂ ਦੀਆਂ ਅੰਬੈਸੀਆਂ, ਸਰਕਾਰਾਂ ਆਦਿ ਤਕ ਭੇਜਿਆ ਜਾਵੇਗਾ ਹੈ। ਇਸ ਦੀ ਕਾਪੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਆਉਂਦੇ ਹਰ ਵਿਦੇਸ਼ੀ ਨੁਮਾਇੰਦੇ ਨੂੰ ਵੀ ਦਿੱਤੀ ਜਾਇਆ ਕਰੇਗੀ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਸਮੇਂ ਇਸ ਸਬੰਧ ਵਿਚ ਇੱਕ ਸਬ-ਕਮੇਟੀ ਬਣਾਈ ਗਈ ਸੀ, ਜਿਸ ਵਿਚ ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਕਾਰ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਧਰਮ ਸਿੰਘ ਪਟਿਆਲਾ ਤੇ ਸ. ਦਿਲਜੀਤ ਸਿੰਘ ਬੇਦੀ ਸ਼ਾਮਲ ਸਨ, ਜਿਨ੍ਹਾਂ ਵੱਲੋਂ ਇਹ ਕਿਤਾਬਚਾ ਤਿਆਰ ਕੀਤਾ ਗਿਆ ਹੈ।

ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਮੈਂਬਰ ਸ. ਜਰਨੈਲ ਸਿੰਘ ਕਰਤਾਰਪੁਰ, ਡਾ. ਸਰਦਾਰਾ ਸਿੰਘ ਜੌਹਲ ਚਾਂਸਲਰ ਕੇਂਦਰੀ ਯੂਨੀਵਰਸਿਟੀ ਬਠਿੰਡਾ, ਡਾ. ਸੁਖਦਰਸ਼ਨ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਡਾ. ਬਲਵੰਤ ਸਿੰਘ ਢਿੱਲੋਂ ਪ੍ਰੋਫ਼ੈਸਰ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਬਲਕਾਰ ਸਿੰਘ ਸਾਬਕਾ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸਰਬਜਿੰਦਰ ਸਿੰਘ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ. ਪ੍ਰਿਤਪਾਲ ਸਿੰਘ ਮੈਂਬਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਦਿਲਜੀਤ ਸਿੰਘ ਬੇਦੀ, ਡਾ. ਚਮਕੌਰ ਸਿੰਘ ਡਾਇਰੈਕਟਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਸ. ਦਰਸ਼ਨ ਸਿੰਘ ਪੀ.ਏ. ਆਦਿ ਮੌਜੂਦ ਸਨ।

## ਜੇਕਰ ੧੦ ਦਿਨਾਂ 'ਚ ਕਿਤਾਬ ਵਾਪਸ ਨਾ ਲਈ ਤਾਂ ੧੯ ਮਈ ਨੂੰ ਸੱਦਿਆ ਜਾਵੇਗਾ ਪੰਥਕ ਇਕੱਠ -ਭਾਈ ਲੌਂਗੋਵਾਲ

### ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਇਕੱਤਰਤਾ ਦੌਰਾਨ ਵਿਸ਼ੇਸ਼ ਮਤੇ ਨੂੰ ਦਿੱਤੀ ਪ੍ਰਵਾਨਗੀ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੈਂਬਰ ਸਾਹਿਬਾਨ ਦੀ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਹੋਈ ਇਕ ਵਿਸ਼ੇਸ਼ ਇਕੱਤਰਤਾ ਦੌਰਾਨ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ ਗਈ ਕਿ ਜੇਕਰ ਉਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਦੇ ਇਤਿਹਾਸ ਦੇ ਸਿਲੇਬਸ ਲਈ ਤਿਆਰ ਕੀਤੀ ਪੁਸਤਕ ਨੂੰ ੧੦ ਦਿਨਾਂ ਦੇ ਅੰਦਰ-ਅੰਦਰ ਵਾਪਸ ਨਾ ਲਿਆ ਤਾਂ ਸ਼੍ਰੋਮਣੀ ਕਮੇਟੀ ੧੯ ਮਈ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਸਮੂਹ ਪੰਥਕ ਜਥੇਬੰਦੀਆਂ ਦਾ ਵਿਸ਼ਾਲ ਇਕੱਠ ਬੁਲਾ ਕੇ ਸਖ਼ਤ ਫੈਸਲਾ ਲਵੇਗੀ। ਇਕੱਤਰਤਾ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਨੌਜੁਆਨੀ ਨੂੰ ਪੰਜਾਬ ਅਤੇ ਸਿੱਖ ਕੌਮ ਦੇ

ਇਤਿਹਾਸ ਨਾਲੋਂ ਤੋੜਨ ਦੀ ਰਚੀ ਗਈ ਸਾਜ਼ਿਸ਼ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਇਸ ਸਬੰਧੀ ਅੱਜ ਦੀ ਇਕੱਤਰਤਾ ਵਿਚ ਹਾਜ਼ਰ ਮੈਂਬਰਾਂ ਨੇ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹਰ ਸੰਘਰਸ਼ ਵਿਚ ਮੋਹਰੀ ਰੋਲ ਅਦਾ ਕਰਨ ਦੀ ਇਕਸੁਰਤਾ ਦਿਖਾਈ ਹੈ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਨਿੱਜੀ ਪ੍ਰਕਾਸ਼ਕਾਂ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਸਿਲੇਬਸ ਦੀਆਂ ਸਹਾਇਕ ਪੁਸਤਕਾਂ ਸਬੰਧੀ ਵੀ ਸ਼੍ਰੋਮਣੀ ਕਮੇਟੀ ਇਕ ਸਬ-ਕਮੇਟੀ ਦਾ ਗਠਨ ਕਰੇਗੀ ਜੋ ਹਰ ਪੁਸਤਕ 'ਤੇ ਆਪਣੀ ਨਜ਼ਰ ਰੱਖੇਗੀ।

ਇਕੱਤਰਤਾ ਦੌਰਾਨ ਮੈਂਬਰ ਸਾਹਿਬਾਨ ਦੇ ਵਿਚਾਰ ਜਾਣਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਕ ਵਿਸ਼ੇਸ਼ ਮਤਾ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਜਾਣ-ਬੁੱਝ ਕੇ ਸਿੱਖਾਂ ਦੀ ਵਿਲੱਖਣ ਹੋਂਦ ਹਸਤੀ, ਨਿਆਰੇਪਨ, ਸਿੱਖ ਵਿਰਸੇ-ਵਿਰਾਸਤ ਅਤੇ ਸਿੱਖਾਂ ਦੇ ਸ਼ਾਨਾਮੱਤੇ ਇਤਿਹਾਸ ਨਾਲੋਂ ਪੰਜਾਬ ਦੀ ਨੌਜੁਆਨੀ ਨੂੰ ਤੋੜਨ ਦਾ ਨਾ-ਬਰਦਾਸ਼ਤਯੋਗ ਕਾਰਜ ਕੀਤਾ ਹੈ। ਪਹਿਲਾਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਤੇ ਸਿਧਾਂਤ ਨੂੰ ਨੇਸਤੋ-ਨਾਬੂਦ ਕਰਨ ਲਈ ੧੯੮੪ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ, ਜਿਸ ਵਿਚ ਸਿੱਖ ਦਾ ਬੇਤਹਾਸ਼ਾ ਜਾਨੀ-ਮਾਲੀ ਨੁਕਸਾਨ ਹੋਇਆ। ਹੁਣ ਪੰਜਾਬ ਦੀ ਕਾਂਗਰਸ ਸਰਕਾਰ ਨੇ ਸਿੱਧ ਸਿਧਾਂਤਾਂ, ਸਿੱਖ ਸੰਸਥਾਵਾਂ, ਸਿੱਖ ਸੱਭਿਆਚਾਰ ਅਤੇ ਸਿੱਖ ਇਤਿਹਾਸ ਨੂੰ ਤਹਿਸ-ਨਹਿਸ ਕਰਨ ਲਈ ਘਨੌਣੀ ਕਾਰਵਾਈ ਕਰਦਿਆਂ ਬਾਰ੍ਹਵੀਂ ਦੇ ਸਿਲੇਬਸ ਅਤੇ ਪਾਠਕ੍ਰਮ ਵਿੱਚੋਂ ਗੁਰ ਇਤਿਹਾਸ, ਸਿੱਖ ਇਤਿਹਾਸ ਤੇ ਪੰਜਾਬ ਦੀ ਵਿਰਾਸਤ ਨੂੰ ਖ਼ਤਮ ਕਰਕੇ ਸਿੱਖਾਂ 'ਤੇ ਕੌਮੀ ਹਮਲਾ ਕੀਤਾ ਹੈ।ਪੰਜਾਬ ਗੁਰੂ ਸਾਹਿਬਾਨ ਦੇ ਨਾਂ 'ਤੇ ਵੱਸਦਾ ਹੈ ਅਤੇ ਜੇਕਰ ਪੰਜਾਬ ਦੇ ਇਤਿਹਾਸ ਵਿੱਚੋਂ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਕੱਢ ਦੇਈਏ ਤਾਂ ਇਹ ਪੰਜਾਬ ਦਾ ਇਤਿਹਾਸ ਨਹੀਂ ਕਿਹਾ ਜਾ ਸਕਦਾ। ਭਾਰਤ ਦੇ ਸੱਭਿਆਚਾਰ ਨੂੰ ਬਚਾਉਣ ਲਈ ਸਿੱਖ ਕੌਮ ਦੀਆਂ ਕੁਰਬਾਨੀਆਂ ਅਤੇ ਯੋਗਦਾਨ ਨੂੰ ਵਿਸਾਰ ਕੇ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਬਾਰ੍ਹਵੀਂ ਜਮਾਤ ਦੇ ਸਿਲੇਬਸ ਦੀ ਤਿਆਰ ਕੀਤੀ ਇਤਿਹਾਸ ਦੀ ਪੁਸਤਕ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਮਤੇ ਰਾਹੀਂ ਮੰਗ ਕੀਤੀ ਗਈ ਕਿ ਨਵੀਂ ਪੁਸਤਕ 'ਤੇ ਤੁਰੰਤ ਰੋਕ ਲਗਾ ਕੇ ਸਰਕਾਰ ਪਹਿਲਾਂ ਵਾਲੇ ਸਿਲੇਬਸ ਨੂੰ ਲਾਗੂ ਕਰੇ ਅਤੇ ਇਸ ਦੇ ਨਾਲ ਹੀ ਇਸ ਸਾਜ਼ਿਸ਼ ਵਿਚ ਸ਼ਾਮਲ ਵਿਅਕਤੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਮਤੇ ਵਿਚ ਇਹ ਵੀ ਮੰਗ ਕੀਤੀ ਗਈ ਕਿ ਪੰਜਾਬ ਅੰਦਰ ਪਹਿਲੀ ਜਮਾਤ ਤੋਂ ਲੈ ਕੇ ਐਮ.ਏ. ਤੱਕ ਦੇ ਸਿਲੇਬਸ ਵਿਚ ਵਿਦਿਆਰਥੀਆਂ ਦੇ ਬੌਧਿਕ ਪੱਧਰ ਅਨੁਸਾਰ ਸਿੱਖ ਕੌਮ ਦਾ ਇਤਿਹਾਸ ਲਾਜ਼ਮੀ ਕੀਤਾ ਜਾਵੇ। ਇਸ ਤੋਂ ਇਲਾਵਾ ਸਿਲੇਬਸ ਕਮੇਟੀਆਂ ਵਿਚ ਸਿੱਖ ਇਤਿਹਾਸਕਾਰ ਮੈਂਬਰ ਲਏ ਜਾਣ। ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਹੋਰ ਬੋਰਡ ਅਤੇ ਬਾਹਰਲੇ ਸੂਬਿਆਂ ਦੇ ਬੋਰਡ ਵੀ ਸਿੱਖ ਇਤਿਹਾਸ ਨੂੰ ਸਿਲੇਬਸ ਦਾ ਹਿੱਸਾ ਬਣਾਉਣ, ਤਾਂ ਕਿ ਸਮੁੱਚੇ ਭਾਰਤੀ ਵਾਸੀ ਪੰਜਾਬ ਦੇ ਸ਼ਾਨਾਮੱਤੇ ਇਤਿਹਾਸ ਤੇ ਸਿੱਖ ਕੌਮ ਦੇ ਗੌਰਵਮਈ ਵਿਰਸੇ ਤੋਂ ਜਾਣੂ ਹੋ ਸਕਣ। ਮਤੇ ਰਾਹੀਂ ਸਮੂਹ ਸੰਸਾਰ ਦੇ ਸਿੱਖਾਂ, ਬੁੱਧੀਜੀਵੀਆਂ, ਲੇਖਕਾਂ, ਪੰਥ ਹਿਤੈਸ਼ੀਆਂ, ਧਾਰਮਿਕ ਸਮਾਜਿਕ ਆਗੂਆਂ, ਕੌਮੀ ਦਰਦੀਆਂ ਨੂੰ ਅਪੀਲ ਕੀਤੀ ਗਈ ਕਿ ਆਪਸੀ ਦੂਸ਼ਣਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ ਅਤੇ ਸਿੱਖ ਸਿਧਾਂਤਾਂ, ਪ੍ਰੰਪਰਾਵਾਂ ਤੇ ਸਿੱਖ ਮਰਯਾਦਾ ਦੀ ਪ੍ਰਮਾਣਿਕਤਾ ਨੂੰ ਚਨੌਤੀ ਦੇਣ ਵਾਲੇ ਵਿਅਕਤੀ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਕੌਮ ਦੀ ਚੜ੍ਹਦੀ ਕਲਾ ਲਈ ਉਸਾਰੂ ਪਹੁੰਚ ਅਪਨਾਉਣ।

ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਾਰਵਾਈ ਅਰੰਭ ਕਰਦਿਆਂ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ ਨੂੰ ਸਕੂਲ ਪਾਠਕ੍ਰਮ ਵਿੱਚੋਂ ਖ਼ਤਮ ਕਰਨ ਨੂੰ ਪੰਜਾਬ ਸਰਕਾਰ ਵੱਲੋਂ ਸਿੱਖ ਕੌਮ ਨਾਲ ਧ੍ਰੋਹ ਦੱਸਦਿਆਂ ਵੱਖ-ਵੱਖ ਮੈਂਬਰਾਂ ਨੂੰ ਮਾਮਲੇ ਸਬੰਧੀ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ, ਜਿਸ 'ਤੇ

ਸਮੂਹ ਮੈਂਬਰਾਂ ਨੇ ਇਕਸੁਰ ਹੋ ਕੇ ਇਸ ਸਬੰਧੀ ਸਖ਼ਤ ਰੁਖ ਅਪਨਾਉਣ ਦੀ ਗੱਲ ਕਹੀ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸੀਨੀਅਰ ਅਕਾਲੀ ਨੇਤਾ ਜਥੇਦਾਰ ਤੋਤਾ ਸਿੰਘ ਜੋ ਪੰਜਾਬ ਦੇ ਸਿੱਖਿਆ ਮੰਤਰੀ ਵੀ ਰਹਿ ਚੁੱਕੇ ਹਨ ਨੇ ਬੋਰਡ ਵੱਲੋਂ ਸਿਲੇਬਸ ਤਿਆਰ ਕਰਨ ਦੇ ਵਿਧੀ ਵਿਧਾਨ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਐਨ.ਸੀ.ਈ.ਆਰ.ਟੀ. ਵੱਲੋਂ ਕੀਤੀਆਂ ਸਿਫ਼ਾਰਸ਼ਾਂ ਲਈ ਰਾਜ ਸਰਕਾਰਾਂ ਪਾਬੰਦ ਨਹੀਂ ਹਨ। ਪਰ ਇਸ ਦੇ ਬਾਵਜੂਦ ਵੀ ਪੰਜਾਬ ਦੀ ਮੌਜੂਦਾ ਸਰਕਾਰ ਨੇ ਸਿਲੇਬਸ ਬਦਲਣ ਦੀ ਗਲਤੀ ਜਾਣ-ਬੁੱਝ ਕੇ ਕੀਤੀ ਹੈ। ਇਸ ਤੋਂ ਇਲਾਵਾ ਸ. ਹਰਪਾਲ ਸਿੰਘ ਜੱਲਾ, ਸ. ਗੁਰਬਚਨ ਸਿੰਘ ਕਰਮੂੰਵਾਲਾ, ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਕਰਨੈਲ ਸਿੰਘ ਪੰਜੋਲੀ, ਇਤਿਹਾਸਕਾਰ ਡਾ. ਬਲਵੰਤ ਸਿੰਘ ਢਿੱਲੋਂ, ਭਾਈ ਅਮਰਜੀਤ ਸਿੰਘ ਚਾਵਲਾ, ਬੀਬੀ ਕਿਰਨਜੋਤ ਕੌਰ, ਭਾਈ ਗੁਰਚਰਨ ਸਿੰਘ ਗਰੇਵਾਲ, ਪ੍ਰਿੰਸੀਪਲ ਸੁਰਿੰਦਰ ਸਿੰਘ ਸ੍ਰੀ ਅਨੰਦਪੁਰ ਸਾਹਿਬ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਬੀਬੀ ਹਰਜਿੰਦਰ ਕੌਰ ਚੰਡੀਗੜ੍ਹ ਨੇ ਆਪਣੇ ਸੰਬੋਧਨ ਦੌਰਾਨ ਪੰਜਾਬ ਸਰਕਾਰ ਵੱਲੋਂ ਸਿਲੇਬਸ 'ਚੋਂ ਸਿੱਖ ਕੌਮ ਦਾ ਇਤਿਹਾਸ ਮਨਫ਼ੀ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ।

ਇਸ ਇਕੱਤਰਤਾ ਵਿਚ ੧੦੦ ਤੋਂ ਵੱਧ ਮੈਂਬਰ ਸ਼ਾਮਲ ਹੋਏ, ਜਿਨ੍ਹਾਂ ਵਿਚ ਸ. ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਸ. ਹਰਪਾਲ ਸਿੰਘ ਜੱਲਾ ਜੂਨੀਅਰ ਮੀਤ ਪ੍ਰਧਾਨ, ਸ. ਗੁਰਬਚਨ ਸਿੰਘ ਕਰਮੂੰਵਾਲਾ ਜਨਰਲ ਸਕੱਤਰ, ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ, ਜਥੇਦਾਰ ਤੋਤਾ ਸਿੰਘ ਸੀਨੀਅਰ ਅਕਾਲੀ ਆਗੂ, ਸ. ਲਖਬੀਰ ਸਿੰਘ ਅਰਾਈਆਂਵਾਲਾ, ਸ. ਸੱਜਣ ਸਿੰਘ ਬੱਜੂਮਾਨ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸ. ਰਵਿੰਦਰ ਸਿੰਘ ਚੱਕ, ਸ. ਗੁਰਮੀਤ ਸਿੰਘ ਬੂਹ, ਸ. ਭਗਵੰਤ ਸਿੰਘ ਸਿਆਲਕਾ, ਸ. ਗੁਰਤੇਜ ਸਿੰਘ ਢੱਡੇ, ਸ. ਨਵਤੇਜ ਸਿੰਘ ਕਾਉਣੀ, ਸ. ਹਰਦੇਵ ਸਿੰਘ ਰੋਗਲਾ, ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਅਜਾਇਬ ਸਿੰਘ ਅਭਿਆਸੀ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਮਨਜੀਤ ਸਿੰਘ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਕੇਵਲ ਸਿੰਘ ਬਾਦਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਸੁਰਜੀਤ ਸਿੰਘ ਗੜੀ, ਸ. ਨਿਰਮੈਲ ਸਿੰਘ ਜੌਲਾਂ, ਬੀਬੀ ਕਿਰਨਜੋਤ ਕੌਰ, ਸ. ਨਿਰਮਲ ਸਿੰਘ ਹਰਿਆਓ, ਸ. ਦਵਿੰਦਰ ਸਿੰਘ ਖੱਟੜਾ, ਸ. ਰਣਜੀਤ ਸਿੰਘ ਕਾਹਲੋਂ, ਬਾਬਾ ਨਿਰਮਲ ਸਿੰਘ, ਸ. ਕੁਲਵੰਤ ਸਿੰਘ ਮੰਨਣ, ਸ. ਸੁਖਵਰਸ਼ ਸਿੰਘ ਪੰਨੂੰ, ਸ. ਸਰਵਣ ਸਿੰਘ ਕੁਲਾਰ, ਸ. ਪ੍ਰਿਤਪਾਲ ਸਿੰਘ ਪਾਲੀ, ਸ. ਭੁਪਿੰਦਰ ਸਿੰਘ ਅਸੰਧ, ਪ੍ਰਿੰਸੀਪਲ ਸੁਰਿੰਦਰ ਸਿੰਘ, ਸ. ਅਮਰੀਕ ਸਿੰਘ ਕੋਟਸ਼ਮੀਰ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਅਵਤਾਰ ਸਿੰਘ ਵਣਵਾਲਾ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਗੁਰਨਾਮ ਸਿੰਘ ਜੱਸਲ, ਬੀਬੀ ਹਰਜਿੰਦਰ ਕੌਰ ਚੰਡੀਗੜ੍ਹ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਪਰਮਵੀਰ ਸਿੰਘ, ਬੀਬੀ ਰਣਜੀਤ ਸਿੰਘ ਮਾਹਲਪੁਰ, ਸ. ਸਵਿੰਦਰ ਸਿੰਘ ਸਭਰਵਾਲ, ਸੰਤ ਬਲਬੀਰ ਸਿੰਘ ਘੁੰਨਸ, ਸ. ਸੁਖਦੇਵ ਸਿੰਘ ਬਾਠ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਅਮਰਜੀਤ ਸਿੰਘ ਬੰਡਾਲਾ, ਸ. ਬਲਦੇਵ ਸਿੰਘ ਚੂੰਘਾ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਰਤਨ ਸਿੰਘ ਜੱਫ਼ਰਵਾਲ, ਸ. ਬਲਦੇਵ ਸਿੰਘ ਕਾਇਮਪੁਰ, ਸ. ਸਤਵਿੰਦਰ ਸਿੰਘ ਟੌਹੜਾ, ਸ. ਮਨਜੀਤ ਸਿੰਘ ਬੱਪੀਆਣਾ, ਸ. ਜੈਪਾਲ ਸਿੰਘ ਮੰਡੀਆਂ, ਸ. ਮਲਕੀਤ ਸਿੰਘ ਚੰਗਾਲ, ਸ. ਭੁਪਿੰਦਰ ਸਿੰਘ ਭਲਵਾਨ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਭਰਪੂਰ ਸਿੰਘ ਖਾਲਸਾ, ਸ. ਚਰਨਜੀਤ ਸਿੰਘ ਕਾਲੇਵਾਲ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਜੁਗਰਾਜ ਸਿੰਘ ਦੋਧਰ, ਸ. ਹਰਵਿੰਦਰ ਸਿੰਘ ਰਣੀਆ, ਬੀਬੀ ਨਰਿੰਦਰ ਕੌਰ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ ਬਾਠ ਤੇ ਸ. ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਦਿਲਜੀਤ ਸਿੰਘ ਬੇਦੀ, ਸ. ਜਗਜੀਤ ਸਿੰਘ ਜੱਗੀ, ਸ. ਪ੍ਰਤਾਪ ਸਿੰਘ ਆਦਿ ਮੌਜੂਦ ਸਨ। *੭ ਮਈ*

## ਛੱਤੀਸਗੜ੍ਹ ਤੋਂ ਗੁਰ-ਅਸਥਾਨਾਂ ਦੇ ਦਰਸ਼ਨ ਕਰਨ ਪਹੁੰਚੇ ਸਿਕਲੀਗਰ ਸਿੱਖ ਜਥੇ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ

ਅੰਮ੍ਰਿਤਸਰ, -ਛੱਤੀਸਗੜ੍ਹ ਸੂਬੇ ਤੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਪੰਜਾਬ ਪਹੁੰਚੀਆਂ ਸਿਕਲੀਗਰ ਸਿੱਖ ਸੰਗਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖ ਦਫ਼ਤਰ ਵਿਖੇ ਸਨਮਾਨਿਤ ਕੀਤਾ ਗਿਆ। ਸਿਕਲੀਗਰ ਸਿੱਖ ਭਾਈਚਾਰੇ ਦਾ ਇਹ ਜਥਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਦਰਸ਼ਨ ਕਰਨ ਤੋਂ ਬਾਅਦ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਇਆ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਵਧੀਕ ਸਕੱਤਰ ਸ. ਜਸਵਿੰਦਰ ਸਿੰਘ ਦੀਨਪੁਰ ਤੇ ਸ. ਹਰਪ੍ਰੀਤ ਸਿੰਘ ਵਧੀਕ ਮੈਨੇਜਰ ਨੇ ਜਥੇ ਦੇ ਆਗੂਆਂ ਨੂੰ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਭਾਈਚਾਰੇ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਿਸ਼ੇਸ਼ ਯਤਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਿਕਲੀਗਰ ਸਿੱਖ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਰੱਖਦੇ ਹਨ ਅਤੇ ਇਨ੍ਹਾਂ ਦਾ ਸਿੱਖੀ ਪ੍ਰਤੀ ਪੂਰਨ ਵਿਸ਼ਵਾਸ ਹੈ। ਉਨ੍ਹਾਂ ਦੱਸਿਆ ਕਿ ਛੱਤੀਸਗੜ੍ਹ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰਨਾਂ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਪਹੁੰਚੇ ਸਿਕਲੀਗਰ ਸਿੱਖ ਜਥੇ ਲਈ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਬੰਧ ਕੀਤੇ ਗਏ ਸਨ। ਇਸ ਦੌਰਾਨ ਸਿਕਲੀਗਰ ਸਿੱਖ ਜਥੇ ਦੇ ਆਗੂਆਂ ਨੇ ਗੁਰ-ਅਸਥਾਨਾਂ ਦੇ ਦਰਸ਼ਨਾਂ ਲਈ ਦਿੱਤੇ ਸਹਿਯੋਗ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਧੰਨਵਾਦ ਕੀਤਾ।

ਇਸ ਮੌਕੇ ਛੱਤੀਸਗੜ੍ਹ ਅੰਦਰ ਧਰਮ ਪ੍ਰਚਾਰ ਲਈ ਸਰਗਰਮ ਭਾਈ ਗੁਰਮੀਤ ਸਿੰਘ ਸੈਣੀ ਰਾਏਪੁਰ ਸਮੇਤ ਜਥੇ ਨਾਲ ਪਹੁੰਚੇ ਸਿਕਲੀਗਰ ਸਿੱਖ ਆਗੂਆਂ ਵਿੱਚੋਂ ਸ. ਦਾਰਾ ਸਿੰਘ ਰਾਏਪੁਰ, ਸ. ਗੁਰਦੀਪ ਸਿੰਘ ਅਬਨਪੁਰ, ਸ. ਰਘਬੀਰ ਸਿੰਘ ਦੱਲੀਰਾਜਰਾ, ਸ. ਮੰਗਲ ਸਿੰਘ ਰਾਜਨੰਦਗਾਂਵ, ਸ. ਅਤਰ ਸਿੰਘ ਭਲਈ, ਸ. ਕਿਸ਼ਨ ਸਿੰਘ ਰਾਏਪੁਰ, ਸ. ਭਗਤ ਸਿੰਘ ਬਿਲਾਸਪੁਰ, ਸ. ਹਿੰਮਤ ਸਿੰਘ ਰਾਏਪੁਰ ਆਦਿ ਮੌਜੂਦ ਸਨ।੨੭ ਅਪ੍ਰੈਲ

## ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਇਆ ਸਰਦਾਰ ਹਰੀ ਸਿੰਘ ਨਲਵਾ ਦਾ ਸ਼ਹੀਦੀ ਦਿਹਾੜਾ

ਅੰਮ੍ਰਿਤਸਰ, - ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਦਾ ਸ਼ਹੀਦੀ ਦਿਹਾੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਪਲਵਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਅਰਦਾਸ ਭਾਈ ਗੁਰਚਰਨ ਸਿੰਘ ਅਰਦਾਸੀਏ ਨੇ ਕੀਤੀ। ਇਸ ਮੌਕੇ ਭਾਈ ਹਰਮਿੱਤਰ ਸਿੰਘ ਕਥਾਵਾਚਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਨੇ ਸਰਦਾਰ ਹਰੀ ਸਿੰਘ ਜੀ ਨਲਵਾ ਦੇ ਜੀਵਨ ਇਤਿਹਾਸ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਨੇ ਆਪਣੀ ਬਹਾਦਰੀ ਨਾਲ ਦੁਨੀਆਂ ਵਿਚ ਲੋਹਾ ਮਨਵਾਇਆ। ਉਨ੍ਹਾਂ ਸਿੱਖ ਰਾਜ ਦੀ ਸਥਾਪਤੀ ਲਈ ਅਹਿਮ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਸੂਰਬੀਰ ਯੋਧੇ ਸ. ਨਲਵੇ ਦੇ ਜੀਵਨ ਤੋਂ ਸਾਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਮੈਂਬਰ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਐਡੀਸ਼ਨਲ ਮੈਨੇਜਰ ਸ. ਲਖਵਿੰਦਰ ਸਿੰਘ ਬੱਦੋਵਾਲ, ਸ. ਲਖਬੀਰ ਸਿੰਘ ਤੇ ਸ. ਸੁਖਰਾਜ ਸਿੰਘ, ਸ੍ਰੀ ਦਰਬਾਰ ਸਾਹਿਬ ਦਾ ਸਟਾਫ ਅਤੇ ਸੰਗਤਾਂ ਹਾਜ਼ਰ ਸਨ।੨੭ ਅਪ੍ਰੈਲ

## ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿਚ ਲਏ ਗਏ ਅਹਿਮ ਫੈਸਲੇ

ਚੰਡੀਗੜ੍ਹ, – ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੇ ਸਿਲੇਬਸ ਲਈ ਤਿਆਰ ਕੀਤੀ ਇਤਿਹਾਸ ਦੀ ਪੁਸਤਕ ਵਿੱਚੋਂ ਗੁਰ-ਇਤਿਹਾਸ, ਸਿੱਖ-ਇਤਿਹਾਸ ਤੇ ਪੰਜਾਬ ਦਾ ਇਤਿਹਾਸ ਖ਼ਤਮ ਕਰਨ ਦੇ ਮਾਮਲੇ ਸਬੰਧੀ ਅਗਲੀ ਰਣਨੀਤੀ ਤੈਅ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਾਰੇ ਮੈਂਬਰਾਂ ਦੀ ਇਕ ਹੰਗਾਮੀ ਇਕੱਤਰਤਾ ੭ ਮਈ ਨੂੰ ਅੰਮ੍ਰਿਤਸਰ ਸਥਿਤ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਬੁਲਾਈ ਗਈ ਹੈ। ਇਹ ਫੈਸਲਾ ਧਰਮ ਪ੍ਰਚਾਰ ਕਮੇਟੀ ਦੀ ਇਥੇ ਸ਼੍ਰੋਮਣੀ ਕਮੇਟੀ ਦੇ ਉਪ-ਦਫ਼ਤਰ ਵਿਖੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਹੋਈ ਇਕ ਇਕੱਤਰਤਾ 'ਚ ਲਿਆ ਗਿਆ। ਇਕੱਤਰਤਾ ਦੌਰਾਨ ਸਰਕਾਰ ਵੱਲੋਂ ਬਾਰ੍ਹਵੀਂ ਜਮਾਤ ਦੇ ਸਿਲੇਬਸ ਵਿੱਚੋਂ ਸਿੱਖ ਇਤਿਹਾਸ ਨੂੰ ਮਨਫੀ ਕਰਨ ਦੀ ਕੋਝੀ ਹਰਕਤ ਸਬੰਧੀ ਨਿੰਦਾ ਮਤਾ ਵੀ ਪਾਸ ਕੀਤਾ ਗਿਆ।

ਇਕੱਤਰਤਾ ਤੋਂ ਬਾਅਦ ਪੰਜਾਬ ਦੀ ਕਾਂਗਰਸ ਸਰਕਾਰ ਤੇ ਤਿੱਖੇ ਹਮਲੇ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿਲੇਬਸ ਵਿੱਚੋਂ ਸਿੱਖ ਕੌਮ ਨਾਲ ਸਬੰਧਤ ਇਤਿਹਾਸ ਨੂੰ ਖ਼ਤਮ ਕਰਕੇ ਖ਼ਾਲਸਾ ਪੰਥ ਨਾਲ ਵੱਡਾ ਧ੍ਰੋਹ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ ਨੂੰ ਜੇਕਰ ਪੰਜਾਬ ਦੇ ਇਤਿਹਾਸ ਵਿੱਚੋਂ ਕੱਢ ਦੇਈਏ ਤਾਂ ਪਿੱਛੇ ਕੁਝ ਨਹੀਂ ਬਚਦਾ। ਭਾਰਤ ਦੇ ਸੱਭਿਆਚਾਰ ਨੂੰ ਬਚਾਉਣਨ ਲਈ ਸਿੱਖ ਕੌਮ ਦੀਆਂ ਕੁਰਬਾਨੀਆਂ ਅਤੇ ਯੋਗਦਾਨ ਨੂੰ ਕਦੀ ਵੀ ਭੁਲਾਇਆ ਨਹੀ ਜਾ ਸਕਦਾ। ਉਨ੍ਹਾਂ ਪੰਜਾਬ ਦੀ ਕਾਂਗਰਸ ਨੂੰ ਅਕ੍ਰਿਤਘਣ ਆਖਦਿਆਂ ਤਾੜਨਾ ਕੀਤੀ ਕਿ ਉਹ ਸਿੱਖ ਵਿਰੋਧੀ ਕਾਰਵਾਈਆਂ ਨੂੰ ਤੁਰੰਤ ਬੰਦ ਕਰੇ ਅਤੇ ਸਿਲਬੇਸ ਵਿੱਚੋਂ ਸਿੱਖ ਕੌਮ ਦੇ ਇਤਿਹਾਸ ਨੂੰ ਖ਼ਤਮ ਕਰਨ ਦਾ ਫੈਸਲਾ ਤੁਰੰਤ ਬਦਲ ਕੇ ਪਹਿਲਾਂ ਵਾਲੀ ਪੁਸਤਕ ਲਾਗੂ ਕਰੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਤਰਜ਼ਮਾਨ ਸੰਸਥਾ ਹੋਣ ਕਰਕੇ ਇਸ ਗੰਭੀਰ ਮਸਲੇ ਪ੍ਰਤੀ ਅਗਲੀ ਰਣਨੀਤੀ ਅਪਨਾਉਣ ਲਈ ੭ ਮਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਵਿਚਾਰ ਚਰਚਾ ਕਰੇਗੀ। ਇਕ ਸਵਾਲ ਦੇ ਜਵਾਬ ਵਿਚ ਭਾਈ ਲੌਂਗੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਇਆ ਜਾ ਰਿਹਾ ਇਹ ਦੋਸ਼ ਬਿਲਕੁਲ ਨਿਰਮੂਲ ਹੈ ਕਿ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਸਿਲੇਬਸ ਤਿਆਰ ਕਰਨ ਸਮੇਂ ਹੋਈਆਂ ੨੦ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਰਿਹਾ ਹੈ। ਉਨ੍ਹਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਭੇਜਿਆ ਪੱਤਰ ਦਿਖਾਉਂਦਿਆਂ ਕਿਹਾ ਕਿ ਬੋਰਡ ਵੱਲੋਂ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਸ਼ਾਮਲ ਕਰਨ ਲਈ ੨੩ ਫਰਵਰੀ ੨੦੧੮ ਨੂੰ ਭੇਜੇ ਇਕ ਪੱਤਰ ਰਾਹੀਂ ਸ਼੍ਰੋਮਣੀ ਕਮੇਟੀ ਜਾਣਕਾਰੀ ਦਿੱਤੀ ਗਈ ਸੀ। ਉਨ੍ਹਾਂ ਸਰਕਾਰ ਨੂੰ ਸਵਾਲ ਕੀਤਾ ਕਿ ਇਸ ਤਰੀਕ ਤੋਂ ਬਾਅਦ ਕਿਹੜੀਆਂ ੨੦ ਮੀਟਿੰਗਾਂ ਹੋਈਆਂ। ਉਨ੍ਹਾਂ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆਂ ਕਿਹਾ ਕਿ ਕਾਂਗਰਸ ਸਰਕਾਰ ਆਪਣੀ ਗਲਤੀ ਨੂੰ ਛਪਾਉਣ ਲਈ ਨਿੱਤ ਨਵੇਂ ਹੱਥਕੰਡੇ ਅਪਨਾ ਰਹੀ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਸਿਲੇਬਸ ਬਣਾਉਣ ਵਾਲੀ ਕਮੇਟੀ ਦਾ ਹਿੱਸਾ ਨਹੀਂ ਸੀ, ਸਗੋਂ ਉਸ ਨੂੰ ਤਾਂ ਕੇਵਲ ਕੁਝ ਚੈਪਟਰ ਹੀ ਪੜ੍ਹਨ ਲਈ ਭੇਜੇ ਗਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਡਾ. ਪਰਮਵੀਰ ਸਿੰਘ ਵੱਲੋਂ ਇਹ ਵੀ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਜੋ ਚੈਪਟਰ ਉਸ ਨੂੰ ਪੜ੍ਹਨ ਲਈ ਦਿੱਤੇ ਗਏ ਉਨ੍ਹਾਂ ਸਬੰਧੀ ਦਿੱਤੇ ਗਏ ਸੁਝਾਵਾਂ ਨੂੰ ਵੀ ਸਿੱਖਿਆ ਬੋਰਡ ਨੇ ਲਾਗੂ ਨਹੀਂ ਕੀਤਾ।

ਇਕੱਤਰਤਾ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਸੁਖਵਰਸ਼ ਸਿੰਘ ਪੰਨੂੰ, ਸ. ਮਨਜੀਤ ਸਿੰਘ ਬੱਪੀਆਣਾ, ਸ. ਤੇਜਿੰਦਰਪਾਲ ਸਿੰਘ ਢਿੱਲੋਂ, ਸ. ਪ੍ਰਿਤਪਾਲ ਸਿੰਘ ਲੁਧਿਆਣਾ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਸ. ਜਗਜੀਤ ਸਿੰਘ ਜੱਗੀ, ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਸ. ਦਰਸ਼ਨ ਸਿੰਘ ਪੀ.ਏ., ਸ. ਲਖਬੀਰ ਸਿੰਘ ਮੀਤ ਸਕੱਤਰ ਚੰਡੀਗੜ੍ਹ ਉਪ-ਦਫ਼ਤਰ, ਸ. ਜਗੀਰ ਸਿੰਘ ਮੈਨੇਜਰ ਆਦਿ ਮੌਜੂਦ ਸਨ।੦੪ ਮਈ

## ਭਾਈ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਸੁਖਚੈਨ ਸਿੰਘ ਦੇ ਚਲਾਣੇ 'ਤੇ ਅਫਸੋਸ ਪ੍ਰਗਟਾਇਆ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਸੁਖਚੈਨ ਸਿੰਘ ਧਰਮਪੁਰਾ ਦੇ ਅਕਾਲ ਚਾਲਣਾ ਕਰ ਜਾਣ 'ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸੁਖਚੈਨ ਸਿੰਘ ਨਿੱਘੇ ਸੁਭਾਅ ਦੇ ਮਾਲਕ ਹੋਣ ਦੇ ਨਾਲ ਗੁਰਮਤਿ ਰਹਿਣੀ ਦੇ ਪੱਕੇ ਧਾਰਨੀ ਸਨ। ਉਨ੍ਹਾਂ ਦੀਆਂ ਧਾਰਮਿਕ ਸੇਵਾਵਾਂ ਕਰਕੇ ਉਹ ਸੰਤ ਸਮਾਜ ਦੇ ਜਨਰਲ ਸਕੱਤਰ ਦੀ ਸੇਵਾ ਵੀ ਨਿਭਾਅ ਰਹੇ ਸਨ। ਅਜਿਹੀ ਧਾਰਮਿਕ ਸ਼ਖਸੀਅਤ ਦੇ ਚਲਾਣੇ ਨਾਲ ਸਿੱਖ ਕੌਮ ਨੂੰ ਵੱਡਾ ਘਾਟਾ ਪਿਆ ਹੈ, ਜੋ ਪੂਰਿਆ ਨਹੀਂ ਜਾ ਸਕਦਾ। ਭਾਈ ਲੌਂਗੋਵਾਲ ਨੇ ਕਿਹਾ ਕਿ ਬਾਬਾ ਸੁਖਚੈਨ ਸਿੰਘ ਦੀਆਂ ਸੇਵਾਵਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਬਾਬਾ ਸੁਖਚੈਨ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਕਰਤਾ ਪੁਰਖ ਦੇ ਭਾਣੇ ਨੂੰ ਟਾਲ਼ਿਆ ਨਹੀਂ ਜਾ ਸਕਦਾ ਕਿਉਂਕਿ ਮੌਤ ਦਾ ਵਰਤਾਰਾ ਸਭ 'ਤੇ ਲਾਗੂ ਹੁੰਦਾ ਹੈ। ਉਨ੍ਹਾਂ ਅਰਦਾਸ ਕੀਤੀ ਕਿ ਪਰਮਾਤਮਾ ਵਿਛੜੀ ਰੂਹ ਨੂੰ ਚਰਨਾਂ 'ਚ ਨਿਵਾਸ ਬਖਸ਼ਣ। ਇਸੇ ਦੌਰਾਨ ਬਾਬਾ ਸੁਖਚੈਨ ਸਿੰਘ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਹਰਪਾਲ ਸਿੰਘ ਜੱਲ੍ਹਾ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ ਬਾਠ, ਸ. ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਜਗਜੀਤ ਸਿੰਘ ਜੱਗੀ ਨਿੱਜੀ ਸਕੱਤਰ ਸਮੇਤ ਹੋਰ ਅਹੁਦੇਦਾਰਾਂ, ਮੈਂਬਰਾਂ ਤੇ ਅਧਿਕਾਰੀਆਂ ਨੇ ਵੀ ਦੁੱਖ ਪ੍ਰਗਟ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਨੁਸਾਰ ਬਾਬਾ ਸੁਖਚੈਨ ਸਿੰਘ ਧਰਮਪੁਰਾ ਦੇ ਅਕਾਲ ਚਲਾਣੇ ਦੇ ਅਫਸੋਸ ਵਜੋਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਬਾਅਦ ਦੁਪਹਿਰ ਅੱਧਾ ਦਿਨ ਲਈ ਬੰਦ ਕਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਬਾਬਾ ਸੁਖਚੈਨ ਸਿੰਘ ਧਰਮਪੁਰਾ ਦੇ ਅੰਤਿਮ ਸੰਸਕਾਰ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਮੀਤ ਸਕੱਤਰ ਸ. ਕਰਮਬੀਰ ਸਿੰਘ ਕਿਆਮਪੁਰ ਨੂੰ ਭੇਜਿਆ ਗਿਆ।੨੩ ਅਪ੍ਰੈਲ

■

**ਅੰਮ੍ਰਿਤ ਛਕੋ, ਸਿੰਘ ਸਜੋ**

# ਧਰਮ ਪ੍ਰਚਾਰ ਸਰਗਰਮੀਆਂ

## ਸ਼੍ਰੋਮਣੀ ਕਮੇਟੀ ਵੱਲੋਂ ਗ੍ਰੰਥੀਆਂ ਨੂੰ ਗੁਰਬਾਣੀ ਸੰਥਿਆ ਦੇਣ ਲਈ ਪਾਠ ਬੋਧ ਸਮਾਗਮ ਆਰੰਭ

## ਗੁਰਬਾਣੀ ਦੇ ਸਹੀ ਅਰਥ ਸਮਝਣ ਲਈ ਸ਼ੁੱਧ ਉਚਾਰਨ ਦੀ ਸਮਝ ਜ਼ਰੂਰੀ -ਗਿਆਨੀ ਗੁਰਬਚਨ ਸਿੰਘ

## ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਜਾਣਕਾਰੀ ਲਈ ਪਾਠ ਬੋਧ ਸਮਾਗਮਾਂ ਦਾ ਵੱਡਾ ਮਹੱਤਵ- ਭਾਈ ਲੌਂਗੋਵਾਲ

ਅੰਮ੍ਰਿਤਸਰ -ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗ੍ਰੰਥੀ ਤੇ ਪਾਠੀ ਸਿੰਘਾਂ ਨੂੰ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਸਿੱਖਿਆ ਦੇਣ ਲਈ ਸਥਾਨਕ ਭਾਈ ਗੁਰਦਾਸ ਹਾਲ ਵਿਖੇ ਗੁਰਬਾਣੀ ਪਾਠ ਬੋਧ ਸਮਾਗਮ ਆਰੰਭ ਕੀਤਾ ਗਿਆ, ਜੋ ੧੯ ਮਈ ਤੀਕ ਚੱਲੇਗਾ। ਸਮਾਗਮ ਦੀ ਆਰੰਭਤਾ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸਮੇਤ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਮੌਜੂਦ ਸਨ। ਪਾਠ ਬੋਧ ਸਮਾਗਮ ਦੀ ਆਰੰਭਤਾ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਾਰਜ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਆਰੰਭਤਾ ਦੀ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਲਿਆ।

ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਘਰਾਂ ਦੇ ਗ੍ਰੰਥੀ ਸਿੰਘਾਂ ਲਈ ਗੁਰਬਾਣੀ ਦੀ ਸੰਥਿਆ ਬੇਹੱਦ ਜ਼ਰੂਰੀ ਹੈ, ਕਿਉਂਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਨਾਲ ਹੀ ਗੁਰਬਾਣੀ ਦੇ ਸਹੀ ਅਰਥਾਂ ਨੂੰ ਸਮਝਿਆ ਜਾ ਸਕਦਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਕੈਂਪਾਂ ਨਾਲ ਗ੍ਰੰਥੀ ਸ਼੍ਰੇਣੀ ਨੂੰ ਭਰਪੂਰ ਲਾਭ ਪ੍ਰਾਪਤ ਹੋਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਜਾਣਕਾਰੀ ਲਈ ਪਾਠ ਬੋਧ ਸਮਾਗਮਾਂ ਦਾ ਵੱਡਾ ਮਹੱਤਵ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਪੰਜਾਬ ਦੇ ਤਿੰਨਾਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਅਗਵਾਈ ਵਿਚ ਨਿਰੰਤਰ ਚਲਾਏ ਜਾਣਗੇ ਅਤੇ ਇਸੇ ਤਹਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਜਲਦ ਹੀ ਪਾਠ ਬੋਧ ਸਮਾਗਮਾਂ ਦੀ ਆਰੰਭਤਾ ਕੀਤੀ ਜਾਵੇਗੀ। ਭਾਈ ਲੌਂਗੋਵਾਲ ਨੇ ਗ੍ਰੰਥੀ ਤੇ ਅਖੰਡਪਾਠੀ ਸਿੰਘਾਂ ਨੂੰ ਅਪੀਲ ਕੀਤੀ ਕਿ ਉਹ ਪਾਠ ਬੋਧ ਸਮਾਗਮ ਵਿਚ ਲਗਾਤਾਰ ਹਾਜ਼ਰੀ ਭਰਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦੌਰਾਨ ਮੁਕੰਮਲ ਸੰਥਿਆ ਪ੍ਰਾਪਤ ਕਰਨ ਵਾਲੇ ਸਿੰਘਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਮਾਣ ਪੱਤਰ ਦੇ ਨਾਲ ੫੧-੫੧ ਸੌ ਰੁਪਏ ਸਨਮਾਨ ਵਜੋਂ ਦਿੱਤੇ ਜਾਣਗੇ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਆਸ ਪ੍ਰਗਟ ਕੀਤੀ ਕਿ ਸੰਥਿਆ ਪ੍ਰਾਪਤ ਕਰਨ ਵਾਲੇ ਗ੍ਰੰਥੀ ਸਿੰਘ ਜਿਥੇ ਗੁਰਬਾਣੀ ਦੇ ਸ਼ੁੱਧ ਉਚਾਰਨ ਲਈ

ਆਪ ਸੁਚੇਤ ਹੋਣਗੇ, ਉਥੇ ਹੀ ਸੰਗਤਾਂ ਨੂੰ ਵੀ ਗੁਰਬਾਣੀ ਦੇ ਸ਼ੁੱਧ ਉਚਾਰਨ ਦੇ ਮਹੱਤਵ ਬਾਰੇ ਜਾਗਰੂਕ ਕਰਨਗੇ। ਇਸੇ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਜਿਥੇ ਸੰਥਿਆ ਪ੍ਰਾਪਤ ਕਰਨ ਵਾਲਿਆਂ ਨੂੰ ਵਡਭਾਗਾ ਕਿਹਾ, ਉਥੇ ਹੀ ਗ੍ਰੰਥੀ ਸਿੰਘਾਂ ਨੂੰ ਨਿੱਜੀ ਤੌਰ 'ਤੇ ਸਹਿਜ ਪਾਠ ਕਰਨ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਹਿਜ ਪਾਠ ਕਰਨ ਨਾਲ ਗੁਰਬਾਣੀ ਉਚਾਰਨ ਦਾ ਅਭਿਆਸ ਵਧਦਾ ਹੈ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਪਾਠ ਬੋਧ ਸਮਾਗਮ ਦੀ ਸਮੁੱਚੀ ਰੂਪ ਰੇਖਾ ਸਾਂਝੀ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸੰਥਿਆ ਪ੍ਰਾਪਤ ਕਰਨ ਵਾਲੇ ਗ੍ਰੰਥੀ ਤੇ ਅਖੰਡ ਪਾਠੀ ਸਿੰਘਾਂ ਨਾਲ ਗੁਰਬਾਣੀ ਵਿਆਕਰਣ ਦੇ ਭੇਦ ਸਾਂਝੇ ਕਰਦਿਆਂ ਗੁਰਮੁਖੀ ਲਿਪੀ ਦੀਆਂ ਧੁਨੀਆਂ ਸਬੰਧੀ ਜਾਣਕਾਰੀ ਦਿੱਤੀ। ਭਾਈ ਪ੍ਰਮਿੰਦਰ ਸਿੰਘ ਨੇ ਹਾਜ਼ਰ ਸਿੰਘਾਂ ਨੂੰ ਗੁਰਬਾਣੀ ਦੀ ਸੰਥਿਆ ਆਰੰਭ ਕਰਵਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਭਾਈ ਪ੍ਰਮਿੰਦਰ ਸਿੰਘ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਬੀਬੀ ਕਿਰਨਜੋਤ ਕੌਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂੰ, ਸ. ਹਰਦਲਬੀਰ ਸਿੰਘ ਸ਼ਾਹ ਸਾਬਕਾ ਮੈਂਬਰ, ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਜਗਜੀਤ ਸਿੰਘ ਜੱਗੀ, ਸ. ਮਹਿੰਦਰ ਸਿੰਘ ਆਹਲੀ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਪ੍ਰਤਾਪ ਸਿੰਘ, ਸ. ਬਿਜੈ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਹਰਜੀਤ ਸਿੰਘ ਲਾਲੂ ਘੁੰਮਣ, ਸ. ਸਿਮਰਜੀਤ ਸਿੰਘ, ਸ. ਭੁਪਿੰਦਰ ਸਿੰਘ, ਸ. ਨਿਸ਼ਾਨ ਸਿੰਘ, ਪ੍ਰਚਾਰਕ ਭਾਈ ਸੁਰਜੀਤ ਸਿੰਘ ਸਭਰਾ, ਭਾਈ ਜਗਦੇਵ ਸਿੰਘ ਆਦਿ ਮੌਜੂਦ ਸਨ।੧੭ ਅਪ੍ਰੈਲ

## ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਤਹਿਤ ਖ਼ਾਲਸਾ ਸਾਜਨਾ ਦਿਵਸ ਮੌਕੇ ਹਜ਼ਾਰਾਂ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ

ਅੰਮ੍ਰਿਤਸਰ -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਤਹਿਤ ਖ਼ਾਲਸਾ ਸਾਜਣਾ ਦਿਵਸ ਮੌਕੇ ਵੱਖ-ਵੱਖ ਥਾਵਾਂ 'ਤੇ ਕਰਵਾਏ ਗਏ ਅੰਮ੍ਰਿਤ ਸੰਚਾਰ 'ਚ ਹਜ਼ਾਰਾਂ ਪ੍ਰਾਣੀਆਂ ਨੇ ਅੰਮ੍ਰਿਤਪਾਨ ਕਰਕੇ ਗੁਰੂ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਚੱਲ ਰਹੀ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਲਹਿਰ ਨੂੰ ਵੱਡੇ ਪੱਧਰ 'ਤੇ ਹੁੰਗਾਰਾ ਮਿਲ ਰਿਹਾ ਹੈ ਅਤੇ ਇਸੇ ਤਹਿਤ ਵਿਸਾਖੀ ਪੁਰਬ ਸਮੇਂ ਵੱਖ-ਵੱਖ ਥਾਵਾਂ 'ਤੇ ਹੋਏ ਅੰਮ੍ਰਿਤ ਸੰਚਾਰ ਸਮਾਗਮਾਂ 'ਚ ਅੰਮ੍ਰਿਤ ਛਕਣ ਵਾਲੀਆਂ ਸੰਗਤਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕੀਤਾ। ਉਨ੍ਹਾਂ ਦੱਸਿਆ ਕਿ ਖ਼ਾਲਸੇ ਦੇ ਸਾਜਣਾ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ੪੫੦੦ ਤੋਂ ਵੱਧ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ੧੩੦੦ ਦੇ ਕਰੀਬ ਪ੍ਰਾਣੀ ਗੁਰੂ ਵਾਲੇ ਬਣੇ ਹਨ। ਦੂਸਰੇ ਪਾਸੇ ਖ਼ਾਲਸਾ ਸਾਜਣਾ ਦਿਵਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਏ ਅੰਮ੍ਰਿਤ ਸੰਚਾਰ ਦੌਰਾਨ ੨੨੦੪ ਸੰਗਤਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤ ਸੰਚਾਰ ਸਮਾਗਮਾਂ ਦਾ ਪ੍ਰਬੰਧ ਕੀਤਾ ਗਿਆ, ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਗੁਰੂ ਵਾਲੀ ਬਣੀ। ਸ. ਬੇਦੀ ਨੇ ਕੁਝ ਗੁਰਦੁਆਰਾ ਸਾਹਿਬਾਨ ਤੋਂ

ਪ੍ਰਾਪਤ ਹੋਈ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਗੁਰਦੁਆਰਾ ਚਰਨਕੰਵਲ ਸਾਹਿਬ ਮਾਛੀਵਾੜਾ ਵਿਖੇ ੨੦੮, ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ੨੪੭, ਗੁਰਦੁਆਰਾ ਗਰਨਾ ਸਾਹਿਬ ਬੋਦਲ ਹੁਸ਼ਿਆਰ ਵਿਖੇ ੨੩੬, ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਵਿਖੇ ੧੩੮, ਗੁਰਦੁਆਰਾ ਸ੍ਰੀ ਭੱਠਾ ਸਾਹਿਬ ਰੋਪੜ ਵਿਖੇ ੧੭੮, ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ ਵਿਖੇ ੪੭੦, ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ੧੫੧ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ।

ਸ. ਬੇਦੀ ਨੇ ਦੱਸਿਆ ਕਿ ਇਸ ਇਤਿਹਾਸਕ ਪੁਰਬ ਮੌਕੇ ਪੰਜਾਬ ਤੋਂ ਇਲਾਵਾ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਵੀ ਅੰਮ੍ਰਿਤ ਸੰਚਾਰ ਕੀਤੇ ਗਏ। ਉਨ੍ਹਾਂ ਦੱਸਿਆ ਕਿ ਸਿੱਖ ਮਿਸ਼ਨ ਯੂ.ਪੀ. ਦੇ ਇੰਚਾਰਜ ਸ. ਬ੍ਰਿਜਪਾਲ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਿਲਾਸਪੁਰ ਵਿਖੇ ੧੬੮ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਸਿੱਖ ਮਿਸ਼ਨ ਹਰਿਆਣਾ ਦੇ ਇੰਚਾਰਜ ਭਾਈ ਮੰਗਪ੍ਰੀਤ ਸਿੰਘ ਅਨੁਸਾਰ ਕਪਾਲ ਮੋਚਨ ਵਿਖੇ ੧੬੪ ਪ੍ਰਾਣੀ, ਕਰਨਾਲ ਵਿਖੇ ੧੨੦, ਅਸੰਧ ਵਿਖੇ ੬੮, ਗੁਰਦੁਆਰਾ ਨਾਢਾ ਸਾਹਿਬ ਵਿਖੇ ੧੪੮ ਅਤੇ ਕੁਰੂਕਸ਼ੇਤਰ ਵਿਖੇ ੪੫ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਇਸੇ ਤਰ੍ਹਾਂ ਜੰਮੂ ਸਿੱਖ ਮਿਸ਼ਨ ਦੇ ਇੰਚਾਰਜ ਗਿਆਨੀ ਸਵਰਣ ਸਿੰਘ ਅਨੁਸਾਰ ਨੌਸ਼ਹਿਰਾ ਵਿਖੇ ੨੨੧ ਪ੍ਰਾਣੀ, ਉਤਰਾਖੰਡ ਮਿਸ਼ਨ ਦੇ ਇੰਚਾਰਜ ਸ. ਹਰਜਿੰਦਰ ਸਿੰਘ ਅਨੁਸਾਰ ਹਲਦਿਵਾਨੀ ਸ਼ਹਿਰ 'ਚ ੧੯ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਲੜ ਲੱਗੇ ਹਨ।

ਸ. ਬੇਦੀ ਨੇ ਦੱਸਿਆ ਕਿ ਖ਼ਾਲਸਾ ਸਾਜਣਾ ਦਿਵਸ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਗਏ ਜਥੇ ਨਾਲ ਭੇਜੇ ਪੰਜ ਪਿਆਰੇ ਸਾਹਿਬਾਨ ਵੱਲੋਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਰਾਵਲਪਿੰਡੀ ਵਿਖੇ ਕੀਤੇ ਅੰਮ੍ਰਿਤ ਸੰਚਾਰ ਦੌਰਾਨ ੧੦੧ ਪ੍ਰਾਣੀਆਂ ਨੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵੀ ਪੰਜਾਬ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ 'ਚ ਵੀ ਅੰਮ੍ਰਿਤ ਸੰਚਾਰ ਕੀਤੇ ਗਏ ਅਤੇ ਹਜ਼ਾਰਾਂ ਸੰਗਤਾਂ ਨੇ ਅੰਮ੍ਰਿਤ ਛਕ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ੧੬ ਅਪ੍ਰੈਲ

## ਗੁਰਪੁਰਬਾਂ ਸਮੇਂ ਸਜਾਏ ਜਾਂਦੇ ਜਲੌ

**ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌ ਸਜਾਏ ਜਾਂਦੇ ਹਨ, ਦੀਪਮਾਲਾ ਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:**

- **ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ**
- **ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ**
- **ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ**
- **ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ**
- **ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ**
- **ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**

**ਜਲੌ ਲੱਗਣ ਦਾ ਸਮਾਂ:**

**ਸਵੇਰੇ ੯ ਤੋਂ ੧੨ ਵਜੇ ਦੁਪਹਿਰ ਤੀਕ।**